ਬੁੱਧਵਾਰ, 1 ਅਕਤੂਬਰ, 2025
16 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 121

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 1 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12




## ਸੰਘ ਦੇ ਸਮਾਰੋਹ 'ਚ ਸ਼ਾਮਲ ਨਹੀਂ ਹੋਵਾਂਗੀ : ਕਮਲਤਾਈ

### ਚੀਫ ਜਸਟਿਸ ਦੀ ਮਾਤਾ ਦਾ ਬਿਆਨ : ਮੈਂ ਪੱਕੀ ਅੰਬੇਡਕਰਵਾਦੀ, ਸੱਦਾ ਪ੍ਰਵਾਨ ਕਰਨ ਦੀਆਂ ਖਬਰਾਂ ਫੈਲਾਉਣਾ ਸੰਘ ਦੀ ਸਾਜ਼ਿਸ਼

**ਨਵੀਂ ਦਿੱਲੀ** : ਭਾਰਤ ਦੇ ਚੀਫ ਜਸਟਿਸ ਬੀ ਆਰ ਗਵਈ ਦੀ ਮਾਤਾ ਕਮਲਤਾਈ ਗਵਈ ਨੇ ਕਿਹਾ ਕਿ ਉਹ ਪੰਜ ਅਕਤੂਬਰ ਨੂੰ ਮਹਾਰਾਸ਼ਟਰ ਦੇ ਅਮਰਾਵਤੀ ਵਿੱਚ ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਦੇ ਪ੍ਰੋਗਰਾਮ 'ਚ ਸ਼ਾਮਲ ਨਹੀਂ ਹੋਣਗੇ। (ਰਿਪੋਰਟਾਂ ਛਪੀਆਂ ਸਨ ਕਿ ਆਰ ਐੱਸ ਐੱਸ ਨੇ ਕਮਲਤਾਈ ਨੂੰ ਪ੍ਰੋਗਰਾਮ ਲਈ ਸੱਦਿਆ ਹੈ।) ਕਮਲਤਾਈ ਨੇ ਕਿਹਾ ਹੈ ਕਿ ਉਹ ਪੱਕੇ ਅੰਬੇਡਕਰਵਾਦੀ ਹਨ ਤੇ ਉਹ ਆਰ ਐੱਸ ਐੱਸ ਦੇ ਪ੍ਰੋਗਰਾਮ ਵਿੱਚ ਕਿਸੇ ਵੀ ਹਾਲਤ 'ਚ ਸ਼ਾਮਲ ਨਹੀਂ ਹੋਣਗੇ। ਆਰ ਐੱਸ ਐੱਸ ਦੇ ਅਮਰਾਵਤੀ ਮਹਾਂਨਗਰ ਯੂਨਿਟ ਨੇ ਕਿਰਨ ਨਗਰ ਦੇ ਸ੍ਰੀਮਤੀ ਨਰਸੰਮਾ ਮਹਾਂਵਿਦਿਆਲਿਆ ਮੈਦਾਨ 'ਚ ਵਿਜੇਦਸ਼ਮੀ ਦੇ ਮੁੱਖ ਮਹਿਮਾਨ ਵਜੋਂ ਕਮਲਤਾਈ ਗਵਈ ਨੂੰ ਸੱਦਿਆ ਸੀ। ਕਈ ਟੀ ਵੀ ਚੈਨਲਾਂ ਨੇ ਕਿਹਾ ਸੀ ਕਿ ਕਮਲਤਾਈ ਨੇ ਸੱਦਾ ਪ੍ਰਵਾਨ ਕਰ ਲਿਆ ਹੈ।



ਕਮਲਤਾਈ ਨੇ ਹੱਥ ਲਿਖਤ ਪੱਤਰ ਵਿੱਚ ਕਿਹਾ ਹੈ, 'ਹਾਲ ਹੀ ਵਿੱਚ ਆਰ ਐੱਸ ਐੱਸ ਦੇ ਅਮਰਾਵਤੀ ਪ੍ਰੋਗਰਾਮ ਵਿੱਚ ਮੇਰੇ ਸ਼ਾਮਲ ਹੋਣ ਬਾਰੇ ਛਪੀਆਂ ਖਬਰਾਂ ਕੋਰਾ ਝੂਠ ਹਨ। ਦਾਦਾ ਸਾਹਿਬ ਗਵਈ ਚੈਰੀਟੇਬਲ ਟਰੱਸਟ ਦੀ ਬਾਨੀ ਪ੍ਰਧਾਨ ਹੋਣ ਦੇ ਨਾਤੇ 'ਤੇ ਮੈਂ ਅੰਬੇਡਕਰੀ ਵਿਚਾਰਧਾਰਾ ਵਿੱਚ ਵਿਸ਼ਵਾਸ ਰੱਖਦੀ ਹਾਂ ਅਤੇ ਮੈਂ ਤੇ ਮੇਰਾ ਪਰਵਾਰ ਭਾਰਤ ਦੇ ਸੰਵਿਧਾਨ ਪ੍ਰਤੀ ਪ੍ਰਤੀਬੱਧ ਹਨ। ਮੈਂ ਆਰ ਐੱਸ ਐੱਸ ਦੇ ਅਮਰਾਵਤੀ ਪ੍ਰੋਗਰਾਮ ਵਿੱਚ ਕਿਸੇ ਵੀ ਸੂਰਤ 'ਚ ਸ਼ਾਮਲ ਨਹੀਂ ਹੋਵਾਂਗੀ।'

ਕਮਲਤਾਈ ਨੇ ਕਿਹਾ ਕਿ ਭਾਵੇਂ ਵਿਜੇ ਦਸ਼ਮੀ ਹਿੰਦੂ ਸੱਭਿਆਚਾਰ ਵਿੱਚ ਅਹਿਮ ਥਾਂ ਰੱਖਦੀ ਹੈ, ਪਰ ਉਨ੍ਹਾ ਤੇ ਕਈ ਹੋਰਨਾਂ ਅੰਬੇਡਕਰੀਆਂ ਲਈ ਅਸ਼ੋਕ ਵਿਜੇ ਦਸ਼ਮੀ (ਧੰਮਚੱਕਰ ਪਰਿਵਰਤਨ ਦਿਨ) ਵਧੇਰੇ ਅਹਿਮ ਹੈ। (ਬੋਧੀ ਕਲਿੰਗਾ ਦੀ ਜੰਗ ਤੋਂ ਬਾਅਦ ਹਿੰਸਾ ਤਿਆਗ ਕੇ ਬੁੱਧ ਧਰਮ ਅਪਣਾਉਣ ਵਾਲੇ ਸਮਰਾਟ ਅਸ਼ੋਕ ਦੀ ਯਾਦ ਵਿੱਚ ਅਸ਼ੋਕ ਵਿਜੇ ਦਸ਼ਮੀ ਮਨਾਉਂਦੇ ਹਨ।)

ਉਨ੍ਹਾ ਬਾਰੇ ਚਲਾਈਆਂ ਗਈਆਂ ਖਬਰਾਂ ਨੂੰ ਆਰ ਐੱਸ ਐੱਸ ਦਾ ਪ੍ਰਾਪੇਗੰਡਾ ਗਰਦਾਨਦਿਆਂ ਕਮਲਤਾਈ ਨੇ ਇਨ੍ਹਾਂ ਰਿਪੋਰਟਾਂ ਦੀ ਨਿੰਦਾ ਕੀਤੀ ਕਿ ਉਨ੍ਹਾ ਸੱਦਾ ਪ੍ਰਵਾਨ ਕਰ ਲਿਆ ਹੈ। ਉਨ੍ਹਾ ਕਿਹਾ, 'ਇਹ ਗਲਤ ਸੂਚਨਾ ਫੈਲਾਈ ਗਈ ਤੇ ਲੋਕ ਗੁੰਮਰਾਹ ਨਾ ਹੋਣ। ਅੰਬੇਡਕਰੀ ਲੋਕ ਮੇਰੇ ਵਿੱਚ ਭਰੋਸਾ ਰੱਖਣ। ਮੇਰੀ ਸਹਿਮਤੀ ਜਾਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਖਬਰਾਂ ਫੈਲਾਉਣਾ ਆਰ ਐੱਸ ਐੱਸ ਦੀ ਸਾਜ਼ਿਸ਼ ਹੈ। ਮੈਂ ਸੱਦਾ ਪ੍ਰਵਾਨ ਨਹੀਂ ਕੀਤਾ।'

ਦਰਅਸਲ ਇਸ ਮਾਮਲੇ 'ਚ ਘਚੋਲਾ ਮੰਗਲਵਾਰ ਸਵੇਰੇ ਉਦੋਂ ਵਧ ਗਿਆ ਸੀ, ਜਦੋਂ ਚੀਫ ਜਸਟਿਸ ਦੇ ਛੋਟੇ ਭਰਾ ਰਜਿੰਦਰ ਗਵਈ, ਜੋ ਸਿਆਸਤਦਾਨ ਤੇ ਡਾਕਟਰ ਹੈ, ਨੇ ਖਬਰ ਏਜੰਸੀ ਏ ਐੱਨ ਆਈ ਨੂੰ ਦੱਸਿਆ ਕਿ ਉਨ੍ਹਾ ਦੀ ਮਾਤਾ ਨੇ ਸੱਦਾ ਵਾਕਈ ਪ੍ਰਵਾਨ ਕੀਤਾ ਹੈ। ਉਸ ਨੇ ਕਿਹਾ, 'ਮੇਰੇ ਪਿਤਾ (ਆਰ ਐੱਸ ਗਵਈ) ਹਰ ਪਾਰਟੀ ਦੇ ਆਗੂਆਂ ਦੇ ਕਰੀਬੀ ਰਹੇ। ਉਹ ਇੰਦਰਾ ਗਾਂਧੀ ਤੇ ਅਟਲ ਬਿਹਾਰੀ ਵਾਜਪਾਈ ਦੇ ਕਰੀਬੀ ਰਹੇ ਤੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੇ ਰਹੇ। ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾ ਆਪਣੇ ਸਿਆਸੀ ਵਿਚਾਰਾਂ ਨਾਲ ਸਮਝੌਤਾ ਕੀਤਾ।'

• ਬਾਕੀ ਸਫਾ 2 'ਤੇ

## ਮਾਨ ਨੇ ਸ਼ਾਹ ਤੋਂ ਵਿਸ਼ੇਸ਼ ਪੈਕੇਜ ਮੰਗਿਆ

### ਅਨਾਜ ਖ਼ਰੀਦ ਦੇ ਮਾਪਦੰਡਾਂ 'ਚ ਢਿੱਲ ਦੇਣ ਦੀ ਅਪੀਲ

**ਨਵੀਂ ਦਿੱਲੀ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇ ਹਾਲ ਹੀ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਦੇ ਮੱਦੇਨਜ਼ਰ ਸੂਬੇ ਲਈ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ।



ਮੁੱਖ ਮੰਤਰੀ ਨੇ ਸ਼ਾਹ ਨਾਲ ਉਨ੍ਹਾ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ ਅਤੇ ਹੜ੍ਹ ਪੀੜਤਾਂ ਨੂੰ ਐੱਸ ਡੀ ਆਰ ਐੱਫ./ ਐੱਨ ਡੀ ਆਰ ਐੱਫ ਤੋਂ ਮੁਆਵਜ਼ਾ ਦਿਵਾਉਣ ਲਈ ਨਿਯਮਾਂ ਵਿੱਚ ਸੋਧ ਕਰਨ ਦੀ ਮੰਗ ਕੀਤੀ। ਉਨ੍ਹਾ ਕੇਂਦਰੀ ਗ੍ਰਹਿ ਮੰਤਰੀ ਨੂੰ ਦੱਸਿਆ ਕਿ ਪੰਜਾਬ ਨੇ ਦਹਾਕਿਆਂ ਬਾਅਦ ਆਪਣੇ ਸਭ ਤੋਂ ਭਿਆਨਕ ਹੜ੍ਹਾਂ ਵਿੱਚੋਂ ਇਕ ਦਾ ਸਾਹਮਣਾ ਕੀਤਾ ਹੈ, ਜਿਸ ਨਾਲ 2614 ਪਿੰਡਾਂ ਦੇ 20 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ, 6.87 ਲੱਖ ਲੋਕ ਬੇਘਰ ਹੋਏ ਹਨ।

ਉਹਨਾ ਕਿਹਾ ਕਿ ਨੁਕਸਾਨ ਦਾ ਮੁੱਢਲਾ ਅਨੁਮਾਨ 13,832 ਕਰੋੜ ਰੁਪਏ ਹੈ, ਜਿਸ ਵਿੱਚ ਖੇਤੀਬਾੜੀ, ਬੁਨਿਆਦੀ ਢਾਂਚਾ, ਸਿਹਤ, ਸਿੱਖਿਆ ਅਤੇ ਰੋਜ਼ੀ-ਰੋਟੀ ਦਾ ਨੁਕਸਾਨ ਸ਼ਾਮਲ ਹੈ। ਮੌਜੂਦਾ ਐੱਸ ਡੀ ਆਰ ਐੱਫ / ਐੱਨ ਡੀ ਆਰ ਐੱਫ ਮਾਪਦੰਡ ਨੁਕਸਾਨ ਦੇ ਅਸਲ ਪੈਮਾਨੇ ਦੀ ਪੂਰਤੀ ਲਈ ਨਾਕਾਫ਼ੀ ਹਨ। ਉਨ੍ਹਾ ਕਿਹਾ ਕਿ ਜਿੱਥੇ ਫਸਲਾਂ ਦਾ ਨੁਕਸਾਨ 33 ਫੀਸਦੀ ਅਤੇ ਇਸ ਤੋਂ ਵੱਧ ਹੈ, ਉੱਥੇ ਗ੍ਰਹਿ ਮੰਤਰਾਲੇ ਵੱਲੋਂ 6800 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣਾ ਬਣਦਾ ਹੈ। ਮਾਨ ਨੇ ਕਿਹਾ ਕਿ ਕਿਸਾਨਾਂ ਨੂੰ ਏਨਾ ਘੱਟ ਮੁਆਵਜ਼ਾ ਦੇਣਾ ਸਰਾਸਰ ਬੇਇਨਸਾਫ਼ੀ ਹੋਵੇਗੀ, ਕਿਉਂਕਿ ਫਸਲਾਂ ਲਗਭਗ ਤਿਆਰ ਸਨ। ਇਸ ਲਈ ਕਿਸਾਨਾਂ ਨੂੰ ਘੱਟੋ-ਘੱਟ 50,000 ਰੁਪਏ ਪ੍ਰਤੀ ਏਕੜ ਦਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਪਹਿਲਾਂ ਹੀ ਮੰਤਰਾਲੇ ਕੋਲ ਇਹ ਮੁੱਦਾ ਉਠਾ ਦਿੱਤਾ ਸੀ। ਉਨ੍ਹਾ ਦੱਸਿਆ ਕਿ ਹਾਲੇ ਤੱਕ ਇਸ ਦਾ ਕੋਈ ਜਵਾਬ ਨਹੀਂ ਮਿਲਿਆ, ਇਸ ਲਈ

• ਬਾਕੀ ਸਫਾ 2 'ਤੇ

## ਬਿਹਾਰ ਦੀ ਅੰਤਮ ਸੂਚੀ ਜਾਰੀ, 21.53 ਲੱਖ ਨਵੇਂ ਵੋਟਰ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ (ਐੱਸ ਆਈ ਆਰ) ਦੀ ਅੰਤਮ ਸੂਚੀ ਮੰਗਲਵਾਰ ਜਾਰੀ ਕਰ ਦਿੱਤੀ। ਇਸ ਸੂਚੀ ਅਨੁਸਾਰ ਬਿਹਾਰ ਵਿਚ ਰਜਿਸਟਰਡ ਵੋਟਰਾਂ ਦੀ ਗਿਣਤੀ 7.42 ਕਰੋੜ ਹੋ ਗਈ ਹੈ। ਚੋਣ ਕਮਿਸ਼ਨ ਨੇ ਕਿਹਾ ਕਿ 21.53 ਲੱਖ ਯੋਗ ਵੋਟਰਾਂ ਨੂੰ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਚੋਣ ਕਮਿਸ਼ਨ ਅਨੁਸਾਰ ਐੱਸ ਆਈ ਆਰ ਦੀ ਪ੍ਰਕਿਰਿਆ ਇਸ ਸਾਲ 25 ਜੂਨ ਨੂੰ ਸ਼ੁਰੂ ਕੀਤੀ ਗਈ ਸੀ। ਇਸ ਵਿਚ 7.89 ਕਰੋੜ ਰਜਿਸਟਰਡ ਵੋਟਰਾਂ ਤੋਂ ਮੁੜ ਫਾਰਮ ਭਰਵਾਏ ਗਏ ਸਨ।

ਇਸ ਤੋਂ ਬਾਅਦ ਪਹਿਲੀ ਅਗਸਤ ਨੂੰ ਸੂਚੀ ਜਾਰੀ ਕੀਤੀ ਗਈ, ਜਿਸ ਵਿਚ 65 ਲੱਖ ਵੋਟਰਾਂ ਦੇ ਨਾਂਅ ਕੱਟ ਦਿੱਤੇ ਗਏ ਸਨ। ਚੋਣ ਕਮਿਸ਼ਨ ਵੱਲੋਂ ਅੰਤਮ ਸੂਚੀ ਜਾਰੀ ਹੋਣ ਤੋਂ ਬਾਅਦ ਸੂਬੇ ਵਿਚ ਚੋਣ ਗਤੀਵਿਧੀਆਂ ਤੇਜ਼ ਹੋਣ ਦੀ ਸੰਭਾਵਨਾ ਹੈ।

## ਅਨਿਲ ਜੋਸ਼ੀ ਰਾਹੁਲ ਨੂੰ ਮਿਲੇ, ਅੱਜ ਹੋਣਗੇ ਕਾਂਗਰਸ 'ਚ ਸ਼ਾਮਲ

**ਅੰਮ੍ਰਿਤਸਰ** : ਮਾਝੇ ਦੀ ਸਿਆਸਤ ਵਿਚ ਵੱਡਾ ਫੇਰ-ਬਦਲ ਦੇਖਣ ਨੂੰ ਮਿਲ ਸਕਦਾ ਹੈ, ਕਿਉਂਕਿ ਸਾਬਕਾ ਮੰਤਰੀ ਪੰਜਾਬ ਅਨਿਲ ਜੋਸ਼ੀ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਜਾ ਰਹੇ ਹਨ। ਇਸ ਸੰਬੰਧ ਵਿਚ ਜੋਸ਼ੀ ਵੱਲੋਂ ਦਿੱਲੀ ਵਿਖੇ ਪਿਛਲੇ ਦਿਨੀਂ ਰਾਹੁਲ ਗਾਂਧੀ ਨਾਲ ਮੁਲਾਕਾਤ ਵੀ ਕੀਤੀ ਗਈ ਸੀ ਅਤੇ ਬੁੱਧਵਾਰ ਸਵੇਰੇ ਚੰਡੀਗੜ੍ਹ ਵਿਚ ਹੋਣ ਜਾ ਰਹੀ ਪੰਜਾਬ ਕਾਂਗਰਸ ਦੀ ਅਹਿਮ ਮੀਟਿੰਗ ਵਿਚ ਜੋਸ਼ੀ ਨੂੰ ਕਾਂਗਰਸ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ।



ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਦੀ ਸਰਕਾਰ ਵੇਲੇ ਅੰਮ੍ਰਿਤਸਰ ਦੇ ਉੱਤਰੀ ਹਲਕੇ ਤੋਂ ਜੋਸ਼ੀ ਵਿਧਾਇਕ ਬਣੇ ਸਨ ਅਤੇ ਉਨ੍ਹਾ ਨੂੰ ਮੰਤਰੀ ਮੰਡਲ ਵਿਚ ਵੀ ਸ਼ਾਮਲ ਕੀਤਾ ਗਿਆ ਸੀ। ਭਾਜਪਾ ਵਲੋਂ ਅਨਿਲ ਜੋਸ਼ੀ ਨੂੰ ਪਾਰਟੀ 'ਚੋਂ ਕੱਢਣ ਤੋਂ ਬਾਅਦ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਅਕਾਲੀ ਦਲ ਦੀ ਸੀਟ ਤੋਂ ਹਾਰਨ ਤੋਂ ਬਾਅਦ ਉਨ੍ਹਾ ਪਿਛਲੇ ਸਾਲ ਹੀ ਅਕਾਲੀ ਦਲ ਤੋਂ ਅਸਤੀਫ਼ਾ ਦੇ ਦਿੱਤਾ ਸੀ।

## ਵਿੱਤ ਕਮਿਸ਼ਨ ਦੇ ਚੇਅਰਮੈਨ ਤੋਂ ਵਿਸ਼ੇਸ਼ ਪੁਨਰਵਾਸ ਪੈਕੇਜ ਦੀ ਕੀਤੀ ਮੰਗ

**ਨਵੀਂ ਦਿੱਲੀ** : ਪੰਜਾਬ ਸਰਕਾਰ ਦੇ ਇੱਕ ਉੱਚ ਪੱਧਰੀ ਵਫ਼ਦ, ਜਿਸ ਵਿੱਚ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਮੁੱਖ ਸਕੱਤਰ ਕੇ ਏ ਪੀ ਸਿਨਹਾ ਅਤੇ ਗ੍ਰਹਿ ਅਤੇ ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ ਸ਼ਾਮਲ ਸਨ, ਨੇ ਮੰਗਲਵਾਰ 16ਵੇਂ ਵਿੱਤ ਕਮਿਸ਼ਨ ਦੇ ਚੇਅਰਮੈਨ ਡਾ. ਅਰਵਿੰਦ ਪਨਗੜ੍ਹੀਆ ਨਾਲ ਮੁਲਾਕਾਤ ਕੀਤੀ ਅਤੇ ਸੂਬੇ 'ਚ ਹਾਲ ਹੀ ਵਿੱਚ ਆਏ ਦਹਾਕਿਆਂ ਦੇ ਸਭ ਤੋਂ ਭਿਆਨਕ ਹੜ੍ਹਾਂ, ਜਿਸ ਕਾਰਨ ਫਸਲਾਂ, ਘਰਾਂ ਅਤੇ ਬੁਨਿਆਦੀ ਢਾਂਚੇ ਨੂੰ 20,000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ, ਦਾ ਹਵਾਲਾ ਦਿੰਦਿਆਂ ਸੂਬੇ ਲਈ ਵਿਸ਼ੇਸ਼ ਲੰਬੇ ਸਮੇਂ ਦੇ ਪੁਨਰਵਾਸ ਪੈਕੇਜ ਵਾਸਤੇ ਜ਼ੋਰਦਾਰ ਢੰਗ ਨਾਲ ਕੇਸ ਪੇਸ਼ ਕੀਤਾ। ਚੀਮਾ ਨੇ ਇਸ ਮੌਕੇ ਇੱਕ ਮੋਹਰੀ ਸਰਹੱਦੀ ਸੂਬੇ ਵਜੋਂ ਵਿਲੱਖਣ ਸਥਿਤੀ, ਹਾਲੀਆ ਕੁਦਰਤੀ ਆਫ਼ਤਾਂ ਅਤੇ ਵਸਤੂਆਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਪ੍ਰਣਾਲੀ ਵਿੱਚ ਤਬਦੀਲੀ ਤੋਂ ਪੈਦਾ ਹੋਏ ਢਾਂਚਾਗਤ ਨੁਕਸਾਨਾਂ ਕਾਰਨ ਪੰਜਾਬ ਦੇ ਵਿੱਤ 'ਤੇ ਪਏ ਭਾਰੀ ਦਬਾਅ ਦਾ ਵਿਸਥਾਰ ਵਿੱਚ ਵਰਨਣ ਕੀਤਾ। ਵਿੱਤ ਮੰਤਰੀ ਨੇ ਰਾਜ ਆਫ਼ਤ ਪ੍ਰਬੰਧਨ ਫੰਡ (ਐਸ ਡੀ ਆਰ ਐਫ) ਦੇ ਨਿਯਮਾਂ ਵਿੱਚ ਸੁਧਾਰ ਦੀ ਤੁਰੰਤ ਲੋੜ 'ਤੇ ਜ਼ੋਰ ਦਿੰਦਿਆਂ ਚਰਚਾ ਦੀ ਸ਼ੁਰੂਆਤ ਕੀਤੀ। ਵਿੱਤ ਮੰਤਰੀ ਨੇ ਕਿਹਾ ਕਿ ਮੌਜੂਦਾ ਐਸ ਡੀ ਆਰ ਐਫ ਨਿਯਮ ਬਹੁਤ ਜ਼ਿਆਦਾ ਪਾਬੰਦੀਆਂ ਵਾਲੇ ਅਤੇ ਸਖ਼ਤ ਸਾਬਤ ਹੋਏ ਹਨ, ਜੋ ਸਮੇਂ ਸਿਰ ਅਤੇ ਢੁਕਵੀਂ ਰਾਹਤ



• ਬਾਕੀ ਸਫਾ 2 'ਤੇ



ਵਾਸ਼ਿੰਗ ਮਸ਼ੀਨ ਖਰਾਬ ਹੋਣ ਤੋਂ ਬਾਅਦ ਘੁਮਾਰ ਨੇ ਉਸ ਦੀ ਸਹੀ-ਸਲਾਮਤ ਮੋਟਰ ਨੂੰ ਭਾਂਡੇ ਬਣਾਉਣ ਲਈ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ।

## ਪ੍ਰਧਾਨ ਮੰਤਰੀ ਨੇ ਲੱਦਾਖ ਦੇ ਲੋਕਾਂ ਨਾਲ ਧੋਖਾ ਕੀਤਾ : ਰਾਹੁਲ

**ਨਵੀਂ ਦਿੱਲੀ** : ਕਾਂਗਰਸ ਦੇ ਚੋਟੀ ਦੇ ਆਗੂਆਂ ਨੇ ਮੰਗਲਵਾਰ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੱਦਾਖ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਰਾਹੁਲ ਗਾਂਧੀ ਨੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਪੁਲਸ ਫਾਇਰਿੰਗ 'ਚ 4 ਪ੍ਰਦਰਸ਼ਨਕਾਰੀਆਂ ਦੀ ਮੌਤ ਦੀ ਨਿਆਂਇਕ ਜਾਂਚ ਦੀ ਵੀ ਮੰਗ ਕੀਤੀ ਹੈ।

ਬੁੱਧਵਾਰ ਲੱਦਾਖ ਵਿੱਚ ਮਾਰੇ ਗਏ ਲੋਕਾਂ ਵਿੱਚ ਕਾਰਗਿਲ ਜੰਗ ਦੇ ਸਾਬਕਾ ਫੌਜੀ ਤਸੇਵਾਂਗ ਥਾਰਚਿਨ ਵੀ ਸ਼ਾਮਿਲ ਸਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਗਾਂਧੀ ਦੋਵਾਂ ਨੇ ਆਪਣੀਆਂ ਸੋਸ਼ਲ ਮੀਡੀਆ ਪੋਸਟਾਂ ਨੂੰ ਉਸ ਦੀ ਮੌਤ ਦੇ ਦੁਆਲੇ ਕੇਂਦਰਤ ਕੀਤਾ। ਖੜਗੇ ਨੇ ਥਾਰਚਿਨ ਦੇ ਪਿਤਾ ਦਾ ਇੱਕ ਵੀਡੀਓ ਐੱਕਸ 'ਤੇ ਪੋਸਟ ਕੀਤਾ ਅਤੇ ਕਿਹਾ ਕਿ ਲੱਦਾਖ ਦਾ ਦੁੱਖ ਪੂਰੇ ਦੇਸ਼ ਦਾ ਦੁੱਖ ਹੈ। ਖੜਗੇ ਨੇ ਕਿਹਾ, 'ਸ਼ਹੀਦ ਤਸੇਵਾਂਗ ਥਾਰਚਿਨ ਨੇ ਕਾਰਗਿਲ ਜੰਗ ਵਿੱਚ ਮਾਂ ਭਾਰਤ ਪ੍ਰਤੀ ਆਪਣਾ ਫਰਜ਼ ਨਿਭਾਇਆ...ਬਦਲੇ ਵਿੱਚ ਉਸ ਨੂੰ ਕੀ ਮਿਲਿਆ? ਲੱਦਾਖ ਵਿੱਚ ਮੋਦੀ ਸਰਕਾਰ ਦੀ ਗੋਲੀ! ਪਿਤਾ ਵੀ ਫੌਜ ਵਿੱਚ ਸਨ, ਪੁੱਤਰ ਵੀ ਫੌਜ ਵਿੱਚ ਸੀ।' ਉਨ੍ਹਾਂ ਕਿਹਾ, "ਜਦੋਂ ਗਲਵਾਨ ਵਿੱਚ ਐੱਲ ਏ ਸੀ 'ਤੇ ਸਾਡੇ 20 ਬਹਾਦਰ ਜਵਾਨਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਤਾਂ ਮੋਦੀ ਜੀ ਨੇ ਖੁਦ ਚੀਨ ਨੂੰ 'ਕਲੀਨ ਚਿੱਟ' ਦਿੱਤੀ! ਜੇਕਰ ਉਨ੍ਹਾ ਨੂੰ ਉਦੋਂ ਸਾਡੇ ਬਹਾਦਰ ਜਵਾਨਾਂ ਦੀ ਬਹਾਦਰੀ ਯਾਦ ਨਹੀਂ ਰਹੀ, ਤਾਂ ਹੁਣ ਵੀ ਮੌਕਾ ਹੈ, ਜੋ ਚੀਨ ਨੂੰ 'ਕਲੀਨ ਚਿੱਟ' ਦੇ ਸਕਦੇ ਹਨ, ਉਹ ਸਾਡੇ ਤਸੇਵਾਂਗ ਥਾਰਚਿਨ ਵਰਗੇ ਬਹਾਦਰ ਜਵਾਨਾਂ ਦੀ ਸ਼ਹਾਦਤ ਦਾ ਕੀ ਸਤਿਕਾਰ ਕਰਨਗੇ।" ਖੜਗੇ ਨੇ ਦਾਅਵਾ ਕੀਤਾ ਕਿ ਇਹ ਭਾਜਪਾ ਦਾ ਖੋਖਲਾ ਰਾਸ਼ਟਰਵਾਦ ਹੈ। ਦੱਖਣੀ ਅਮਰੀਕਾ ਦੇ ਚਾਰ ਦੇਸ਼ਾਂ ਦੇ ਦੌਰੇ 'ਤੇ ਗਏ ਰਾਹੁਲ ਨੇ ਵੀ ਥਾਰਚਿਨ ਦੇ ਪਿਤਾ ਦਾ ਉਹੀ ਵੀਡੀਓ ਪੋਸਟ ਕੀਤਾ ਅਤੇ ਕਿਹਾ, 'ਪਿਤਾ ਫੌਜ ਵਿੱਚ, ਪੁੱਤਰ ਫੌਜ ਵਿੱਚ ਦੇਸ਼ ਭਗਤੀ ਉਨ੍ਹਾਂ ਦੇ ਖ਼ੂਨ ਵਿੱਚ ਹੈ। ਫਿਰ ਵੀ ਭਾਜਪਾ ਸਰਕਾਰ ਨੇ ਦੇਸ਼ ਦੇ ਇਸ ਬਹਾਦਰ ਪੁੱਤਰ ਨੂੰ ਸਿਰਫ਼ ਇਸ ਲਈ ਗੋਲੀ ਮਾਰ ਕੇ ਮਾਰ ਦਿੱਤਾ, ਕਿਉਂਕਿ ਉਹ ਲੱਦਾਖ ਅਤੇ ਆਪਣੇ ਹੱਕਾਂ ਲਈ ਖੜ੍ਹਾ ਹੋਇਆ ਸੀ।' ਉਨ੍ਹਾਂ ਨਾਲ ਗੱਲਬਾਤ ਕਰੋ, ਹਿੰਸਾ ਅਤੇ ਡਰ ਦੀ ਰਾਜਨੀਤੀ ਬੰਦ ਕਰੋ।

## 'ਆਪਦਾ 'ਚ ਅਵਸਰ' ਲੱਭ ਰਹੇ ਸਨ ਬਾਜਵਾ : ਨੀਲ ਗਰਗ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਦਿੱਤੇ ਗਏ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਗਰਗ ਨੇ ਕਿਹਾ ਕਿ ਜਦੋਂ ਪੰਜਾਬ ਹੜ੍ਹਾਂ ਦੀ ਸਦੀ ਦੀ ਸਭ ਤੋਂ ਵੱਡੀ ਤ੍ਰਾਸਦੀ ਦਾ ਸਾਹਮਣਾ ਕਰ ਰਿਹਾ ਸੀ, ਉਦੋਂ ਬਾਜਵਾ ਜੀ ਲੋਕਾਂ ਨਾਲ ਖੜ੍ਹਨ ਦੀ ਬਜਾਏ ਆਪਣੇ ਨਿੱਜੀ ਵਪਾਰਕ ਹਿੱਤਾਂ ਦੀ ਪੂਰਤੀ ਲ ਈ



• ਬਾਕੀ ਸਫਾ 2 'ਤੇ

## ਹਰਦੀਪ ਮੁੰਡੀਆਂ ਤੇ ਭੁੱਲਰ ਵੱਲੋਂ 'ਮੇਰਾ ਘਰ, ਮੇਰਾ ਮਾਣ' ਸਕੀਮ ਦੀ ਸ਼ੁਰੂਆਤ



**ਤਰਨ ਤਾਰਨ** : ਕੈਬਨਿਟ ਮੰਤਰੀ ਪੰਜਾਬ ਸ. ਹਰਦੀਪ ਸਿੰਘ ਮੁੰਡੀਆਂ ਅਤੇ ਸ. ਲਾਲਜੀਤ ਸਿੰਘ ਭੁੱਲਰ ਨੇ ਮੰਗਲਵਾਰ ਜ਼ਿਲਾ ਤਰਨ ਤਾਰਨ ਤੋਂ "ਮੇਰਾ ਘਰ, ਮੇਰਾ ਮਾਣ" ਸਕੀਮ ਦੀ ਸ਼ੁਰੂਆਤ ਕੀਤੀ ਅਤੇ ਲਾਲ ਲਕੀਰ ਦੇ ਅੰਦਰ ਆਉਂਦੀ ਜ਼ਮੀਨ/ਜਾਇਦਾਦ ਦੇ ਮਾਲਕਾਨਾ ਹੱਕ ਪ੍ਰਾਪਤ ਕਰਨ ਵਾਲੇ ਹਲਕਾ ਤਰਨ ਤਾਰਨ ਦੇ 11 ਪਿੰਡਾਂ ਦੇ ਲਾਭਪਾਤਰੀਆਂ ਨੂੰ ਪ੍ਰਾਪਰਟੀ ਕਾਰਡ ਵੰਡੇ। ਇਸ ਮੌਕੇ ਹਲਕਾ ਇੰਚਾਰਜ ਤਰਨ ਤਾਰਨ ਸ੍ਰੀ ਹਰਮੀਤ ਸਿੰਘ ਸੰਧੂ ਤੋਂ ਇਲਾਵਾ ਹੋਰ ਪਤਵੰਤੇ ਅਤੇ ਵੱਖ-ਵੱਖ ਪਿੰਡਾਂ ਤੋਂ ਆਏ ਲਾਭਪਾਤਰੀ ਵੀ ਹਾਜ਼ਰ ਸਨ। ਇਸ ਮੌਕੇ ਮੁੰਡੀਆਂ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ ਕਿਉਂਕਿ ਅਸੀਂ ਸੰਪਤੀ ਦੇ ਅਧਿਕਾਰ ਵੰਡ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ

• ਬਾਕੀ ਸਫਾ 2 'ਤੇ

## 54 ਪ੍ਰਾਈਵੇਟ 'ਵਰਸਿਟੀਆਂ ਡਿਫਾਲਟਰ, ਬਹੁਤੀਆਂ ਭਾਜਪਾ ਰਾਜਾਂ ਦੀਆਂ

**ਨਵੀਂ ਦਿੱਲੀ** : ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਰਾਜਾਂ ਦੀਆਂ ਘੱਟੋ-ਘੱਟ 54 ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਯੂ ਜੀ ਸੀ ਐਕਟ, 1956 ਦੀ ਧਾਰਾ 13 ਤਹਿਤ ਲਾਜ਼ਮੀ ਜਾਣਕਾਰੀ ਜਮ੍ਹਾਂ ਨਾ ਕਰਵਾਉਣ ਅਤੇ ਆਪਣੀ ਵੈੱਬਸਾਈਟ 'ਤੇ ਜਨਤਕ ਖੁਲਾਸੇ ਨਾ ਕਰਨ ਲਈ ਡਿਫਾਲਟਰ ਐਲਾਨ ਦਿੱਤਾ ਹੈ। ਡਿਫਾਲਟਰ ਐਲਾਨੀਆਂ ਯੂਨੀਵਰਸਿਟੀਆਂ ਦੀ ਸੂਚੀ ਵਿਚ 10 'ਵਰਸਿਟੀਆਂ ਨਾਲ ਮੱਧ ਪ੍ਰਦੇਸ਼ ਅੱਵਲ ਨੰਬਰ 'ਤੇ ਹੈ। ਇਸ ਤੋਂ ਬਾਅਦ ਗੁਜਰਾਤ, ਸਿੱਕਮ ਅਤੇ ਉੱਤਰਾਖੰਡ ਦੀਆਂ ਕ੍ਰਮਵਾਰ ਅੱਠ, ਪੰਜ ਅਤੇ ਚਾਰ ਅਜਿਹੀਆਂ ਸੰਸਥਾਵਾਂ ਹਨ। ਯੂ ਜੀ ਸੀ ਨੇ ਈ-ਮੇਲਾਂ ਅਤੇ ਆਨਲਾਈਨ ਮੀਟਿੰਗਾਂ ਰਾਹੀਂ ਕਈ ਯਾਦ ਪੱਤਰਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਯੂਨੀਵਰਸਿਟੀਆਂ ਨੂੰ ਰਜਿਸਟਰਾਰ ਦੁਆਰਾ ਪ੍ਰਮਾਣਿਤ ਸਹਾਇਕ ਦਸਤਾਵੇਜ਼ਾਂ ਦੇ ਨਾਲ ਨਿਰੀਖਣ ਦੇ ਉਦੇਸ਼ਾਂ ਲਈ ਵਿਸਤ੍ਰਿਤ ਜਾਣਕਾਰੀ ਜਮ੍ਹਾਂ ਕਰਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਯੂ ਜੀ ਸੀ ਦੇ ਸਕੱਤਰ ਮਨੀਸ਼ ਜੋਸ਼ੀ ਨੇ ਕਿਹਾ—ਉਨ੍ਹਾਂ ਨੂੰ ਇਹ ਵੀ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ ਭਰੇ ਹੋਏ ਫਾਰਮੈਟ ਅਤੇ ਅੰਤਿਕਾ ਨੂੰ ਆਪਣੀ ਵੈੱਬਸਾਈਟ ਦੇ ਹੋਮ ਪੇਜ 'ਤੇ ਇੱਕ ਲਿੰਕ ਦੇ ਕੇ ਅਪਲੋਡ ਕਰਨ, ਤਾਂ ਜੋ ਜਾਣਕਾਰੀ ਵਿਦਿਆਰਥੀਆਂ ਅਤੇ ਆਮ ਲੋਕਾਂ ਲਈ ਪਹੁੰਚਯੋਗ ਹੋਵੇ। ਇਸ ਤੋਂ ਬਾਅਦ ਈ-ਮੇਲਾਂ ਅਤੇ ਆਨਲਾਈਨ ਮੀਟਿੰਗਾਂ ਰਾਹੀਂ ਕਈ ਯਾਦ-ਪੱਤਰ ਵੀ ਦਿੱਤੇ ਗਏ ਸਨ। ਯੂ ਜੀ ਸੀ ਨੇ ਡਿਫਾਲਟਰ ਯੂਨੀਵਰਸਿਟੀਆਂ ਦੀ ਸੂਚੀ ਜਾਰੀ ਕਰਕੇ ਉਨ੍ਹਾਂ ਨੂੰ ਤੁਰੰਤ ਸੁਧਾਰਾਤਮਕ ਕਦਮ ਚੁੱਕਣ ਦੀ ਚੇਤਾਵਨੀ ਦਿੱਤੀ ਹੈ।

## ਵਾਂਗਚੁਕ ਦੀ ਬਿਨਾਂ ਸ਼ਰਤ ਰਿਹਾਈ ਤੱਕ ਕੋਈ ਗੱਲਬਾਤ ਨਹੀਂ : ਕੇ ਡੀ ਏ

**ਨਵੀਂ ਦਿੱਲੀ** : ਕਾਰਗਿਲ ਡੈਮੋਕਰੇਟਿਕ ਅਲਾਇੰਸ (ਕੇ ਡੀ ਏ) ਨੇ ਐਪੈਕਸ ਬਾਡੀ ਲੇਹ (ਏ ਬੀ ਐੱਲ) ਦੇ ਸਟੈਂਡ ਨੂੰ ਦੁਹਰਾਉਂਦਿਆਂ ਮੰਗਲਵਾਰ ਕਿਹਾ ਕਿ ਉਹ ਕੇਂਦਰ ਨਾਲ ਗੱਲਬਾਤ ਵਿੱਚ ਉਦੋਂ ਤੱਕ ਸ਼ਾਮਲ ਨਹੀਂ ਹੋਵੇਗਾ, ਜਦੋਂ ਤੱਕ ਲੇਹ ਵਿੱਚ ਗ੍ਰਿਫ਼ਤਾਰ ਕੀਤੇ ਗਏ ਵਾਤਾਵਰਨ ਕਾਰਕੁਨ ਸੋਨਮ ਵਾਂਗਚੁਕ ਅਤੇ ਹੋਰਨਾਂ ਨੂੰ ਬਿਨਾਂ ਸ਼ਰਤ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਗੋਲੀਬਾਰੀ ਦੀ ਨਿਆਂਇਕ ਜਾਂਚ ਦੇ ਹੁਕਮ ਨਹੀਂ ਦਿੱਤੇ ਜਾਂਦੇ। ਕੇ ਡੀ ਏ ਦੇ ਸਹਿ ਚੇਅਰਮੈਨ ਅਸਗਰ ਅਲੀ ਕਰਬਾਲਈ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 24 ਸਤੰਬਰ ਨੂੰ ਲੇਹ ਵਿੱਚ ਬੰਦ ਦੌਰਾਨ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਗੋਲੀਬਾਰੀ ਦੀ ਨਿਆਂਇਕ ਜਾਂਚ ਵੀ ਮੰਗੀ। ਕੇ ਡੀ ਏ ਕਾਰਗਿਲ ਨਾਲ ਸੰਬੰਧਤ ਆਗੂਆਂ ਦੀ ਸੰਸਥਾ ਹੈ, ਜੋ ਲੱਦਾਖ ਨੂੰ ਵੱਖਰੇ ਰਾਜ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਐਪੈਕਸ ਬਾਡੀ ਲੇਹ ਨਾਲ ਮਿਲ ਕੇ ਕੇਂਦਰ ਨਾਲ ਗੱਲਬਾਤ ਕਰ ਰਹੀ ਹੈ। ਕਰਬਾਲਈ ਨੇ ਕਿਹਾ, 'ਅਸੀਂ ਐਪੈਕਸ ਬਾਡੀ ਲੇਹ ਦੇ ਲਗਾਤਾਰ ਸੰਪਰਕ ਵਿੱਚ ਹਾਂ... ਅਸੀਂ ਕੇਂਦਰ ਨਾਲ ਗੱਲਬਾਤ ਵਿੱਚ ਉਦੋਂ ਤੱਕ ਸ਼ਾਮਲ ਨਹੀਂ ਹੋਵਾਂਗੇ, ਜਦੋਂ ਤੱਕ ਸੋਨਮ ਵਾਂਗਚੁਕ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਗ੍ਰਿਫ਼ਤਾਰੀਆਂ ਨੂੰ ਰੋਕਿਆ ਨਹੀਂ ਜਾਂਦਾ, ਗ੍ਰਿਫ਼ਤਾਰ ਲੋਕਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਨਿਆਂਇਕ ਜਾਂਚ ਦਾ ਹੁਕਮ ਨਹੀਂ ਦਿੱਤਾ ਜਾਂਦਾ।'

ਕੇ ਡੀ ਏ ਆਗੂ ਨੇ ਕਿਹਾ—ਅਸੀਂ ਭਾਰਤ ਸਰਕਾਰ ਨੂੰ ਦੱਸਣਾ ਚਾਹੁੰਦੇ ਹਾਂ ਕਿ ਸਾਨੂੰ ਕਿਸੇ ਤੋਂ ਸਰਟੀਫਿਕੇਟ ਦੀ ਲੋੜ ਨਹੀਂ। ਅਸੀਂ ਦੇਸ਼ ਲਈ ਆਪਣੀਆਂ ਜਾਨਾਂ ਦਿੱਤੀਆਂ ਹਨ। ਲੱਦਾਖੀਆਂ ਨੂੰ ਦੇਸ਼ ਵਿਰੋਧੀ ਦੱਸਣਾ ਬੰਦ ਕੀਤਾ ਜਾਵੇ। ਲੱਦਾਖ ਤੋਂ ਸੰਸਦ ਮੈਂਬਰ ਮੁਹੰਮਦ ਹਨੀਫਾ ਨੇ ਵੀ ਕਿਹਾ ਕਿ ਸਥਾਨਕ ਲੋਕ ਉਨ੍ਹਾਂ ਲਈ ਵਰਤੇ ਜਾ ਰਹੇ ਨਿੰਦਣਯੋਗ ਸ਼ਬਦ ਤੋਂ ਨਾਰਾਜ਼ ਹਨ। ਐਪੈਕਸ ਬਾਡੀ ਲੇਹ ਨੇ ਸੋਮਵਾਰ ਨੂੰ ਐਲਾਨ ਕੀਤਾ ਸੀ ਕਿ ਉਹ ਵਾਂਗਚੁਕ ਦੀ ਬਿਨਾਂ ਸ਼ਰਤ ਰਿਹਾਈ ਤੇ ਪੁਲਸ ਗੋਲੀਬਾਰੀ ਦੀ ਨਿਆਂਇਕ ਜਾਂਚ ਤੱਕ ਕੇਂਦਰ ਨਾਲ ਕੋਈ ਗੱਲਬਾਤ ਨਹੀਂ ਕਰੇਗੀ। ਲੇਹ ਵਿਚ 24 ਸਤੰਬਰ ਨੂੰ ਪ੍ਰਦਰਸ਼ਨਕਾਰੀਆਂ ਤੇ ਸੁਰੱਖਿਆ ਬਲਾਂ ਵਿਚ ਹੋਈਆਂ ਝੜਪਾਂ ਵਿਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ, ਜਦੋਂ ਕਿ 50 ਤੋਂ ਵੱਧ ਵਿਅਕਤੀਆਂ ਨੂੰ ਕਥਿਤ ਦੰਗਿਆਂ ਵਿਚ ਸ਼ਮੂਲੀਅਤ ਦੇ ਦੋਸ਼ ਵਿਚ ਹਿਰਾਸਤ 'ਚ ਲੈ ਲਿਆ ਗਿਆ ਸੀ। ਅੰਦੋਲਨ ਦੇ ਮੁੱਖ ਚਿਹਰੇ ਸੋਨਮ ਵਾਂਗਚੁਕ ਨੂੰ ਕੌਮੀ ਸੁਰੱਖਿਆ ਐਕਟ ਤਹਿਤ ਹਿਰਾਸਤ ਵਿਚ ਲੈ ਕੇ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿਚ ਰੱਖਿਆ ਗਿਆ ਹੈ। ਇਸੇ ਦੌਰਾਨ ਲੇਹ ਵਿਚ ਪਿਛਲੇ ਇਕ ਹਫ਼ਤੇ ਤੋਂ ਜਾਰੀ ਕਰਫਿਊ ਵਿਚ ਮੰਗਲਵਾਰ ਸਵੇਰੇ 10 ਵਜੇ ਤੋਂ ਚਾਰ ਘੰਟਿਆਂ ਲਈ ਛੋਟ ਦਿੱਤੀ ਗਈ।

## ਚੈਤਨਯਾਨੰਦ ਸਰਸਵਤੀ ਦੇ ਫ਼ੋਨ 'ਚ ਔਰਤਾਂ ਨਾਲ ਤਸਵੀਰਾਂ ਮਿਲੀਆਂ

**ਨਵੀਂ ਦਿੱਲੀ** : ਇੱਕ ਨਿੱਜੀ ਸੰਸਥਾਨ ਵਿੱਚ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਚੈਤਨਯਾਨੰਦ ਸਰਸਵਤੀ ਨੂੰ ਮੰਗਲਵਾਰ ਉਸ ਦੀਆਂ ਦੋ ਮਹਿਲਾ ਸਹਾਇਕਾਂ ਨਾਲ ਆਹਮੋ-ਸਾਹਮਣੇ ਕਰਵਾਇਆ ਗਿਆ। ਇਨ੍ਹਾਂ ਸਹਾਇਕਾਂ 'ਤੇ ਕਥਿਤ ਤੌਰ 'ਤੇ ਪੀੜਤਾਂ ਨੂੰ ਧਮਕਾਉਣ ਅਤੇ ਉਸ ਦੇ ਅਸ਼ਲੀਲ ਸੰਦੇਸ਼ਾਂ ਨੂੰ ਮਿਟਾਉਣ ਲਈ ਮਜਬੂਰ ਕਰਨ ਦਾ ਦੋਸ਼ ਹੈ। ਪੁਲਸ ਨੂੰ 62 ਸਾਲਾ ਸਰਸਵਤੀ ਦੇ ਫ਼ੋਨ ਵਿਚ ਕਈ ਔਰਤਾਂ ਨਾਲ ਵਾਰਤਾਲਾਪ ਦੇ ਸੰਦੇਸ਼ ਲੱਭੇ ਹਨ, ਜਿਨ੍ਹਾਂ ਵਿੱਚ ਉਸ ਨੇ ਉਨ੍ਹਾਂ ਨੂੰ ਝੂਠੇ ਵਾਅਦਿਆਂ ਨਾਲ ਲੁਭਾਉਣ ਦੀ ਕੋਸ਼ਿਸ਼ ਕੀਤੀ ਹੈ। ਅਧਿਕਾਰੀ ਨੇ ਦੱਸਿਆ ਕਿ ਉਸ ਦੇ ਫ਼ੋਨਾਂ ਵਿੱਚ ਏਅਰ ਹੋਸਟੈੱਸਾਂ ਨਾਲ ਉਸ ਦੀਆਂ ਕਈ ਤਸਵੀਰਾਂ ਅਤੇ ਔਰਤਾਂ ਦੀਆਂ ਡਿਸਪਲੇ ਤਸਵੀਰਾਂ ਦੇ ਸਕਰੀਨ ਸ਼ਾਰਟ ਵੀ ਮਿਲੇ ਹਨ। ਅਧਿਕਾਰੀ ਨੇ ਦੱਸਿਆ ਕਿ ਸਰਸਵਤੀ ਜਾਂਚ ਵਿੱਚ ਸਹਿਯੋਗ ਨਹੀਂ ਕਰ ਰਿਹਾ ਅਤੇ ਲਗਾਤਾਰ ਪੁੱਛਗਿੱਛ ਕਰਨ ਵਾਲਿਆਂ ਨੂੰ ਗੁੰਮਰਾਹ ਕਰ ਰਿਹਾ ਹੈ। ਉਨ੍ਹਾ ਕਿਹਾ, 'ਉਸ ਨੇ ਆਪਣੇ ਕੰਮਾਂ ਲਈ ਕੋਈ ਪਛਤਾਵਾ ਨਹੀਂ ਦਿਖਾਇਆ ਅਤੇ ਟਾਲਮਟੋਲ ਵਾਲੇ ਜਵਾਬ ਦੇ ਰਿਹਾ ਹੈ। ਉਸ ਦੀਆਂ ਦੋ ਮਹਿਲਾ ਸਹਿਯੋਗੀ, ਜੋ ਸੰਸਥਾਨ ਵਿੱਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੀਆਂ ਸਨ, ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਜਾਂਚ ਦੇ ਹਿੱਸੇ ਵਜੋਂ ਉਨ੍ਹਾਂ ਨੂੰ ਆਹਮੋ-ਸਾਹਮਣੇ ਕੀਤਾ ਜਾ ਰਿਹਾ ਹੈ।' ਪੁਲਸ ਨੇ ਦੱਸਿਆ ਕਿ ਸਰਸਵਤੀ ਨੇ ਪੁੱਛਗਿੱਛ ਦੌਰਾਨ ਵਾਰ-ਵਾਰ ਝੂਠ ਬੋਲਿਆ, ਇੱਥੋਂ ਤੱਕ ਕਿ ਜਦੋਂ ਉਸ ਨੂੰ ਸਬੂਤਾਂ ਨਾਲ ਸਾਹਮਣਾ ਕਰਵਾਇਆ ਗਿਆ। ਉਨ੍ਹਾ ਕਿਹਾ ਕਿ ਉਹ ਸਿਰਫ਼ ਉਦੋਂ ਹੀ ਅਣਮੰਨੇ ਢੰਗ ਨਾਲ ਜਵਾਬ ਦਿੰਦਾ ਹੈ, ਜਦੋਂ ਉਸ ਨੂੰ ਦਸਤਾਵੇਜ਼ ਅਤੇ ਡਿਜੀਟਲ ਸਬੂਤ ਦਿਖਾਏ ਜਾਂਦੇ ਹਨ। ਸੋਮਵਾਰ ਚੈਤਨਯਾਨੰਦ ਨੂੰ ਸੰਸਥਾਨ ਦੇ ਕੈਂਪਸ ਵਿੱਚ ਵੀ ਲਿਜਾਇਆ ਗਿਆ, ਤਾਂ ਜੋ ਉਨ੍ਹਾਂ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ, ਜਿੱਥੇ ਉਹ ਆਪਣੀਆਂ ਪੀੜਤਾਂ ਨੂੰ ਬੁਲਾਉਂਦਾ ਸੀ। ਸਰਸਵਤੀ ਨੂੰ ਕਈ ਦਿਨਾਂ ਤੱਕ ਫਰਾਰ ਰਹਿਣ ਤੋਂ ਬਾਅਦ ਐਤਵਾਰ ਆਗਰਾ ਦੇ ਇੱਕ ਹੋਟਲ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

## ਅੱਜ-ਨਾਮਾ

ਵੱਡਾ ਲੀਡਰ ਚਿਦੰਬਰਮ ਸੀ ਕਾਂਗਰਸ ਦਾ,
ਲੱਗਾ ਈ ਪਾਰਟੀ 'ਤੇ ਊਜਾਂ ਲਾਉਣ ਬੇਲੀ।
ਕਿਹੜੀ ਗੱਲ ਸੀ ਕਿਹੜੇ ਥਾਂ ਗਲਤ ਹੋਈ,
ਲੱਗਾ ਪਾਰਟੀ ਦੇ ਨੁਕਸ ਗਿਣਾਉਣ ਬੇਲੀ।
ਚਾਹੁੰਦਾ ਮੈਂ ਸੀ ਆਹ, ਨਹੀਂ ਕਰਨ ਦਿੱਤਾ,
ਖੁਦ ਦਾ ਲੱਗਾ ਈ ਕੱਦ ਚਮਕਾਉਣ ਬੇਲੀ।
ਸਿੰਘ ਮਨਮੋਹਨ ਨਾ ਅੱਜ ਸੰਸਾਰ ਅੰਦਰ,
ਉਹਨੂੰ ਲੱਗਾ ਉਹ ਬੁਰਾ ਬਣਾਉਣ ਬੇਲੀ।
ਇਹਨੂੰ ਲੀਡਰ ਬਣਾਇਆ ਜੇ ਪਾਰਟੀ ਨੇ,
ਸੀਗੀ ਕਾਂਗਰਸ ਦੀ ਇਹ ਵੀ ਭੁੱਲ ਬੇਲੀ।
ਮਤਲਬੀ ਆਗੂ ਸੀ ਜਿੰਨੇ ਵੀ ਪਾਰਟੀ ਦੇ,
ਉਹ ਹੀ ਰੋਲਣ 'ਤੇ ਪਏ ਹਨ ਤੁਲ ਬੇਲੀ।

-ਤੀਸ ਮਾਰ ਖਾਂ

## ਸ਼ਾਹ ਦੇ ਮਾਓਵਾਦੀ ਵਿਚਾਰਧਾਰਾ ਦੇ ਹਾਮੀਆਂ ਖਿਲਾਫ ਜੰਗ ਦੇ ਐਲਾਨ ਦੀ ਦੇਸ਼ ਭਗਤਾਂ ਵੱਲੋਂ ਕਰੜੀ ਨਿੰਦਾ

### ਆਦਿਵਾਸੀ ਖੇਤਰ ਦੀ ਸਮੱਸਿਆ ਦੇ ਹੱਲ ਲਈ ਡੀ. ਰਾਜਾ ਦੇ ਸਟੈਂਡ ਦੀ ਜ਼ਬਰਦਸਤ ਪ੍ਰੋੜ੍ਹਤਾ

**ਜਲੰਧਰ** : ਆਜ਼ਾਦੀ ਦੀ ਜੱਦੋ-ਜਹਿਦ ਨਾਲ ਜੁੜੀਆਂ ਅਣਗੌਲੀਆਂ ਕੀਤੀਆਂ ਜਾ ਰਹੀਆਂ ਰੌਸ਼ਨ ਮਿਸਾਲ ਲਹਿਰਾਂ ਕੂਕਾ ਲਹਿਰ, ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਆਜ਼ਾਦ ਹਿੰਦ ਫੌਜ ਅਤੇ ਨੌਜਵਾਨ ਭਾਰਤ ਸਭਾ ਲਹਿਰ ਦੀ ਵਾਰਸ, ਅਮੁੱਲੀ ਇਤਿਹਾਸਕ ਵਿਰਾਸਤ ਦੀ ਲੋਅ ਜਗਦੀ ਰੱਖ ਰਹੇ ਦੇਸ਼ ਭਗਤ ਯਾਦਗਾਰ ਹਾਲ ਦੀ ਵਿਰਾਸਤੀ ਕਮੇਟੀ ਦੇਸ਼ ਭਗਤ ਯਾਦਗਾਰ ਕਮੇਟੀ ਨੇ ਲਿਖਤੀ ਬਿਆਨ 'ਚ ਕਿਹਾ ਕਿ ਆਪਣੇ ਆਪ ਨੂੰ ਵਿਸ਼ਵ ਗੁਰੂ, ਅਮਨ ਦੇ ਪੁਜਾਰੀ ਅਤੇ ਹਿੰਸਾ ਵਿਰੋਧੀ ਕਹਾਉਣ ਦੀ ਦਾਅਵੇਦਾਰ ਭਾਜਪਾ ਹਕੂਮਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਮੂੰਹੋਂ ਇਹ ਨਿਸੰਗ ਐਲਾਨ ਸ਼ੋਭਾ ਨਹੀਂ ਦਿੰਦਾ ਕਿ 'ਮਾਰਚ 2026 ਤੋਂ ਪਹਿਲਾਂ-ਪਹਿਲਾਂ ਭਾਰਤ ਨੂੰ ਮਾਓਵਾਦ ਤੋਂ ਮੁਕਤ ਕੀਤਾ ਜਾਏਗਾ ਤੇ ਇਸ ਵਿਚਾਰਧਾਰਾ ਦੇ ਹਮਾਇਤੀਆਂ ਖ਼ਿਲਾਫ਼ ਵੀ ਜੰਗ ਲੜਨੀ ਪਵੇਗੀ।'

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਹਕੂਮਤ ਸਿਰ ਵਡੇਰੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਰਾਜ ਦੇ ਕਿਸੇ ਵੀ ਤਬਕੇ ਜਾਂ ਖਿੱਤੇ ਅੰਦਰ ਅਸੰਤੋਸ਼ ਫੈਲਣ ਦੇ ਆਰਥਕ, ਰਾਜਨੀਤਕ, ਸਮਾਜਕ ਅਤੇ ਸੱਭਿਆਚਾਰਕ ਕਾਰਨਾਂ ਦੀ ਗਹਿਰਾਈ 'ਚ ਜਾ ਕੇ ਖੋਜ-ਪੜਤਾਲ ਕਰੇ ਅਤੇ ਗੱਲਬਾਤ ਰਾਹੀਂ ਉਸ ਦਾ ਢੁਕਵਾਂ, ਜਚਣਹਾਰ ਅਤੇ ਜਮਹੂਰੀ ਵਿਧੀ ਰਾਹੀਂ ਹੱਲ ਕਰੇ, ਨਾ ਕਿ ਸਿਰ ਤੋਂ ਪੈਰਾਂ ਤੱਕ ਹਥਿਆਰਾਂ ਨਾਲ ਲੈਸ ਹਕੂਮਤ ਆਪਣੀ ਰਾਜਕੀ ਦਬਸ ਨਾਲ ਜਾਂ ਸਫ਼ਾਇਆ ਕਰੋ ਮੁਹਿੰਮ ਨਾਲ ਉਸ ਦੀ ਆਵਾਜ਼ ਬੰਦ ਕਰਨ ਦੇ ਫੁਰਮਾਨ ਕਰੇ।

ਕਮੇਟੀ ਦਾ ਵਿਚਾਰ ਹੈ ਕਿ ਦੇਸੀ-ਬਦੇਸ਼ੀ ਧਾੜਵੀ ਕੰਪਨੀਆਂ ਨੂੰ ਜੰਗਲ, ਜਲ, ਜ਼ਮੀਨ, ਕੁਦਰਤੀ ਅਨਮੋਲ ਖ਼ਜ਼ਾਨੇ ਆਦਿ ਦੀ ਅੰਨ੍ਹੀ ਲੁੱਟ ਅਤੇ ਆਦਿਵਾਸੀਆਂ ਦੀ ਜ਼ਿੰਦਗੀ ਨੂੰ ਸਹਿਮ ਦੇ ਛਾਏ ਅਤੇ ਬੰਦੂਕ ਦੀ ਨੋਕ 'ਤੇ ਉਜਾੜਨ, ਜੇਲ੍ਹੀਂ ਡੱਕਣ ਅਤੇ ਜ਼ੁਲਮੋਂ ਸਿਤਮ ਦੇ ਝੱਖੜਾਂ ਮੂੰਹ ਧੱਕਣਾ ਬੰਦ ਕੀਤਾ ਜਾਏ।

ਕਮੇਟੀ ਨੇ ਕਿਹਾ ਕਿ ਹਥਿਆਰਬੰਦ ਲਸ਼ਕਰਾਂ ਦਾ ਕਹਿਰ ਬੰਦ ਕਰਨ ਦੀ ਬਜਾਏ ਸ਼ਾਂਤੀ ਵਾਰਤਾ ਦੇ ਸਾਰੇ ਦਰਵਾਜ਼ੇ ਮੁਕੰਮਲ ਬੰਦ ਕਰਕੇ ਸਿਰਫ਼ ਗੋਲੀ ਹੀ ਇੱਕੋ ਇਕ ਰਾਹ ਦੀ ਵਕਾਲਤ ਕਰਨਾ ਗੈਰ-ਸੰਵਿਧਾਨਕ, ਗੈਰ-ਜਮਹੂਰੀ ਅਤੇ ਗੈਰ-ਮਾਨਵੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਕਿ ਸੀ ਪੀ ਆਈ ਦੇ ਜਨਰਲ ਸਕੱਤਰ ਡੀ. ਰਾਜਾ ਨੇ ਭਾਰਤ ਸਰਕਾਰ ਨੂੰ ਆਦਿਵਾਸੀ ਖੇਤਰ ਦੀ ਸਮੱਸਿਆ ਦੇ ਹੱਲ ਲਈ ਵਾਰਤਾਲਾਪ ਸ਼ੁਰੂ ਕਰਨ 'ਤੇ ਜ਼ੋਰ ਦੇਣ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਉਹਨਾ ਕਿਹਾ ਕਿ ਡੀ. ਰਾਜਾ ਦੇ ਬਿਆਨ ਵਿੱਚ ਠੋਸ ਦਲੀਲ ਪੇਸ਼ ਕੀਤੀ ਗਈ ਹੈ ਕਿ ਭਾਜਪਾ ਹਕੂਮਤ ਗੱਲਬਾਤ ਦੇ ਰਾਹ ਤੋਂ ਭਲਾ ਮੁਨਕਰ ਕਿਉਂ ਹੋ ਰਹੀ ਹੈ। ਰਾਜਾ ਨੇ ਚੰਡੀਗੜ੍ਹ ਵਿੱਚ ਹੋਈ ਪਾਰਟੀ ਦੀ 25ਵੀਂ ਕੇਂਦਰੀ ਕਾਂਗਰਸ ਵਿੱਚ ਇਸ ਸੰਬੰਧੀ ਪਾਸ ਮਤੇ ਦਾ ਹਵਾਲਾ ਦਿੰਦਿਆਂ ਦਿੱਲੀ ਸਥਿਤ ਪਾਰਟੀ ਦੇ ਕੇਂਦਰੀ ਦਫ਼ਤਰ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਭਾਜਪਾ ਸਰਕਾਰ ਜੰਗਲ, ਜਲ, ਜ਼ਮੀਨ ਅਡਾਨੀ ਵਰਗੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਸਾਰੇ ਰਾਹ ਪੱਧਰੇ ਕਰਨ ਲਈ ਹਰ ਤਰ੍ਹਾਂ ਦੀ ਨਾਬਰ ਆਵਾਜ਼ ਤੇ ਪ੍ਰਤੀਰੋਧ ਦੀ ਸੰਘੀ ਨੱਪਣ ਦੇ ਰਾਹ ਪੈ ਰਹੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਅੱਜ 'ਮਾਓਵਾਦ ਮੁਕਤ ਭਾਰਤ ਦੀ ਗੱਲ' ਭਲਕੇ ਕਿਸੇ ਕਿਸਮ ਦੇ ਵੀ ਭਾਜਪਾ, ਆਰ ਐੱਸ ਐੱਸ ਵਿਰੋਧੀ ਵਿਚਾਰ ਤੋਂ ਮੁਕਤ ਭਾਰਤ ਵਿੱਚ ਬਦਲ ਜਾਏਗੀ, ਪਰ ਉਦੋਂ ਬਹੁਤ ਦੇਰ ਹੋ ਚੁੱਕੀ ਹੋਏਗੀ। ਇਸ ਲਈ ਸਮੇਂ ਦੀ ਤੀਬਰ ਮੰਗ ਹੈ ਕਿ ਭਾਜਪਾ ਵੱਲੋਂ ਲੋਕਾਂ ਖ਼ਿਲਾਫ਼ ਛੇੜੀ ਅੰਨ੍ਹੀ ਜੰਗ ਦੇ ਦੂਰਰਸ ਗੰਭੀਰ ਨਤੀਜਿਆਂ ਨੂੰ ਸਮਝਦੇ ਹੋਏ ਇਸ ਖ਼ਿਲਾਫ਼ ਵਿਸ਼ਾਲ ਜਨਤਕ ਲਹਿਰ ਉਸਾਰਨ ਲਈ ਸਮੂਹ ਲੋਕ-ਪੱਖੀ, ਜਨਤਕ ਜਮਹੂਰੀ, ਵਿਗਿਆਨਕ ਸ਼ਕਤੀਆਂ ਨੂੰ ਮਿਲ਼ ਕੇ ਅੱਗੇ ਆਉਣ ਦੀ ਲੋੜ ਹੈ।

## ਸ਼੍ਰੋਮਣੀ ਕਮੇਟੀ ਨੇ ਯੂ ਕੇ 'ਚ ਪਹਿਲਾ ਕੋਆਰਡੀਨੇਸ਼ਨ ਦਫ਼ਤਰ ਖੋਲ੍ਹਿਆ

**ਬਰਮਿੰਘਮ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯੂ ਕੇ ਅਤੇ ਯੂਰਪ ਵਿੱਚ ਵੱਡੀ ਗਿਣਤੀ ਵਿੱਚ ਵਸੇ ਸਿੱਖਾਂ ਦੀਆਂ ਧਾਰਮਿਕ ਲੋੜਾਂ ਪੂਰੀਆਂ ਕਰਨ ਲਈ ਗ੍ਰੇਟ ਬ੍ਰਿਟੇਨ ਸਿਟੀ ਬਰਮਿੰਘਮ ਵਿੱਚ ਕੋਆਰਡੀਨੇਸ਼ਨ ਦਫਤਰ ਖੋਲ੍ਹਿਆ ਹੈ। ਦਫ਼ਤਰ ਦਾ ਉਦਘਾਟਨ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਕਾਰਜਕਾਰੀ ਕਮੇਟੀ ਮੈਂਬਰ ਹਰਜਿੰਦਰ ਕੌਰ, ਰਾਜਿੰਦਰ ਸਿੰਘ ਮਹਿਤਾ, ਮੈਂਬਰ ਜੋਧ ਸਿੰਘ, ਨਿੱਜੀ ਸਹਾਇਕ ਸ਼ਾਹਬਾਜ ਸਿੰਘ ਅਤੇ ਪਰਮਜੀਤ ਕੌਰ ਪਿੰਕੀ ਨੇ ਕੀਤਾ। ਨਾਰਥ ਅਮਰੀਕਾ ਦੇ ਕਮੇਟੀ ਅਤੇ ਅਕਾਲੀ ਦਲ ਦੇ ਕੋਆਰਡੀਨੇਟਰ ਬੇਅੰਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਮੈਂਬਰ ਹਰਜਿੰਦਰ ਕੌਰ ਪਿਛਲੇ ਕੁਝ ਸਮੇਂ ਤੋਂ ਕੈਨੇਡਾ, ਅਮਰੀਕਾ ਅਤੇ ਯੂਰਪ ਦੀਆਂ ਸਿੱਖ ਸੰਸਥਾਵਾਂ ਨਾਲ ਵੱਖ ਵੱਖ-ਵੱਖ ਥਾਵਾਂ 'ਤੇ ਮੀਟਿੰਗਾਂ ਕਰਕੇ ਸਿੱਖਾਂ ਦੀਆਂ ਧਾਰਮਿਕ ਸਮੱਸਿਆਵਾਂ ਦੇ ਹੱਲ 'ਤੇ ਵਿਚਾਰ-ਵਟਾਂਦਰਾ ਕਰ ਰਹੇ ਹਨ। ਉਨ੍ਹਾ ਦੇ ਯਤਨਾਂ ਸਦਕਾ ਯੂ ਕੇ ਵਿਚ ਇਹ ਕਾਰਜ ਨੇਪਰੇ ਚੜ੍ਹਿਆ ਹੈ। ਉਨ੍ਹਾ ਕਿਹਾ ਕਿ ਜਲਦੀ ਹੀ ਅਮਰੀਕਾ ਤੇ ਕੈਨੇਡਾ ਵਿਚ ਵੀ ਦਫ਼ਤਰ ਸਥਾਪਤ ਕੀਤੇ ਜਾਣਗੇ।

CMYK

1-OCT-PAGE-1-Advt.qxd 9/30/2025 10:26 PM Page 2



## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 170 ਪਰਵਾਰਾਂ ਨੂੰ ਸੁੱਕਾ ਰਾਸ਼ਨ ਤੇ ਰਾਹਤ ਸਮੱਗਰੀ ਵੰਡੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਸ਼ਵ ਪ੍ਰਸਿੱਧ ਉੱਘੇ ਸਮਾਜ ਸੇਵੀ ਤੇ ਦੁਬਈ ਦੇ ਉੱਘੇ ਕਾਰੋਬਾਰੀ ਡਾ. ਐੱਸ ਪੀ ਸਿੰਘ ਓਬਰਾਏ, ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਯੋਗ ਅਗਵਾਈ ਹੇਠ ਤੇ ਪ੍ਰਸ਼ਾਸਨ ਅਧਿਕਾਰੀਆਂ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਉਨ੍ਹਾਂ ਦੀ ਟੀਮ ਵੱਲੋਂ ਹੜ੍ਹ ਪ੍ਰਭਾਵਿਤ ਪਿੰਡ ਕਿਲਚੇ ਕੇ, ਪਠਾਣੇ ਕੇ, ਢਾਣੀਆਂ ਤੇ ਪਿੰਡ ਬੰਡਾਲਾ ਦੀਆਂ ਢਾਣੀਆਂ ਵਿਚ 170 ਹੜ੍ਹ ਪ੍ਰਭਾਵਿਤ ਪਰਵਾਰਾਂ ਨੂੰ ਸੁੱਕੇ ਰਾਸ਼ਨ ਦੀਆਂ ਕਿੱਟਾਂ, ਤਰਪਾਲਾਂ, ਮੱਛਰਦਾਨੀਆਂ, ਔਰਤਾਂ ਨੂੰ ਸੈਨੇਟਰੀ ਪੈਡ, ਨਾਸ਼ਤਾ ਕਿੱਟਾਂ, ਮੈਡੀਕਲ ਕਿੱਟਾਂ, ਅਚਾਰ ਤੇ ਪਾਣੀ ਦੀਆਂ ਬੋਤਲਾਂ ਵੰਡੀਆਂ ਗਈਆਂ। ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਨੇ ਦੱਸਿਆ ਕਿ ਪਿੰਡ ਕਿਲਚੇ ਕੇ ਤੇ ਨਾਲ ਲੱਗਦੀਆਂ ਸਾਰੀਆਂ ਢਾਣੀਆਂ ਤੇ ਪਿੰਡ ਬੰਡਾਲੇ ਦੀਆਂ ਢਾਣੀਆਂ ਦੀਆਂ ਜ਼ਮੀਨਾਂ ਤੇ ਘਰਾਂ ਦਾ ਹੜ੍ਹਾਂ ਦੇ ਪਾਣੀਆਂ ਕਾਰਨ ਬਹੁਤ ਭਾਰੀ ਨੁਕਸਾਨ ਹੋਇਆ ਹੈ। ਟਰੱਸਟ ਦੀ ਟੀਮ ਵੱਲੋਂ ਸਰਵੇ ਕਰਕੇ ਜ਼ਿਲ੍ਹੇ ਅੰਦਰ ਪ੍ਰਭਾਵਿਤ ਪਿੰਡਾਂ ਵਿੱਚ ਹੜ੍ਹ ਪੀੜਤ ਪਰਵਾਰਾਂ ਤੱਕ ਡਾ. ਓਬਰਾਏ ਵੱਲੋਂ ਭੇਜੀ ਜਾ ਰਹੀ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਕੈਸ਼ੀਅਰ ਵਿਜੈ ਕੁਮਾਰ ਬਹਿਲ, ਜ਼ਿਲ੍ਹਾ ਸਲਾਹਕਾਰ ਅਤੇ ਇੰਚਾਰਜ਼ ਜ਼ੀਰਾ ਰਣਜੀਤ ਸਿੰਘ ਰਾਏ, ਰਣਧੀਰ ਜੋਸ਼ੀ, ਕੰਵਲਜੀਤ ਸਿੰਘ, ਮਹਾਂਵੀਰ ਸਿੰਘ, ਰਾਮ ਸਿੰਘ ਹਾਜ਼ਰ ਸਨ।

## ਏਕਤਾ ਡਕੌਂਦਾ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਮੁਹਿੰਮ ਚਲਾਈ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਸੂਬਾ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੀ ਮਦਦ ਕਰਨ ਲਈ ਸਾਰੇ ਪੰਜਾਬ ਵਿੱਚ ਮੁਹਿੰਮ ਚਲਾਈ ਗਈ ਹੈ।ਇਸ ਮਹਿੰਮ ਦੀ ਕੜੀ ਵਜੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਪਿੰਡ ਇਕਾਈ ਰਾਮਪੁਰਾ (ਬਠਿੰਡਾ) ਵੱਲੋਂ ਸੂਬਾ ਸੀਨੀਅਰ ਮੀਤ ਗੁਰਦੀਪ ਸਿੰਘ ਰਾਮਪੁਰਾ ਤੇ ਇਕਾਈ ਪਿੰਡ ਪ੍ਰਧਾਨ ਪਰਮਜੀਤ ਸਿੰਘ ਪੰਮੀ ਦੀ ਅਗਵਾਈ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਕਿਸਾਨਾਂ ਮਜ਼ਦੂਰਾਂ ਦੀ ਮਦਦ ਲਈ ਜਿਵੇਂ ਕਿ ਕਣਕ ਦਾ ਬੀਜ਼, ਡੀ ਏ ਪੀ ਖਾਦ ਤੇ ਨਕਦ ਰਾਸ਼ੀ ਆਦਿ ਇਕੱਠਾ ਕਰਨ ਲਈ ਪਿੰਡ ਦੇ ਲੋਕਾਂ ਤੱਕ ਪਹੁੰਚ ਕੀਤੀ ਗਈ ਤੇ ਪਿੰਡ ਦੇ ਲੋਕਾਂ ਨੇ ਹੜ੍ਹ ਪੀੜਤ ਪਰਵਾਰਾਂ ਦੀਆਂ ਲੋੜਾਂ ਨੂੰ ਸਮਝਦੇ ਹੋਏ ਜਿਵੇਂ ਕਿ ਕਣਕ ਦਾ ਬੀਜ, ਡੀ ਏ ਪੀ ਖਾਦ ਤੇ ਨਕਦ ਰਾਸ਼ੀ ਦੇ ਕੇ ਹੜ੍ਹ ਪੀੜਤ ਪਰਵਾਰਾਂ ਦੀ ਸਹਾਇਤਾ ਕਰਨ ਲਈ ਚੱਲ ਰਹੀ ਮੁਹਿੰਮ ਵਿੱਚ ਅਹਿਮ ਯੋਗਦਾਨ ਪਾਇਆ ਗਿਆ।ਇਸ ਸਮੇਂ ਬਲਾਕ ਰਾਮਪੁਰਾ ਦੇ ਆਗੂ ਜਗਦੀਸ਼ ਸਿੰਘ ਰਾਮਪੁਰਾ, ਸੁਖਜਿੰਦਰ ਸਿੰਘ ਰਾਮਪੁਰਾ ਤੇ ਪਿੰਡ ਕਮੇਟੀ ਦੇ ਆਗੂ ਰੈਂਪਾ ਸਿੰਘ ਕੌੜਾ ਤੇ ਗੁਰਜੰਟ ਸਿੰਘ ਨੱਤ ਆਦਿ ਹਾਜ਼ਰ ਸਨ।

## ਸਿਵਲ ਸਰਜਨ ਵੱਲੋਂ ਸਿਵਲ ਹਸਪਤਾਲ ਦੀ ਚੈਕਿੰਗ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਵਲ ਸਰਜਨ ਡਾ. ਅਮਰਜੀਤ ਕੌਰ ਨੇ ਜ਼ਿਲ੍ਹਾ ਹਸਪਤਾਲ ਸੰਗਰੂਰ ਦੀ ਅਚਨਚੇਤ ਚੈਕਿੰਗ ਦੌਰਾਨ ਹਸਪਤਾਲ ਦੀ ਓ.ਪੀ.ਡੀ., ਆਪ੍ਰੇਸ਼ਨ ਥੀਏਟਰ, ਵਾਰਡ, ਐਮਰਜੰਸੀ ਸਿਹਤ ਸੇਵਾਵਾਂ, ਜੱਚਾ-ਬੱਚਾ ਸਿਹਤ ਸੇਵਾਵਾਂ, ਲੈਬ, ਆਈ ਸੀ ਟੀ ਸੀ ਸੈਂਟਰ ਆਦਿ ਦਾ ਨਰੀਖਣ ਕੀਤਾ।ਉਨ੍ਹਾਂ ਵਾਰਡ ਵਿੱਚ ਦਾਖਲ ਮਰੀਜ਼ਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਬਾਰੇ ਪੁੱਛ-ਗਿੱਛ ਕੀਤੀ। ਉਨ੍ਹਾਂ ਦਾਖਲ ਮਰੀਜ਼ਾਂ ਨੂੰ ਕਿਹਾ ਕਿ ਜੇਕਰ ਉਹਨਾਂ ਨੂੰ ਸਿਹਤ ਸੇਵਾਵਾਂ ਲੈਣ ਵਿੱਚ ਕੋਈ ਮੁਸ਼ਕਲ ਆਈ ਹੋਵੇ ਤਾਂ ਉਹ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ।ਡਾ: ਅਮਰਜੀਤ ਕੌਰ ਨੇ ਸਮੂਹ ਸਟਾਫ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਪੋ ਆਪਣੀ ਡਿਊਟੀ ਮਿਹਨਤ, ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣੀ ਯਕੀਨੀ ਬਣਾਉਣ ਤੇ ਹਸਪਤਾਲ ਵਿੱਚ ਇਲਾਜ ਕਰਾਉਣ ਲਈ ਆਏ ਮਰੀਜ਼ਾਂ ਨਾਲ ਆਪਣਾ ਵਿਵਹਾਰ ਚੰਗਾ ਰੱਖਣ ਤੇ ਸਰਕਾਰ ਆਮ ਲੋਕਾਂ ਲਈ ਉਪਲਬਧ ਸਾਰੀਆਂ ਸਿਹਤ ਸਹੂਲਤਾਂ ਉਨ੍ਹਾਂ ਨੂੰ ਪ੍ਰਦਾਨ ਕਰਨੀਆਂ ਯਕੀਨੀ ਬਣਾਉਣ।ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ: ਵਿਕਾਸ ਧੀਰ, ਸੀਨੀਅਰ ਮੈਡੀਕਲ ਅਫਸਰ ਡਾ. ਵਿਨੋਦ ਕੁਮਾਰ, ਜ਼ਿਲ੍ਹਾ ਸਮੂਹ ਸਿੱਖਿਆ ਅਫਸਰ ਕਰਨੈਲ ਸਿੰਘ, ਜ਼ਿਲ੍ਹਾ ਫਾਰਮੇਸੀ ਅਫਸਰ ਅਨਿਲ ਕੁਮਾਰ ਤੇ ਸਮੂਹ ਸਟਾਫ ਹਾਜ਼ਰ ਸੀ।

## ਅਕਾਲ ਯੁਗਤ ਖੇਡ ਸੰਸਾਰ ਐਥਲੈਟਿਕਸ ਈਵੈਂਟ 'ਚ ਸਟੀਫਨਜ਼ ਐਥਲੀਟਾਂ ਦੀ ਚਮਕ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਅਕਾਲ ਯੁਗਤ ਖੇਡ ਸੰਸਾਰ ਪਿੰਕਾ ਜਰਗ ਐਥਲੈਟਿਕਸ ਈਵੈਂਟ ਕੈਟਰੋਨ ਸੰਗਰੂਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਉਮਰ ਵਰਗ ਦੇ ਖਿਡਾਰੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਇਸ ਈਵੈਂਟ ਵਿੱਚ ਪੰਜਾਬ ਦੇ ਐਥਲੀਟਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਵਿੱਚ ਸਹਿਨੂਰ ਬਾਵਾ ਤੇ ਜਸਪ੍ਰੀਤ ਸਿੰਘ ਚੋਟੀ ਦੇ ਜੇਤੂ ਬਣੇ।ਅੰਡਰ-17 ਸ਼੍ਰੇਣੀ ਵਿੱਚ ਹਿੱਸਾ ਲੈਣ ਵਾਲੇ ਸਟੀਫਨ ਇੰਟਰਨੈਸ਼ਨਲ ਸਕੂਲ ਸੰਗਰੂਰ ਦੇ ਸਹਿਨੂਰ ਬਾਵਾ ਨੇ ਇੱਕ ਇਨਾਮ ਸਾਈਕਲ, ਨਕਦ ਇਨਾਮ ਤੇ ਇੱਕ ਕੰਬਲ ਜਿੱਤ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਉਨ੍ਹਾਂ ਪ੍ਰਭਾਵਸ਼ਾਲੀ ਪ੍ਰਦਰਸ਼ਨ ਨੇ ਉਨ੍ਹਾਂ ਦੇ ਅਸਾਧਾਰਨ ਐਥਲੈਟਿਕ ਕੌਸ਼ਲ ਨੂੰ ਪ੍ਰਦਰਸ਼ਤ ਕੀਤਾ।ਅੰਡਰ-19 ਵਰਗ ਵਿੱਚ ਹਿੱਸਾ ਲੈਣ ਵਾਲੇ ਸਟੀਫਨ ਇੰਟਰਨੈਸ਼ਨਲ ਸਕੂਲ ਸੰਗਰੂਰ ਦੇ ਜਸਪ੍ਰੀਤ ਸਿੰਘ ਨੇ ਨਕਦ ਇਨਾਮ ਅਤੇ ਇੱਕ ਕੰਬਲ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।ਉਸ ਦੀ ਪ੍ਰਾਪਤੀ ਨੇ ਖੇਡ ਵਿੱਚ ਉਸ ਦੇ ਸਮਰਪਣ ਤੇ ਸਖਤ ਮਿਹਨਤ ਨੂੰ ਉਜਾਗਰ ਕੀਤਾ।ਪ੍ਰਿੰਸੀਪਲ ਮਿਸ ਮੋਨਿਕਾ ਸ਼ਰਮਾ ਨੇ ਕਿਹਾ ਕਿ ਅਕਾਲ ਯੁਗਤ ਖੇਡ ਸੰਸਾਰ ਐਥਲੈਟਿਕਸ ਈਵੈਂਟ ਨੇ ਨੌਜਵਾਨ ਐਥਲੀਟਾਂ ਨੂੰ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ ਤੇ ਉੱਚ ਪੱਧਰ 'ਤੇ ਮੁਕਾਬਲਾ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ।ਸਹਿਨੂਰ ਬਾਵਾ ਤੇ ਜਸਪ੍ਰੀਤ ਸਿੰਘ ਦੀ ਸਫਲਤਾ ਖੇਤਰ ਦੇ ਚਾਹਵਾਨ ਐਥਲੀਟਾਂ ਲਈ ਪ੍ਰੇਰਣਾ ਦਾ ਕੰਮ ਕਰਦੀ ਹੈ।

## ਐੱਚ ਐੱਮ ਈ ਐੱਲ ਵੱਲੋਂ ਵਿਸ਼ਾਲ ਸਿਹਤ ਤੇ ਅੱਖਾਂ ਦਾ ਜਾਂਚ ਕੈਂਪ




**ਤਲਵੰਡੀ ਸਾਬੋ (ਜਗਦੀਪ ਗਿੱਲ)**-ਸਿਹਤਮੰਦ ਤੇ ਸੁਰੱਖਿਅਤ ਕਾਰਜਸਥਲ ਮੁਹੱਈਆ ਕਰਨ ਦੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ ਐੱਚਪੀਸੀਐੱਲ-ਮਿੱਤਲ ਐਨਰਜੀ ਲਿਮਿਟਡ (ਐੱਚਐੱਮਈਐੱਲ) ਨੇ ਸਤੰਬਰ 2025 ਦੌਰਾਨ ਆਪਣੇ ਵਰਕਫੋਰਸ ਲਈ ਸਿਹਤ ਤੇ ਅੱਖਾਂ ਦੀ ਜਾਂਚ ਕੈਂਪਾਂ ਦੀ ਇੱਕ ਸ਼੍ਰੇਣੀ ਦਾ ਸਫਲ ਆਯੋਜਨ ਕੀਤਾ।ਇਹ ਪਹਿਲ ਖਾਸ ਕਰਕੇ ਟੈਂਕਰ ਤੇ ਟਰੱਕ ਡਰਾਈਵਰ ਮੈਂਬਰਾਂ ਤੇ ਸਹਿਕਰਮੀਆਂ ਦੀ ਭਲਾਈ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ ਤਾਂ ਜੋ ਉੱਚ ਜੋਖ਼ਮ ਤੇ ਸੰਵੇਦਨਸ਼ੀਲ ਭੂਮਿਕਾਵਾਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਆਸਾਨੀ ਨਾਲ ਸਿਹਤ ਸੇਵਾਵਾਂ ਪ੍ਰਾਪਤ ਹੋ ਸਕਣ।ਇਨ੍ਹਾਂ ਕੈਂਪਾਂ ਰਾਹੀਂ ਕੁੱਲ 771 ਕਰਮਚਾਰੀਆਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਤੇ ਨਜ਼ਰ ਟੈਸਟ ਦੇ ਆਧਾਰ 'ਤੇ 321 ਸੁਧਾਰਾਤਮਕ ਐਨਕਾਂ ਵੰਡੀਆਂ ਗਈਆਂ।ਇਸ ਦੇ ਨਾਲ ਹੀ 348 ਭਾਗੀਦਾਰਾਂ ਨੇ ਜਨਰਲ ਓਪੀਡੀ ਸਲਾਹ-ਮਸ਼ਵਰਾ ਲਿਆ।ਕੈਂਪਾਂ ਵਿੱਚ ਵਿਸ਼ਾਲ ਸਿਹਤ ਜਾਂਚ, ਦਵਾਈ ਵੰਡ, ਨਜ਼ਰ ਟੈਸਟ, ਮੋਤੀਆਬਿੰਦ ਦੀ ਜਾਂਚ ਤੇ ਮੁਫ਼ਤ ਐਨਕ ਵੰਡਣ ਵਰਗੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ।

## ਸਰਕਾਰੀ ਕਾਲਜ 'ਤੇ ਨਜਾਇਜ਼ ਕਬਜ਼ੇ ਪ੍ਰਸ਼ਾਸਨ ਤੇ ਸੱਤਾ ਧਿਰ ਦੀ ਸੋਚੀ-ਸਮਝੀ ਸਾਜ਼ਿਸ਼ : ਸੰਜਨਾਂ, ਲਮੋਚੜ

### ਕਾਲਜ 'ਚ ਨਜਾਇਜ਼ ਕਬਜ਼ੇ ਬਰਦਾਸ਼ਤ ਨਹੀਂ ਕਰਾਂਗੇ : ਧਰਮੂਵਾਲਾ, ਢਾਬਾਂ

**ਮੰਡੀ ਘੁਬਾਇਆ (ਬਲਵਿੰਦਰ ਸਿੰਘ)**

ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਕੌਂਸਲ ਫਾਜ਼ਿਲਕਾ ਵੱਲੋਂ ਸਥਾਨਕ ਸਰਕਾਰੀ ਕਾਲਜ (ਲੜਕੀਆਂ) ਦੀ ਜਗ੍ਹਾ 'ਤੇ ਬਿਲਡਿੰਗ 'ਤੇ ਕਰਵਾਏ ਜਾ ਰਹੇ ਨਜਾਇਜ਼ ਕਬਜ਼ਿਆਂ ਨੂੰ ਛਡਵਾਉਣ ਲਈ ਅੱਜ ਇੱਕ ਲਿਖਤੀ ਮੰਗ ਪੱਤਰ ਐੱਸ ਡੀ ਐੱਮ ਜਲਾਲਾਬਾਦ ਨੂੰ ਦਿੱਤਾ ਗਿਆ।ਮੰਗ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਏਆਈਐੱਸਐੱਫ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ ਤੇ ਏਆਈਐੱਸਐੱਫ ਸਾਬਕਾ ਕੌਮੀ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹੇ ਵਿੱਚ ਲੜਕੀਆਂ ਲਈ ਬਣੇ ਇੱਕ ਇੱਕ ਸਰਕਾਰੀ ਕਾਲਜ ਜਲਾਲਾਬਾਦ (ਲੜਕੀਆਂ) ਦੀ ਜਗ੍ਹਾ 'ਤੇ ਪਿਛਲੇ ਸਮੇਂ ਤੋਂ ਲਗਾਤਾਰ ਨਜਾਇਜ਼ ਕਬਜ਼ੇ ਕਰਵਾਏ ਜਾ ਰਹੇ ਹਨ, ਜਿਸ ਨਾਲ ਕਾਲਜ ਦੀ ਬਿਲਡਿੰਗ 'ਚ ਹੋਰ ਵਿਭਾਗ ਕੰਮ ਕਰ ਰਹੇ ਹਨ।ਸਰਕਾਰੀ ਕਾਲਜ ਦੇ ਕਮਰਿਆਂ 'ਤੇ ਬਾਕੀ ਬਿਲਡਿੰਗ ਤੇ ਹੋ ਰਹੇ ਇਨ੍ਹਾਂ ਕਬਜ਼ਿਆਂ ਕਾਰਨ ਇੱਥੇ ਪੜ੍ਹਨ ਵਾਲੀਆਂ ਵਿਦਿਆਰਥਣਾਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ।ਇਸ ਮੌਕੇ ਹਾਜ਼ਰ ਆਗੂਆਂ ਤੇ ਏਆਈਐੱਸਐੱਫ ਦੀ ਸੂਬਾ ਕੈਸ਼ੀਅਰ ਸੰਜਨਾਂ ਢਾਬਾਂ ਤੇ ਜ਼ਿਲ੍ਹਾ ਫਾਜ਼ਿਲਕਾ ਦੇ ਸਕੱਤਰ



ਸਟਾਲਿਨ ਲਮੋਚੜ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਵਿਦਿਆਰਥੀ ਜਥੇਬੰਦੀ ਦੇ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕਾਲਜ ਦੇ ਅੰਦਰੋਂ ਇੱਕ ਰਸਤਾ ਕੱਢਣ ਲਈ ਵੀ ਪੱਤਰ ਜਾਰੀ ਕੀਤਾ ਗਿਆ ਹੈ, ਜੋ ਕਿ ਸਰਾਸਰ ਕਾਲਜ ਦੀ ਬਿਲਡਿੰਗ ਤੇ ਉਸ ਦੀ ਜਗ੍ਹਾ ਨੂੰ ਧੱਕਾ ਹੈ, ਜਿਸ ਕਾਰਨ ਕਾਲਜ ਤੇ ਹੌਲੀ ਹੌਲੀ ਸਾਰਾ ਕਬਜ਼ਾ ਕਰਨ ਦੀ ਸਾਜਿਸ਼ ਰਚੀ ਜਾ ਰਹੀ ਹੈ।ਆਗੂਆਂ ਨੇ ਦਿੱਤੇ ਮੰਗ ਪੱਤਰ ਰਾਹੀਂ ਮੰਗ ਕਰਦਿਆਂ ਕਿਹਾ ਕਿ ਇਸ ਕਾਲਜ ਵਿੱਚ ਆਰਜ਼ੀ ਤੌਰ 'ਤੇ ਚੱਲ ਰਹੇ ਵਿਭਾਗਾਂ ਨੂੰ ਉਨ੍ਹਾਂ ਦੀ ਬਣਦੀ ਯੋਗ ਜਗ੍ਹਾ 'ਤੇ ਤਬਦੀਲ ਕਰਕੇ ਉੱਥੇ ਚਲਾਇਆ ਜਾਵੇ ਤਾਂ ਕਿ ਵਿਦਿਆਰਥਣਾਂ ਦੀ ਪੜ੍ਹਾਈ ਦਾ ਨੁਕਸਾਨ ਵੀ ਨਾ ਹੋਵੇ ਤੇ ਆਮ ਲੋਕ ਵੀ ਖੱਜਲ ਖੁਆਰ ਨਾ ਹੋਣ।ਸਰਕਾਰੀ ਕਾਲਜ ਦੀ ਬਿਲਡਿੰਗ ਨੂੰ ਕਿਸੇ ਹੋਰ ਕੰਮ ਲਈ ਨਾ ਵਰਤਿਆ ਜਾਵੇ।ਇਸ ਕਾਲਜ ਨੂੰ ਚਾਲੂ ਕਰਵਾਉਣ ਲਈ ਚੱਲੇ ਸੰਘਰਸ਼ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਦੱਸਿਆ ਕਿ ਏਆਈਐੱਸਐੱਫ ਵੱਲੋਂ 45 ਦਿਨ ਲਗਾਤਾਰ ਭੁੱਖ ਹੜਤਾਲ ਰੱਖ ਕੇ ਇਲਾਕੇ ਦੇ ਵਿਦਿਆਰਥੀਆਂ ਤੇ ਆਮ ਲੋਕਾਂ ਵੱਲੋਂ ਸ਼ੁਰੂ ਕਰਵਾਏ ਇਸ ਕਾਲਜ ਵਿੱਚ ਕਰਵਾਏ ਜਾ ਰਹੇ ਕਬਜ਼ਿਆਂ ਨੂੰ ਛਡਵਾਉਣ ਲਈ ਦੁਬਾਰਾ ਜਥੇਬੰਦੀ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਬਲਾਕ ਜਲਾਲਾਬਾਦ ਦੇ ਮੀਤ ਪ੍ਰਧਾਨ ਸੋਨਾ ਧੁਨਕੀਆਂ ਤੇ ਐਡਵੋਕੇਟ ਪਰਮਜੀਤ ਕੌਰ ਘੁਬਾਇਆ ਹਾਜ਼ਰ ਸਨ।

## ਅਰਸ਼ ਸੱਚਰ ਵੱਲੋਂ ਹੜ੍ਹ ਪੀੜਤਾਂ ਨੂੰ ਮੈਡੀਕਲ ਕਿੱਟਾਂ ਤਕਸੀਮ

**ਕੋਟਕਪੂਰਾ (ਰਛਪਾਲ ਭੁੱਲਰ)**-ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਤੇ ਸਮਾਜਸੇਵੀ ਅਰਸ਼ ਸੱਚਰ ਨੇ ਆਪਣੀ ਟੀਮ ਨਾਲ ਮਿਲ ਕੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਾਣੀ ਦੇ ਕਹਿਰ ਨਾਲ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ।ਫ਼ਿਰੋਜ਼ਪੁਰ ਬਾਰਡਰ ਇਲਾਕੇ ਨੇੜਲੇ ਕਈ ਪਿੰਡਾਂ ਵਿੱਚ ਜਾ ਕੇ ਉਨ੍ਹਾਂ ਨੇ ਪੀੜਤ ਪਰਵਾਰਾਂ ਦਾ ਹਾਲ-ਚਾਲ ਪੁੱਛਿਆ ਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ।ਇਸ ਦੌਰਾਨ ਸਿਹਤ ਸਬੰਧੀ ਜ਼ਰੂਰੀ ਮੈਡੀਕਲ ਕਿੱਟਾਂ ਵੀ ਵੰਡੀਆਂ ਗਈਆਂ।ਇਨ੍ਹਾਂ ਮੈਡੀਕਲ ਕਿੱਟਾਂ 'ਚ ਲੋਕਾਂ ਦੀ ਜ਼ਰੂਰਤ ਦੀ ਲੋੜ ਅਨੁਸਾਰ ਐਸਿਡਿਟੀ ਕੈਪਸੂਲ, ਪੈਰਾਸੀਟਾਮੋਲ, ਨਿਮਸੁਲਾਈਡ, ਇਮਿਊਨਿਟੀ ਬੂਸਟਰ, ਕੇਲਸ਼ੀਅਮ, ਮਲਟੀਵਿਟਾਮਿਨ, ਪਲੇਟਲੈੱਟ ਬੂਸਟਰ, ਜੋੜ ਦਰਦ ਦੀ ਦਵਾਈ ਅਤੇ ਸੈਨਟਰੀ ਪੈਡ ਸ਼ਾਮਲ ਸਨ।ਅਰਸ਼ ਸੱਚਰ ਨੇ ਕਿਹਾ ਕਿ ਲੋਕਾਂ ਦੀ ਸੇਵਾ ਕਰਨਾ ਅਤੇ ਮੁਸ਼ਕਿਲ ਸਮੇਂ ਉਨ੍ਹਾਂ ਦਾ ਸਾਥ ਦੇਣਾ ਹੀ ਸਾਡੀ ਅਸਲੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਪਾਣੀ ਦੇ ਕਹਿਰ ਨਾਲ ਪ੍ਰਭਾਵਤ ਪਰਵਾਰਾਂ ਨੂੰ ਸਹਾਇਤਾ ਪੁਚਾਉਣਾ ਸਿਰਫ਼ ਫ਼ਰਜ਼ ਹੀ ਨਹੀਂ, ਸਗੋਂ ਇੱਕ ਸਮਾਜਿਕ ਜ਼ਿੰਮੇਵਾਰੀ ਹੈ।ਅਰਸ਼ ਸੱਚਰ ਨੇ ਯਕੀਨ ਦਿਵਾਇਆ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਪਿੰਡਾਂ ਵਿੱਚ ਵੀ ਇਹ ਸੇਵਾ ਜਾਰੀ ਰੱਖੀ ਜਾਵੇਗੀ ਤਾਂ ਜੁ ਕਿਸੇ ਵੀ ਪਰਿਵਾਰ ਨੂੰ ਮੱਦਦ ਤੋਂ ਵਾਂਝਾ ਨਾ ਰਹਿਣਾ ਪਵੇ।

## ਆਂਗਨਵਾੜੀ ਤੇ ਆਸ਼ਾ ਵਰਕਰਾਂ ਨੇ ਸਾਈਕਲ ਚਲਾ ਕੇ ਲੋਕਾਂ ਨੂੰ ਦਿੱਤਾ ਤੰਦਰੁਸਤ ਰਹਿਣ ਦਾ ਸੁਨੇਹਾ



**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਸੰਗਰੂਰ ਵਿੱਚ ਫਿੱਟ ਇੰਡੀਆ ਮੂਵਮੈਂਟ ਹੇਠ ਇਕ ਪ੍ਰੋਗਰਾਮ ਕੀਤਾ ਗਿਆ, ਜਿਸ ਦੌਰਾਨ ਸਮੂਹ ਆਂਗਨਵਾੜੀ ਤੇ ਆਸ਼ਾ ਵਰਕਰਾਂ ਨੇ ਸਾਈਕਲ ਚਲਾ ਕੇ ਲੋਕਾਂ ਨੂੰ ਤੰਦਰੁਸਤ ਰਹਿਣ ਦਾ ਸੁਨੇਹਾ ਦਿੱਤਾ।ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਿੰਦਰਪਾਲ ਕੌਰ ਧਾਲੀਵਾਲ, ਨੋਡਲ ਅਫਸਰ ਰਜਤ ਕੁਮਾਰ, ਸਪੋਰਟਸ ਅਥਾਰਟੀ ਆਫ ਇੰਡੀਆ ਦੇ ਮੈਂਬਰ ਤੇ ਵਾਲੀਬਾਲ ਕੋਚ ਯਾਦਵਿੰਦਰ ਸਿੰਘ ਨੇ ਹਾਜ਼ਰੀ ਭਰੀ ਅਤੇ ਆਂਗਨਵਾੜੀ ਤੇ ਆਸ਼ਾ ਵਰਕਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ।ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਿੰਦਰਪਾਲ ਕੌਰ ਧਾਲੀਵਾਲ ਨੇ ਦੱਸਿਆ ਕਿ ਇਹ ਰਾਸ਼ਟਰੀ ਮੁਹਿੰਮ ਇਸਤਰੀ ਤੇ ਬਾਲ ਵਿਕਾਸ ਮੰਤਰਾਲਾ ਅਤੇ ਸਿਹਤ ਤੇ ਪਰਿਵਾਰ ਭਲਿਆਣ ਮੰਤਰਾਲੇ ਵੱਲੋਂ ਪੂਰੇ ਦੇਸ਼ ਵਿੱਚ ਮਨਾਈ ਗਈ।ਇਸ ਦਾ ਮੁੱਖ ਉਦੇਸ਼ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਤੇ ਮੋਟਾਪੇ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਕਸਰਤ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕਰਨਾ ਸੀ।ਜ਼ਿਲ੍ਹਾ ਸੰਗਰੂਰ ਦੀਆਂ ਸਾਰੀਆਂ ਆਂਗਨਵਾੜੀ ਵਰਕਰਾਂ ਤੇ ਆਸ਼ਾ ਵਰਕਰਾਂ ਨੇ ਸਾਈਕਲ ਰੈਲੀ ਵਿੱਚ ਸਰਗਰਮ ਤੌਰ 'ਤੇ ਸ਼ਿਰਕਤ ਕਰਕੇ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਸਾਈਕਲ ਚਲਾਉਣਾ ਤੰਦਰੁਸਤ ਰਹਿਣ ਦਾ ਇੱਕ ਸੌਖਾ, ਸਸਤਾ ਤੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।

## ਕਾਕਾ ਕੰਬੋਜ ਦੀ ਰਹਿਨੁਮਾਈ ਹੇਠ 30 ਤੋਂ ਵੱਧ ਪਰਵਾਰ ਭਾਜਪਾ 'ਚ ਸ਼ਾਮਲ



**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਹਲਕਾ ਜਲਾਲਾਬਾਦ ਦੇ ਪਿੰਡ ਚੱਕ ਟਾਹਲੀਵਾਲਾ ਤੇ ਚੱਕ ਬਜੀਦਾ ਵਿੱਚ ਭਾਜਪਾ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਵੱਖ ਵੱਖ ਸਿਆਸੀ ਪਾਰਟੀਆਂ ਨੂੰ ਛੱਡ ਕੇ ਲਗਭਗ 30 ਤੋਂ ਵੱਧ ਪਰਵਾਰ ਭਾਜਪਾ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ ਦੀ ਰਹਿਨੁਮਾਈ ਹੇਠ ਪਾਰਟੀ ਵਿੱਚ ਸ਼ਾਮਲ ਹੋਏ। ਸ਼ਾਮਲ ਹੋਣ ਵਾਲਿਆਂ ਵਿੱਚੋਂ ਪਿੰਡ ਚੱਕ ਟਾਹਲੀਵਾਲਾ ਤੋਂ ਬਲਕਾਰ ਸਿੰਘ, ਸ਼ਿੰਗਾਰਾ ਸਿੰਘ, ਦਰਸ਼ਨ ਸਿੰਘ, ਜਸਵੰਤ ਸਿੰਘ, ਰੂਪ ਸਿੰਘ, ਸੁਰਜੀਤ ਸਿੰਘ, ਰਣਜੀਤ ਸਿੰਘ, ਮਨਜੀਤ ਸਿੰਘ, ਜਗਨ ਸਿੰਘ, ਰਤਨ ਸਿੰਘ, ਓਮ ਸਿੰਘ, ਜਰਨੈਲ ਸਿੰਘ, ਜੋਗਿੰਦਰ ਸਿੰਘ, ਰੋਸ਼ਨ ਸਿੰਘ, ਬੁੱਧ ਪ੍ਰਕਾਸ਼ ਪਿੰਡ ਚੱਕ ਵਜੀਦਾ ਤੋਂ ਸ਼ਾਮਲ ਹੋਏ ਹੁਸ਼ਿਆਰ ਸਿੰਘ, ਮੁਖਤਿਆਰ ਸਿੰਘ, ਬੱਬੂ ਹਰਭਜਨ ਸਿੰਘ, ਕੁਲਵੰਤ ਸਿੰਘ, ਪੂਰਨ ਸਿੰਘ, ਸੋਨਾ ਸਿੰਘ, ਮਲਕੀਤ ਸਿੰਘ, ਦਿਆਲ ਸਿੰਘ, ਗੰਡਾ ਸਿੰਘ, ਗੁਲਜਾਰ ਸਿੰਘ, ਦਿਆਲ ਸਿੰਘ, ਬਲਜੀਤ ਸਿੰਘ, ਨਰੇਸ਼ ਸਿੰਘ, ਸੁਖਵਿੰਦਰ ਸਿੰਘ, ਤਰਲੋਚਨ ਸਿੰਘ, ਗੁਰਮੀਤ ਸਿੰਘ ਆਦਿ ਸ਼ਾਮਲ ਹੋਏ। ਭਾਜਪਾ ਪਾਰਟੀ ਵਿੱਚ ਸ਼ਾਮਲ ਹੋਏ ਪਰਵਾਰਾਂ ਨੂੰ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ ਨੇ ਜੀ ਆਇਆਂ ਨੂੰ ਆਖਦਿਆਂ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਹਲਕਾ ਜਲਾਲਾਬਾਦ ਵਿੱਚ ਦਿਨ ਪ੍ਰਤੀ ਦਿਨ ਭਾਜਪਾ ਪਰਿਵਾਰ ਵਿੱਚ ਵਾਧਾ ਹੋ ਰਿਹਾ ਹੈ।

## ਸ਼ਹੀਦ ਨੱਛਤਰ ਧਾਲੀਵਾਲ ਦੀ ਬਰਸੀ 17 ਨੂੰ

**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਏਟਕ ਬਰਾਂਚ ਮੋਗਾ ਦੀ ਮੀਟਿੰਗ ਮੰਗਲਵਾਰ ਸਤੀਸ਼ ਲੂੰਬਾ ਭਵਨ ਮੋਗਾ ਵਿੱਚ ਹੋਈ।ਜਥੇਬੰਦੀ ਦੇ ਸੂਬਾਈ ਆਗੂ ਜਗਦੀਸ਼ ਸਿੰਘ ਚਾਹਲ, ਬਚਿੱਤਰ ਸਿੰਘ ਧੋਥੜ, ਗੁਰਜੰਟ ਕੋਕਰੀ, ਗੁਰਦੀਪ ਮੁੱਲਾਂਪੁਰ, ਉਚੇਚੇ ਤੌਰ 'ਤੇ ਮੀਟਿੰਗ 'ਚ ਸ਼ਾਮਲ ਹੋਏ।ਜਨਰਲ ਸਕੱਤਰ ਮਨਦੀਪ ਮੱਖੂ ਵੱਲੋਂ ਮੀਟਿੰਗ ਦੀ ਕਾਰਵਾਈ ਚਲਾਉਂਦੇ ਹੋਏ ਪਹਿਲਾਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਉਪਰੰਤ ਸੈਂਟਰ ਆਗੂਆਂ ਨੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ



ਮਾਰੂ ਨੀਤੀਆਂ ਵਿਰੁੱਧ ਸੰਘਰਸ਼ ਤੇਜ਼ ਕਰਨ ਦੀ ਅਪੀਲ ਕੀਤੀ।ਕਿਰਤੀ ਲੋਕਾਂ ਦੇ ਮਹਿਬੂਬ ਆਗੂ ਸ਼ਹੀਦ ਬਾਈ ਨਛੱਤਰ ਧਾਲੀਵਾਲ ਦੀ ਬਰਸੀ ਜੋ ਹਰ ਸਾਲ 21 ਅਕਤੂਬਰ ਨੂੰ ਮਨਾਈ ਜਾਂਦੀ ਹੈ, ਪਰ ਇਸ ਵਾਰ ਦੀਵਾਲੀ ਹੋਣ ਕਾਰਨ ਬਰਸੀ ਮਿਤੀ 17 ਅਕਤੂਬਰ ਨੂੰ ਮਨਾਈ ਜਾ ਰਹੀ ਹੈ।ਮੀਟਿੰਗ ਵਿੱਚ ਬਰਸੀ ਦੀ ਤਿਆਰੀ ਸੰਬੰਧੀ ਕਮੇਟੀਆਂ ਬਣਾਈਆਂ ਗਈਆਂ ਅਤੇ ਸਮੂਹ ਸਾਥੀਆਂ ਵੱਲੋਂ ਵਧ ਚੜ੍ਹ ਕੇ ਫੰਡ ਦਿੱਤਾ ਗਿਆ। ਇਸ ਮੌਕੇ ਸਤਨਾਮ ਸਿਵੀਆ, ਗੁਰਪ੍ਰੀਤ ਕੈਸ਼ੀਅਰ, ਮਨਪ੍ਰੀਤ ਸਿੰਘ, ਜਗਰਾਜ ਬੁੱਟਰ, ਹਰਮੀਤ ਸਿੰਘ, ਜਸਵੀਰ ਦਿੜ੍ਹਬਾ, ਬਲਰਾਜ ਬਾਜਾ, ਸ਼ਮਿੰਦਰਪਾਲ ਸਿੰਘ, ਰਣਜੀਤ ਘੋਲੀਆ, ਦਿਲਬਾਗ ਸਿੰਘ ਅਤੇ ਸਾਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਹੜ੍ਹ ਪ੍ਰਭਾਵਤ ਕਿਸਾਨਾਂ ਦੀ ਮਦਦ ਲਈ ਜਥਾ ਰਵਾਨਾ

**ਭੀਖੀ (ਗੁਰਿੰਦਰ ਸਿੰਘ ਔਲਖ)**-ਹੜ੍ਹ ਪ੍ਰਭਾਵਿਤ ਇਲਾਕੇ ਰਾਮਦਾਸ ਨਗਰ, ਡੇਰਾ ਬਾਬਾ ਨਾਨਕ, ਟਾਹਲੀਆਣਾ ਫੱਤੇ ਕੇ ਆਦਿ ਖੇਤਰਾਂ 'ਚ ਕਿਸਾਨਾਂ ਦੀ ਨਕਦ ਰਾਸ਼ੀ ਦੇ ਕੇ ਜ਼ਿਲ੍ਹੇ ਦੇ ਕਸਬਾ ਭੀਖੀ ਦੀ ਸੰਗਤ ਜਥੇ ਦੇ ਰੂਪ 'ਚ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਨੌਵੀਂ ਤੋਂ ਰਵਾਨਾ ਹੋਈ। ਜਾਣਕਾਰੀ ਦਿੰਦਿਆਂ ਜਥੇ ਚ ਸ਼ਾਮਿਲ ਜਗਸੀਰ ਸਿੰਘ ਲੀਲਾ ਮਿਰਗ ਅਤੇ ਕੀਮਾ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਕਤ ਹੜ ਪ੍ਰਭਾਵਿਤ ਖੇਤਰਾਂ ਚ ਉਥੇ ਦੇ ਪਤਵੰਤਿਆਂ ਨੂੰ ਨਾਲ ਲੈ ਕੇ ਪੀੜਤ ਕਿਸਾਨਾਂ ਦਾ ਸਰਵੇ ਕੀਤਾ ਗਿਆ ਸੀ। ਜਿਸ ਦੇ ਅਧਾਰ ਤੇ ਹੁਣ ਉਹਨਾਂ ਪੀੜਤ ਕਿਸਾਨਾਂ ਨੂੰ ਬੀਜ, ਡੀਜਲ ਅਤੇ ਹੋਰ ਖੇਤੀ ਸੰਦਾਂ ਦੀ ਮੁਰੰਮਤ ਲਈ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇਗੀ।ਉਨ੍ਹਾਂ ਅੱਗੇ ਦੱਸਿਆ ਕਿ ਠੇਕੇ ਉੱਤੇ ਜ਼ਮੀਨ ਲੈ ਕੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਹੋਰਾਂ ਨਾਲੋਂ ਵੱਧ ਮਾਰ ਪਈ ਹੈ।ਇਸ ਲਈ ਉਹਨਾਂ ਨੂੰ ਹੋਰਾਂ ਨਾਲੋਂ ਕੁਝ ਵੱਧ ਰਾਸ਼ੀ ਦੇ ਕੇ ਸਹਾਇਤਾ ਕੀਤੀ ਗਈ।ਉਨ੍ਹਾਂ ਦੱਸਿਆ ਇਸ ਖੇਤਰ 'ਚ ਦੋ ਦਿਨ ਰਹਿ ਕੇ ਕਰੀਬ 6 ਲੱਖ ਰੁਪਏ ਦੀ ਸਹਾਇਤਾ ਨਾਲ ਕਿਸਾਨਾਂ ਦੀ ਮਦਦ ਕੀਤੀ ਜਾਵੇਗੀ।

## ਮਾਤਾ ਗੰਗਾ ਖ਼ਾਲਸਾ ਕਾਲਜ ਵਿਖੇ ਸਲਾਈਆਂ ਬੁਣਨ ਤਕਨੀਕ 'ਤੇ ਵਰਕਸ਼ਾਪ



**ਦੋਰਾਹਾ (ਹਰਮਿੰਦਰ ਸੇਠ)**

ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਗ੍ਰਹਿ ਵਿਗਿਆਨ ਵਿਭਾਗ ਦੁਆਰਾ ਹੱਥੀਂ ਬੁਣਾਈ (ਨੀਟਿੰਗ) ਵਿੱਚ ਸਲਾਈਆਂ ਬੁਣਨ ਤਕਨੀਕ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਵਿੱਚ ਰਿਸੋਰਸ ਪਰਸਨ ਵਜੋਂ ਲੈਕਚਰਾਰ ਸ੍ਰੀਮਤੀ ਸੁਰਿੰਦਰ ਕੌਰ (ਪੰਜਾਬੀ ਵਿਭਾਗ) ਨੇ ਸੇਵਾ ਨਿਭਾਈ।ਉਨ੍ਹਾਂ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੀ ਉੱਨ ਤੇ ਸਿਲਾਈਆਂ ਦੇ ਨੰਬਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਿਆਂ ਸਿਲਾਈਆਂ ਨਾਲ਼ ਬੁਣਨ ਦੀਆਂ ਵੱਖ-ਵੱਖ ਤਕਨੀਕਾਂ ਬਾਰੇ ਬਾਖੂਬੀ ਢੰਗ ਨਾਲ ਸਮਝਾਇਆ।

ਉਨ੍ਹਾਂ ਦੁਆਰਾ ਸਲਾਈਆਂ ਤੇ ਕਰੋਸ਼ੀਏ ਦੁਆਰਾ ਤਿਆਰ ਕੀਤੀਆਂ ਗਈਆਂ ਕਈ ਵਸਤਾਂ ਜਿਵੇਂ ਊਨੀ ਟੌਪ, ਟੋਪੀਆਂ, ਮੌਜੇ, ਥਾਲ਼ ਤੇ ਪਰਾਤ ਦੇ ਰੁਮਾਲ, ਜੈਕਟਾਂ ਆਦਿ ਵੀ ਪ੍ਰਦਰਸ਼ਤ ਕੀਤੇ ਗਏ।ਵਿਦਿਆਰਥੀਆਂ ਨੇ ਇਸ ਵਰਕਸ਼ਾਪ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਤੇ ਸਿੱਖਣ ਵਿੱਚ ਖੂਬ ਦਿਲਚਸਪੀ ਦਿਖਾਈ।ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਵਿਰਸੇ ਵਿੱਚੋਂ ਅਲੋਪ ਹੋ ਰਹੇ ਸਾਡੇ ਪੁਰਖਿਆਂ ਦੀਆਂ ਰਹੁ-ਰੀਤਾਂ ਨੂੰ ਸੰਭਾਲ ਕੇ ਰੱਖਣਾ ਤੇ ਉਨ੍ਹਾਂ ਦੁਆਰਾ ਹੱਥੀਂ ਬੁਣਾਈ ਦੀ ਪ੍ਰੰਪਰਾ ਨੂੰ ਮੁੜ ਸੁਰਜੀਤ ਕਰਨਾ ਸੀ।ਅੱਜ ਦੇ ਦੌਰ ਵਿੱਚ ਵਿਦਿਆਰਥੀਆਂ ਨੂੰ ਮੋਬਾਈਲ ਫੋਨ ਦੀ ਆਦਤ ਤੋਂ ਦੂਰ ਕਰਕੇ ਉਨ੍ਹਾਂ ਵਿੱਚ ਚੰਗੇ ਹੁਨਰਾਂ ਨੂੰ ਨਿਖਾਰਨਾ ਬਹੁਤ ਜ਼ਰੂਰੀ ਹੈ।

ਇਸ ਲਈ ਅਜਿਹੀਆਂ ਦਸਤਕਾਰੀ ਤਕਨੀਕਾਂ ਨੂੰ ਸਿੱਖਣਾ ਨਾ ਸਿਰਫ਼ ਰਚਨਾਤਮਕ ਹੁਨਰਾਂ ਨੂੰ ਨਿਖਾਰਨ ਵਿੱਚ ਮਦਦ ਕਰਦਾ ਹੈ, ਸਗੋਂ ਇਸ ਨੂੰ ਪੇਸ਼ੇ ਵਜੋਂ ਅਪਣਾਉਣ ਦੇ ਵੀ ਰਾਹ ਖੋਲ੍ਹਦਾ ਹੈ। ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਜੀ ਨੇ ਗ੍ਰਹਿ ਵਿਗਿਆਨ ਵਿਭਾਗ ਦੇ ਇਨ੍ਹਾਂ ਯਤਨਾਂ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵਿੱਤੀ ਤੌਰ 'ਤੇ ਸੁਤੰਤਰ ਬਣਨ ਲਈ ਹੁਨਰ ਅਧਾਰਤ ਤਕਨੀਕਾਂ ਹਾਸਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

## ਫਸਰੇਵਾ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਡੀ ਸੀ ਨੂੰ ਚੈੱਕ ਭੇਟ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਖੁਰਾਕ ਤੇ ਸਪਲਾਈਜ਼ ਵਿਭਾਗ ਰਿਟਾਇਰਡ ਇੰਪਲਾਇਜ਼ ਵੈੱਲਫੇਅਰ ਐਸੋਸੀਏਸ਼ਨ (ਫਸਰੇਵਾ) ਵੱਲੋਂ ਕਾਰਜਕਾਰੀ ਪ੍ਰਧਾਨ ਸ੍ਰੀ ਓਮ ਪ੍ਰਕਾਸ਼ ਖਿੱਪਲ, ਜਨਰਲ ਸਕੱਤਰ ਸ੍ਰੀ ਰਾਜ ਕੁਮਾਰ ਅਰੋੜਾ, ਵਿੱਤ ਸਕੱਤਰ ਸ੍ਰੀ ਪ੍ਰੇਮ ਕੁਮਾਰ ਖੁਰਾਣਾ, ਸਾਬਕਾ ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ ਸ੍ਰੀ ਲਾਲ ਚੰਦ ਸੈਣੀ, ਆਰ. ਐੱਸ. ਮਦਾਨ, ਸਾਬਕਾ ਸੀਨੀਅਰ ਆਡੀਟਰ ਬਲਦੇਵ ਸਿੰਘ ਰਤਨ, ਸਾਬਕਾ ਸੁਪਰਡੈਂਟ ਜੋਗਿੰਦਰ ਸਿੰਘ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਰਾਹੁਲ ਚਾਬਾ ਆਈ. ਏ. ਐੱਸ. ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਮਿਲਿਆ ਤੇ ਉਨ੍ਹਾਂ ਨੂੰ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਸਹਾਇਤਾ ਲਈ 61 ਹਜ਼ਾਰ ਰੁਪਏ ਦੀ ਰਾਸ਼ੀ ਦਾ ਚੈੱਕ ਮੁੱਖ ਮੰਤਰੀ ਰਾਹਤ ਫੰਡ ਵਿੱਚ ਦਿੱਤਾ।ਐਸੋਸੀਏਸ਼ਨ ਦੇ ਜਨਰਲ ਸਕੱਤਰ ਸ੍ਰੀ ਰਾਜ ਕੁਮਾਰ ਅਰੋੜਾ ਨੇ ਡਿਪਟੀ ਕਮਿਸ਼ਨਰ ਸ੍ਰੀ ਚਾਬਾ ਧਿਆਨ ਵਿੱਚ ਲਿਆਂਦਾ ਕਿ ਉਨ੍ਹਾਂ ਦੇ ਸੰਸਥਾ ਖੁਰਾਕ ਤੇ ਸਪਲਾਈਜ਼ ਵਿਭਾਗ ਵਿੱਚੋਂ ਸੇਵਾ ਮੁਕਤ ਹੋਏ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਸੰਸਥਾ ਹੈ, ਜੋ ਮੁਲਾਜ਼ਮ ਮੰਗਾਂ ਦੇ ਨਾਲ-ਨਾਲ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਸਮਾਜ ਸੇਵਾ ਤੇ ਲੋਕ ਭਲਾਈ ਦੇ ਕੰਮ ਕੀਤੇ ਜਾਂਦੇ ਹਨ।ਸੰਸਥਾ ਦੇ ਸਮੂਹ ਮੈਂਬਰਾਂ ਦੇ ਹਰ ਦੋ ਮਹੀਨੇ ਬਾਅਦ ਇਕੱਤਰਤਾ ਕਰਕੇ ਜਨਮ ਦਿਨ ਵੀ ਮਨਾਏ ਜਾਂਦੇ ਹਨ।

## ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਸੰਬੰਧੀ ਵਫਦ ਏ ਡੀ ਸੀ ਨੂੰ ਮਿਲਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ ਦੀ ਅਗਵਾਈ ਹੇਠ ਮਜ਼ਦੂਰਾਂ ਦੇ ਇੱਕ ਵਫਦ ਨੇ ਬੀ.ਡੀ.ਪੀ.ਓ. ਦਫ਼ਤਰ ਮਹਿਲ ਕਲਾਂ ਵਿਖੇ ਏ.ਡੀ.ਸੀ. ਬਰਨਾਲਾ ਸਤਵੰਤ ਸਿੰਘ ਨਾਲ ਗੱਲਬਾਤ ਕਰਦਿਆਂ ਮਜ਼ਦੂਰਾਂ ਦੀਆਂ ਵੱਖ-ਵੱਖ ਮੰਗਾਂ ਸਬੰਧੀ ਜਾਣੂ ਕਰਵਾਇਆ।ਵਫਦ ਵੱਲੋਂ ਖ਼ਾਸ ਤੌਰ 'ਤੇ ਮਨਰੇਗਾ ਐਕਟ ਅਧੀਨ ਮਜ਼ਦੂਰਾਂ ਨੂੰ ਕੰਮ ਦੀ ਘਾਟ, ਬੰਦ ਪਏ ਕੰਮਾਂ ਨੂੰ ਚਾਲੂ ਕਰਨ, ਕੀਤੇ ਕੰਮ ਦੇ ਬਕਾਏ ਪੈਸੇ ਜਾਰੀ ਕਰਨ ਸਮੇਤ ਹੋਰ ਕਈ ਮੰਗਾਂ ਉਠਾਈਆਂ ਗਈਆਂ।ਇਸ ਦੌਰਾਨ ਏ.ਡੀ.ਸੀ. ਬਰਨਾਲਾ ਸਤਵੰਤ ਸਿੰਘ ਨੇ ਭਰੋਸਾ ਦੁਆਇਆ ਕਿ ਨਿਯਮਾਂ ਅਨੁਸਾਰ ਮਨਰੇਗਾ ਤਹਿਤ ਮਜ਼ਦੂਰਾਂ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ।ਜੇਕਰ ਕੋਈ ਸਮੱਸਿਆ ਸਾਹਮਣੇ ਆਉਂਦੀ ਹੈ, ਉਸ ਨੂੰ ਲਿਖਤੀ ਰੂਪ ਵਿੱਚ ਦਿੱਤਾ ਜਾਵੇ, ਤਾਂ ਜੋ ਉਸ ਨੂੰ ਸਰਕਾਰ ਤੱਕ ਭੇਜਿਆ ਜਾ ਸਕੇ।ਇਸ ਮੌਕੇ ਹਰਜੀਤ ਖਿਆਲੀ ਨੇ ਕਿਹਾ ਕਿ ਜੇਕਰ ਮਜ਼ਦੂਰਾਂ ਨੂੰ ਲੋੜ ਅਨੁਸਾਰ ਕੰਮ ਸਮੇਂ ਸਿਰ ਮਿਲੇ ਤਾਂ ਕਿਰਤੀ ਲੋਕਾਂ ਨੂੰ ਸੜਕਾਂ ਉਪਰ ਨਾ ਬੈਠਣਾ ਪਵੇ।ਰਾਜ ਸਰਕਾਰ ਤੇ ਅਫ਼ਸਰਸ਼ਾਹੀ ਦੇ ਰਵੱਈਏ ਕਾਰਨ ਮਜ਼ਦੂਰਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਲੜਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਮੌਕੇ ਬੀ ਡੀ ਪੀ ਓ ਮਹਿਲ ਕਲਾਂ ਸੁਖਜਿੰਦਰ ਸਿੰਘ, ਬਲਾਕ ਪ੍ਰਧਾਨ ਬਲਦੇਵ ਸਿੰਘ ਸਹਿਜੜਾ, ਮੇਜਰ ਸਿੰਘ ਸਹਿਜੜਾ, ਗੈਠਾ ਸਿੰਘ ਛੀਨੀਵਾਲ ਖੁਰਦ ਆਦਿ ਆਗੂ ਹਾਜ਼ਰ ਸਨ।

## ਥਾਂਦੇਵਾਲਾ ਦੇ ਬੱਚਿਆਂ ਨੇ ਖੇਡਾਂ 'ਚ ਵਧੀਆ ਪੁਜ਼ੀਸਨਾਂ ਲੈ ਕੇ ਪਿੰਡ ਦਾ ਨਾਂਅ ਚਮਕਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ ਪੂਜਾ)**-ਪਿੰਡ ਮੱਲਣ ਤੇ ਦਾਦੂ ਮਹੱਲਾ ਮੱਲਣ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸ: ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਦੂਜਾ ਸ਼ਾਨਦਾਰ ਟੂਰਨਾਮੈਂਟ ਕਰਾਇਆ ਗਿਆ, ਜਿਸ ਵਿੱਚ ਪਿੰਡ ਥਾਂਦੇਵਾਲਾ ਜੂਨੀਅਰ ਐਥਲੀਟ ਦੀ ਟੀਮ ਕੋਚ ਰੋਬਿਨ, ਕੋਚ ਘੋਦਰ, ਕੋਚ ਰਾਜਪਾਲ ਤੇ ਕੋਚ ਸ਼ਮਿੰਦਰ ਸਿੰਘ ਦੀ ਅਗਵਾਈ ਹੇਠ 62 ਐਥਲੀਟਾਂ ਨੂੰ ਭੇਜਿਆ ਗਿਆ, ਜਿਨ੍ਹਾਂ ਵਿੱਚੋਂ 12 ਪੁਜ਼ੀਸ਼ਨਾਂ ਪਿੰਡ ਥਾਂਦੇਵਾਲਾ ਦੇ ਹੱਕ ਵਿੱਚ ਆਈਆਂ।100 ਮੀਟਰ ਮੁੰਡੇ, ਕੁੜੀਆਂ ਤਿੰਨੋਂ ਪੁਜੀਸ਼ਨਾਂ, 200 ਮੀਟਰ ਮੁੰਡੇ, ਕੁੜੀਆਂ ਤਿੰਨੋਂ ਪੁਜੀਸ਼ਨਾਂ, 400 ਮੀਟਰ ਮੁੰਡਾ ਫਾਸਟ ਆਇਆ।ਇਨ੍ਹਾਂ ਪੁਜੀਸ਼ਨਾਂ ਵਿੱਚੋਂ 200 ਮੀਟਰ ਫਸਟ ਪੁਜੀਸ਼ਨ ਯਸ਼ਦੀਪ ਸ਼ਰਮਾ, 100 ਮੀਟਰ ਦੂਜੀ ਪੁਜੀਸ਼ਨ ਸਹਿਜ ਤੇ ਤੀਜੀ ਪੁਜੀਸ਼ਨ ਗਗਨਦੀਪ ਸ਼ਰਮਾ ਜੋ ਵਾਈ. ਐਸ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਥਾਂਦੇਵਾਲਾ ਦੇ ਵਿਦਿਆਰਥੀ ਸਨ। ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ ਨੇ ਜੇਤੂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਇਸ ਤਰ੍ਹਾਂ ਦੇ ਈਵੈਂਟ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਉਪਰੰਤ ਸਕੂਲ ਦੇ ਪ੍ਰਿੰਸੀਪਲ ਮੈਡਮ ਬੀਰਪਾਲ ਕੌਰ ਨੇ ਬੱਚਿਆਂ ਨੂੰ ਖੇਡਾਂ ਨਾਲ ਜੁੜਨ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਤ ਕੀਤਾ ਤੇ ਜੇਤੂ ਬੱਚਿਆਂ ਤੇ ਕੋਚ ਸਾਹਿਬਾਨਾਂ ਨੂੰ ਵਧਾਈਆਂ ਦਿੱਤੀਆਂ ਤੇ ਕੋਚ ਸਾਹਿਬਾਨਾਂ ਦੀ ਇਸ ਚੰਗੇ ਕੰਮ ਲਈ ਸ਼ਲਾਘਾ ਕੀਤੀ ਕਿ ਉਹ ਆਪਣਾ ਕੀਮਤੀ ਸਮਾਂ ਬੱਚਿਆਂ ਨੂੰ ਦੇ ਰਹੇ ਹਨ, ਬੱਚਿਆਂ ਨੂੰ ਖੇਡਾਂ ਨਾਲ ਜੋੜ ਰਹੇ ਹਨ ਤੇ ਨਸ਼ਿਆਂ ਤੋਂ ਦੂਰ ਰੱਖ ਰਹੇ ਹਨ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਸਾਈਕਲ ਰੈਲੀ

**ਕੋਟਕਪੂਰਾ (ਰਛਪਾਲ ਭੁੱਲਰ)**-ਦੇਸ਼ ਦੀ ਆਜ਼ਾਦੀ ਲਈ ਆਪਣਾ ਆਪ ਨਿਛਾਵਰ ਕਰਨ ਵਾਲੇ ਭਗਤ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਕੋਟਕਪੂਰਾ ਸਾਈਕਲ ਰਾਈਡਰਜ਼ ਤੇ ਫ਼ਰੀਦਕੋਟ ਸਾਈਕਲ ਕਲੱਬ ਵੱਲੋਂ ਸਾਂਝੇ ਤੌਰ 'ਤੇ ਸਾਈਕਲ ਰੈਲੀ ਦਾ ਪ੍ਰਬੰਧ ਕੀਤਾ ਗਿਆ।ਇਸ ਸਾਈਕਲ ਰੈਲੀ 'ਚ ਡਾ. ਕੁਲਦੀਪ ਧੀਰ, ਡਾ. ਕੰਵਲ ਸੇਠੀ, ਗੁਰਪ੍ਰੀਤ ਸਿੰਘ ਕਮੋਂ, ਰਜਤ ਕਟਾਰੀਆ, ਮਨਜਿੰਦਰ ਸਿੰਘ, ਅਰਵਿੰਦ ਲੱਕੀ, ਤੁਲਸੀ ਕੁਮਾਰ ਅਤੇ ਫ਼ਰੀਦਕੋਟ ਸਾਈਕਲ ਕਲੱਬ ਦੇ ਵਿਕਾਸ ਗੋਇਲ, ਡਾ. ਕਰਨ ਬਜਾਜ, ਰਜਿੰਦਰ ਸੇਖੋਂ, ਲਵਪ੍ਰੀਤ ਲੱਧੜ, ਸੁਖਪਾਲ ਸਿੰਘ, ਅਰੁਣ ਦੇਵਗਣ, ਪ੍ਰਦੀਪ ਸੈਨ, ਸਿਮਰਨਜੀਤ, ਗੌਤਮ ਅਹੀਰ ਆਦਿ ਨੇ ਭਾਗ ਲਿਆ ਤੇ ਇਸ ਸਾਈਕਲ ਰੈਲੀ ਦੌਰਾਨ ਲਗਭਗ 50 ਕਿਲੋਮਟਰ ਦਾ ਸਾਈਕਲ ਸਫ਼ਰ ਤੈਅ ਕੀਤਾ ਗਿਆ।ਡਾ. ਕੁਲਦੀਪ ਧੀਰ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਆਪਾਂ ਬਿਮਾਰੀਆਂ ਤੇ ਦਵਾਈਆਂ ਤੋਂ ਛੁਟਕਾਰਾਂ ਪਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੀ ਸਿਹਤ ਵੱਲ ਉਚੇਰੇ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਡਾ. ਕੰਵਲ ਸੇਠੀ ਤੇ ਵਿਕਾਸ ਗੋਇਲ ਵੱਲੋਂ ਕਲੱਬਾਂ ਵੱਲੋਂ ਕੀਤੇ ਜਾ ਰਹੇ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਗਈ ਅਤੇ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਨਿਰੰਤਰ ਜਾਰੀ ਰੱਖਣ ਦਾ ਭਰੋਸਾ ਦਿਵਾਇਆ ਗਿਆ।ਅਖ਼ੀਰ ਗੁਰਪ੍ਰੀਤ ਸਿੰਘ ਕਮੋਂ ਵੱਲੋਂ ਸਾਰੇ ਹੀ ਸਾਈਕਲਿਸਟਾਂ ਦਾ ਭਗਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਇਸ ਸਾਈਕਲ ਰੈਲੀ 'ਚ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।



## ...ਸਫ਼ਾ 1 ਦੇ ਬਾਕੀ

### ਹਰਦੀਪ ਮੁੰਡੀਆਂ ਤੇ ਭੁੱਲਰ...

ਸਕੀਮ ਨੂੰ ਰਾਜ ਵਿੱਚ ਮਿਸ਼ਨ ਮੋਡ ਵਿੱਚ ਲਾਗੂ ਕੀਤਾ ਜਾ ਰਿਹਾ ਹੈ, ਇਹ ਸਕੀਮ ਦਸੰਬਰ, 2026 ਤੱਕ ਰਾਜ ਭਰ ਵਿੱਚ ਲਾਗੂ ਕਰ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ "ਮੇਰਾ ਘਰ, ਮੇਰਾ ਮਾਣ" ਸਕੀਮ ਦਾ ਉਦੇਸ਼ ਆਬਾਦੀ ਦੇਹ ਦੇ ਖੇਤਰ, ਜਿਸ ਨੂੰ ਅਸੀਂ ਲਾਲ ਲਕੀਰ ਦੇ ਨਾਮ ਨਾਲ ਜਾਣਦੇ ਹਾਂ, ਉਸ ਵਿੱਚ ਰਹਿ ਰਹੇ ਲੋਕਾਂ ਨੂੰ ਜ਼ਮੀਨ ਦੇ ਮਾਲਕਾਨਾ ਹੱਕ ਦੇਣਾ ਹੈ। ਭੁੱਲਰ ਨੇ ਕਿਹਾ ਕਿ "ਮੇਰਾ ਘਰ, ਮੇਰਾ ਮਾਣ" ਸਕੀਮ ਰਾਹੀਂ ਰਾਜ ਦੇ ਹਜ਼ਾਰਾਂ ਪਰਿਵਾਰਾਂ ਤੇ ਲੱਖਾਂ ਲੋਕਾਂ ਨੂੰ ਲਾਭ ਮਿਲੇਗਾ।ਹਲਕਾ ਇੰਚਾਰਜ ਸ੍ਰੀ ਹਰਮੀਤ ਸਿੰਘ ਸੰਧੂ ਨੇ ਵੱਖ-ਵੱਖ ਪਿੰਡਾਂ ਤੋਂ ਆਏ "ਮੇਰਾ ਘਰ, ਮੇਰਾ ਮਾਣ" ਸਕੀਮ ਦੇ ਲਾਭਪਾਤਰੀਆਂ ਨੂੰ ਵਧਾਈ ਦਿੱਤੀ।

### 'ਆਪਦਾ 'ਚ ਅਵਸਰ' ...

ਸਰਕਾਰੀ ਅਧਿਕਾਰੀਆਂ 'ਤੇ ਦਬਾਅ ਬਣਾ ਰਹੇ ਸਨ।

ਪ੍ਰੈੱਸ ਕਾਨਫਰੰਸ ਦੌਰਾਨ ਨੀਲ ਗਰਗ ਨੇ ਕਿਹਾ ਕਿ ਇਹ ਬੜੇ ਹੀ ਅਫਸੋਸ ਦੀ ਗੱਲ ਹੈ ਕਿ ਇਸ ਨਾਜ਼ੁਕ ਸਮੇਂ ਵਿੱਚ ਜਦੋਂ ਵਿਰੋਧੀ ਧਿਰ ਦੇ ਆਗੂ ਨੂੰ ਸਰਕਾਰ ਨਾਲ ਖੜ੍ਹ ਕੇ ਕੇਂਦਰ ਤੋਂ 20,000 ਕਰੋੜ ਦੇ ਮੁਆਵਜ਼ੇ ਦੀ ਮੰਗ ਕਰਨੀ ਚਾਹੀਦੀ ਸੀ, ਬਾਜਵਾ ਨੇ ਉਲਟਾ ਪੰਜਾਬ ਸਰਕਾਰ 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ ਅਤੇ ਹੜ੍ਹਾਂ ਨੂੰ 'ਮੈਨ-ਮੇਡ' ਕਹਿ ਕੇ ਦੋਸ਼ ਮੜ੍ਹਨ ਦੀ ਕੋਸ਼ਿਸ਼ ਕੀਤੀ।

ਗਰਗ ਨੇ ਦੱਸਿਆ ਕਿ ਹੜ੍ਹਾਂ ਕਾਰਨ ਹੋਈ ਭਿਆਨਕ ਤਬਾਹੀ 'ਤੇ ਵਿਚਾਰ ਕਰਨ ਲਈ 26 ਤੋਂ 29 ਸਤੰਬਰ ਤੱਕ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਸੀ। ਇਸ ਤਬਾਹੀ ਵਿੱਚ ਕਰੀਬ 5 ਲੱਖ ਏਕੜ ਖੜ੍ਹੀ ਫ਼ਸਲ ਬਰਬਾਦ ਹੋਈ, 2305 ਪਿੰਡ ਤਬਾਹ ਹੋ ਗਏ, 60 ਲੋਕਾਂ ਦੀ ਮੌਤ ਹੋਈ ਅਤੇ ਹਜ਼ਾਰਾਂ ਕਰੋੜਾਂ ਦਾ ਨੁਕਸਾਨ ਹੋਇਆ।ਨੀਲ ਗਰਗ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਘੇਰਦੀਆਂ ਕਈ ਸਵਾਲ ਪੁੱਛੇ ਅਤੇ ਕਾਂਗਰਸ ਲੀਡਰਸ਼ਿਪ ਤੋਂ ਵੀ ਜਵਾਬ ਦੀ ਮੰਗ ਕੀਤੀ। ਉਨ੍ਹਾ ਪੁੱਛਿਆ—ਬਾਜਵਾ ਜੀ, ਤੁਸੀਂ 15 ਜੁਲਾਈ ਨੂੰ ਆਪਣੀ ਪਤਨੀ ਦੇ ਨਾਂਅ 'ਤੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਫੁੱਲੜਾਂ (ਹੱਦਬਸਤ ਨੰਬਰ 125) ਵਿੱਚ ਬਿਆਸ ਦਰਿਆ ਦੇ ਨੇੜਲੇ ਖੇਤਰ ਅੰਦਰ 16 ਕਨਾਲ ਅਤੇ 10 ਮਰਲੇ ਜ਼ਮੀਨ ਕਿਉਂ ਖਰੀਦੀ? ਕੀ ਤੁਹਾਨੂੰ ਪਹਿਲਾਂ ਪਤਾ ਸੀ ਕਿ ਹਰ ਸਾਲ ਇੱਥੇ ਮੌਨਸੂਨ ਵਿੱਚ ਆਉਣ ਵਾਲੀ ਮਿੱਟੀ (ਰੇਤ) ਨਾਲ ਤੁਸੀਂ 'ਮਾਈਨਿੰਗ' ਦਾ ਕਾਰੋਬਾਰ ਕਰੋਗੇ? ਜਿੱਥੇ ਲੋਕ ਹੜ੍ਹਾਂ ਦੀ ਤਬਾਹੀ ਝੱਲ ਰਹੇ ਹਨ, ਉੱਥੇ ਤੁਸੀਂ ਇਸ ਨੂੰ ਕਾਰੋਬਾਰ ਦਾ 'ਅਵਸਰ' ਕਿਉਂ ਬਣਾਇਆ? ਉਹਨਾ ਕਿਹਾ ਕਿ ਸੱਤਾ ਵਿੱਚ ਹੁੰਦੀਆਂ ਬਾਜਵਾ ਨੇ ਪਿੰਡ (ਗੁਰਦਾਸਪੁਰ) ਵਿਖੇ 2016-17 ਵਿੱਚ ਆਪਣੇ ਪੁੱਤ ਅਤੇ ਪਤਨੀ ਦੇ ਨਾਂਅ 'ਤੇ 185 ਕਨਾਲ ਅਤੇ 4 ਮਰਲੇ ਜ਼ਮੀਨ ਖਰੀਦੀ ਸੀ। ਉਸ ਸਮੇਂ ਜਦੋਂ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਮਿਲ ਰਿਹਾ ਸੀ, ਉਦੋਂ ਕਾਂਗਰਸ ਸਰਕਾਰ ਨੇ ਬਾਜਵਾ ਦੇ ਨਿੱਜੀ ਹਿੱਤਾਂ ਲਈ ਉਸ ਜ਼ਮੀਨ 'ਤੇ 1 ਕਰੋੜ 18 ਲੱਖ ਰੁਪਏ ਖਰਚ ਕਰਕੇ 'ਡੰਗੇ' (ਪੱਥਰਾਂ ਦੀਆਂ ਦੀਵਾਰਾਂ/ਪਾਲਾਂ) ਕਿਉਂ ਲਗਵਾਏ? ਕੀ ਲੋਕਾਂ ਦੇ ਟੈਕਸ ਦਾ ਪੈਸਾ ਨਿੱਜੀ ਜਾਇਦਾਦ ਨੂੰ ਬਚਾਉਣ ਲਈ ਵਰਤਣਾ ਜਾਇਜ਼ ਹੈ? ਗਰਗ ਨੇ ਕਿਹਾ ਕਿ ਬਾਜਵਾ ਨੂੰ ਵੱਡਾ ਲੀਡਰ ਹੋਣ ਦੇ ਨਾਤੇ ਇਨ੍ਹਾਂ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਹੈ ਅਤੇ ਕਾਂਗਰਸ ਦੀ ਲੀਡਰਸ਼ਿਪ ਨੂੰ ਵੀ ਆਪਣੀ ਦੋਗਲੀ ਨੀਤੀ ਬਾਰੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ।

### ਮਾਨ ਨੇ ਸ਼ਾਹ.....

ਸੂਬੇ ਨੇ ਮੁਆਵਜ਼ਾ ਵਧਾਉਣ ਲਈ ਆਪਣੇ ਪੱਧਰ ਉੱਤੇ ਸੂਬਾਈ ਬਜਟ ਵਿੱਚੋਂ ਹਿੱਸਾ ਵਧਾ ਦਿੱਤਾ। ਉਨ੍ਹਾ ਕਿਹਾ ਕਿ ਹੜ੍ਹ ਪੀੜਤਾਂ ਨੂੰ ਰਾਹਤ ਪਹੁੰਚਾਉਣ ਲਈ ਸੂਬਾ ਸਰਕਾਰ ਨੇ ਐੱਸ ਡੀ ਆਰ ਐੱਫ ਨਿਯਮਾਂ ਤਹਿਤ 26 ਤੋਂ 33 ਪ੍ਰਤੀਸ਼ਤ ਫਸਲ ਨੁਕਸਾਨ ਦੇ ਮੁਆਵਜ਼ੇ ਨੂੰ ਮੌਜੂਦਾ 2000 ਰੁਪਏ ਪ੍ਰਤੀ ਏਕੜ ਤੋਂ ਵਧਾ ਕੇ 10,000 ਰੁਪਏ ਪ੍ਰਤੀ ਏਕੜ, 33 ਤੋਂ 75 ਪ੍ਰਤੀਸ਼ਤ ਫਸਲ ਨੁਕਸਾਨ ਦੇ ਮੁਆਵਜ਼ੇ ਨੂੰ ਮੌਜੂਦਾ 6800 ਰੁਪਏ ਤੋਂ ਵਧਾ ਕੇ 10,000 ਰੁਪਏ ਪ੍ਰਤੀ ਏਕੜ ਅਤੇ 75 ਤੋਂ 100 ਪ੍ਰਤੀਸ਼ਤ ਫਸਲ ਨੁਕਸਾਨ ਦੇ ਮੁਆਵਜ਼ੇ ਨੂੰ ਮੌਜੂਦਾ 6800 ਰੁਪਏ ਤੋਂ ਵਧਾ ਕੇ 20,000 ਰੁਪਏ ਪ੍ਰਤੀ ਏਕੜ ਕਰਨ ਦਾ ਫੈਸਲਾ ਕੀਤਾ ਹੈ।ਉਹਨਾ ਕਿਹਾ ਕਿ ਗੁਰਦਾਸਪੁਰ, ਅੰਮ੍ਰਿਤਸਰ, ਫਾਜ਼ਿਲਕਾ, ਕਪੂਰਥਲਾ ਅਤੇ ਫਿਰੋਜ਼ਪੁਰ ਸਭ ਤੋਂ ਵੱਧ ਪ੍ਰਭਾਵਤ ਜ਼ਿਲ੍ਹੇ ਹਨ, ਇਸ ਲਈ ਸਾਉਣੀ ਮੰਡੀਕਰਨ ਸੀਜ਼ਨ 2025-26 ਲਈ ਪੰਜਾਬ ਲਈ ਵਿਸ਼ੇਸ਼ ਛੋਟ ਦਿੱਤੀ ਜਾਵੇ। ਉਨ੍ਹਾ ਕਿਹਾ ਕਿ ਖ਼ੁਰਾਕ ਤੇ ਜਨਤਕ ਵੰਡ ਮੰਤਰਾਲਾ ਭਾਰਤ ਸਰਕਾਰ ਤਰਜੀਹ ਦੇ ਆਧਾਰ ਉੱਤੇ ਸਾਉਣੀ ਖ਼ਰੀਦ ਸੀਜ਼ਨ 2025-26 ਦੌਰਾਨ ਖ਼ਰੀਦ ਲਈ ਝੋਨੇ ਦੇ ਮਾਪਦੰਡਾਂ ਵਿੱਚ ਛੋਟ ਦੇ ਸਕਦਾ ਹੈ।

### ਵਿੱਤ ਕਮਿਸ਼ਨ ਦੇ ਚੇਅਰਮੈਨ....

ਪ੍ਰਦਾਨ ਕਰਨ ਦੀ ਸੂਬਾ ਸਰਕਾਰ ਦੀ ਯੋਗਤਾ ਨੂੰ ਬੁਰੀ ਤਰ੍ਹਾਂ ਸੀਮਤ ਕਰਦੇ ਹਨ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਲਈ ਇਹ ਜ਼ਰੂਰੀ ਹੈ ਕਿ ਸੂਬਾ-ਵਿਸ਼ੇਸ਼ ਆਫ਼ਤਾਂ ਲਈ ਲਚਕਦਾਰ ਨਿਯਮਾਂ ਨੂੰ ਸ਼ਾਮਲ ਕਰਨ ਲਈ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਵਿਆਪਕ ਸਮੀਖਿਆ ਕੀਤੀ ਜਾਵੇ।ਇਸ ਤੋਂ ਇਲਾਵਾ, ਵਿੱਤ ਮੰਤਰੀ ਨੇ ਇਹ ਜ਼ਿਕਰ ਕਰਦਿਆਂ ਕਿ ਪੰਜਾਬ ਦੇ ਐਸ ਡੀ ਆਰ ਐਫ ਵਿੱਚ ਇਸ ਸਮੇਂ 12,268 ਕਰੋੜ ਰੁਪਏ ਦੇ ਕੁੱਲ ਬਕਾਏ ਵਿੱਚੋਂ 7,623 ਕਰੋੜ ਰੁਪਏ ਦੀ ਵਿਆਜ ਦੀ ਵੱਡੀ ਰਕਮ ਹੈ, ਜ਼ੋਰ ਦੇ ਕੇ ਕਿਹਾ ਕਿ ਐਸ ਡੀ ਆਰ ਐਫ ਨੂੰ ਰਾਸ਼ਟਰੀ ਆਫ਼ਤ ਪ੍ਰਬੰਧਨ ਫੰਡ (ਐਨ ਡੀ ਆਰ ਐਫ) ਵਾਂਗ ਇੱਕ ਵਿਆਜ ਰਹਿਤ ਸਹਿਣਸ਼ੀਲ ਰਿਜ਼ਰਵ ਫੰਡ ਵਿੱਚ ਬਦਲਿਆ ਜਾਣਾ ਚਾਹੀਦਾ ਹੈ।

ਵਿੱਤ ਕਮਿਸ਼ਨ ਦੇ ਚੇਅਰਮੈਨ ਨੇ ਪੰਜਾਬ ਦੇ ਵਿੱਤ ਮੰਤਰੀ ਵੱਲੋਂ ਉਠਾਈ ਗਈ ਚਿੰਤਾ ਨੂੰ ਸਵੀਕਾਰ ਕੀਤਾ ਅਤੇ ਭਰੋਸਾ ਦਿੱਤਾ ਕਿ ਇਸ ਬਾਰੇ ਕਮਿਸ਼ਨ ਦੇ ਮੈਂਬਰਾਂ ਨਾਲ ਉਨ੍ਹਾਂ ਦੀ ਆਉਣ ਵਾਲੀ ਮੀਟਿੰਗ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

### ਸੰਘ ਦੇ ਸਮਾਰੋਹ....

ਰਜਿੰਦਰ ਗਵਈ ਨੇ ਇਹ ਵੀ ਕਿਹਾ ਕਿ ਮਾਤਾ ਨੇ ਜਿਹੜੇ ਪ੍ਰੋਗਰਾਮ ਦਾ ਸੱਦਾ ਪ੍ਰਵਾਨ ਕੀਤਾ ਉਹ ਮੁੱਖ ਪ੍ਰੋਗਰਾਮ ਨਹੀਂ ਹੈ। ਉਨ੍ਹਾ ਦੇ ਪਿਤਾ ਅਜਿਹੇ ਪ੍ਰੋਗਰਾਮਾਂ ਵਿੱਚ ਜਾਂਦੇ ਰਹੇ ਹਨ। ਮਾਤਾ ਨੇ ਵੀ ਇਸੇ ਹਿਸਾਬ ਨਾਲ ਸੱਦਾ ਪ੍ਰਵਾਨ ਕਰ ਲਿਆ।

ਆਰ ਐੱਸ ਗਵਈ, ਜਿਨ੍ਹਾ ਦਾ 2015 ਵਿੱਚ ਦੇਹਾਂਤ ਹੋ ਗਿਆ ਸੀ, ਸੀਨੀਅਰ ਅੰਬੇਡਕਰੀ ਲੀਡਰ ਸਨ। ਉਹ ਬਿਹਾਰ ਤੇ ਕੇਰਲਾ ਦੇ ਗਵਰਨਰ ਰਹੇ ਅਤੇ ਉਨ੍ਹਾ ਰਿਪਬਲੀਕਨ ਪਾਰਟੀ ਆਫ ਇੰਡੀਆ (ਗਵਈ) ਬਣਾਈ ਸੀ। ਕਮਲਤਾਈ ਦਾ ਪੱਤਰ ਮੀਡੀਆ ਵਿੱਚ ਆਉਣ ਤੋਂ ਬਾਅਦ ਰਜਿੰਦਰ ਨੇ ਵੀ ਪੁਜ਼ੀਸ਼ਨ ਬਦਲ ਲਈ। ਉਸ ਨੇ ਕਿਹਾ, 'ਜੇ ਮਾਤਾ ਪ੍ਰੋਗਰਾਮ ਵਿੱਚ ਜਾਂਦੇ ਹਨ ਤਾਂ ਮੈਂ ਉਨ੍ਹਾ ਦੇ ਨਾਲ ਹਾਂ ਤੇ ਜੇ ਨਹੀਂ ਜਾਂਦੇ ਤਾਂ ਵੀ ਉਨ੍ਹਾ ਦੇ ਨਾਲ ਹਾਂ।' ਇਸ ਦੇ ਨਾਲ ਹੀ ਉਸ ਨੇ ਕਿਹਾ, "ਮਾਤਾ ਦੇ ਪੱਤਰ ਦੀ ਅਸਲੀਅਤ ਬਾਰੇ ਮੈਂ ਪੱਕਾ ਨਹੀਂ। ਮਾਤਾ ਅੱਜਕੱਲ੍ਹ ਠੀਕ ਨਹੀਂ ਰਹਿੰਦੀ। ਮੈਂ ਪੱਕਾ ਨਹੀਂ ਕਹਿ ਸਕਦਾ ਕਿ ਮੀਡੀਆ ਵਿੱਚ ਆਇਆ ਪੱਤਰ ਸੱਚੀਮੁੱਚੀਂ ਉਨ੍ਹਾ ਲਿਖਿਆ।'

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਗੈਂਗਸਟਰਾਂ ਦੇ ਅਪਰਾਧਾਂ ਦੀ ਗੁਪਤ ਰਿਪੋਰਟ ਕਰਨ ਲਈ ਹੈਲਪਲਾਈਨ ਜਾਰੀ : ਪੁਲਸ ਮੁਖੀ

## ਸਰਹੱਦ ਪਾਰ ਤੋਂ ਹੁੰਦੀ ਨਸ਼ੇ ਅਤੇ ਹਥਿਆਰਾਂ ਦੀ ਤਸਕਰੀ ਰੋਕਣ ਲਈ ਪੰਜਾਬ ਪੁਲਸ ਸਰਗਰਮ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੰਗਠਿਤ ਅਪਰਾਧ ਵਿਰੁੱਧ ਜੰਗ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਪੰਜਾਬ ਪੁਲਸ ਨੇ ਨਾਗਰਿਕਾਂ ਲਈ ਇੱਕ ਸਮਰਪਿਤ ਟੋਲ-ਫ੍ਰੀ ਹੈਲਪਲਾਈਨ 1800-330-1100 ਦੀ ਸ਼ੁਰੂਆਤ ਕੀਤੀ ਹੈ ਤਾਂ ਜੋ ਉਹ ਡਰਾਉਣ-ਧਮਕਾਉਣ, ਜਬਰੀ ਵਸੂਲੀ ਅਤੇ ਗੈਂਗਸਟਰ ਨਾਲ ਸਬੰਧਤ ਗਤੀਵਿਧੀਆਂ ਸਮੇਤ ਸੰਗਠਿਤ ਅਪਰਾਧਾਂ ਦੀ ਗੁਪਤ ਰੂਪ ਵਿੱਚ ਰਿਪੋਰਟ ਕਰ ਸਕਣ।ਅੰਮ੍ਰਿਤਸਰ ਵਿਖੇ ਪ੍ਰੈੱਸ ਮਿਲਣੀ ਦੌਰਾਨ ਇਹ ਜਾਣਕਾਰੀ ਦਿੰਦੇ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਇਹ ਹੈਲਪਲਾਈਨ ਪੰਜਾਬ ਪੁਲਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਵੱਲੋਂ ਨਾਗਰਿਕਾਂ ਨੂੰ ਅਪਰਾਧ ਦੀ ਰਿਪੋਰਟ ਕਰਨ ਲਈ ਇੱਕ ਸਿੱਧਾ ਅਤੇ ਗੁਪਤ ਚੈਨਲ ਦਿੰਦੀ ਹੈ।ਡੀਜੀਪੀ ਯਾਦਵ ਨੇ ਨਾਗਰਿਕਾਂ ਨੂੰ ਇਹ ਵੀ ਭਰੋਸਾ ਦਿਵਾਇਆ ਕਿ ਇਸ ਹੈਲਪਲਾਈਨ ਤੇ ਕਾਲ ਕਰਨ ਵਾਲਿਆਂ



ਦੀ ਪਛਾਣ ਸੁਰੱਖਿਅਤ ਰੱਖੀ ਜਾਵੇਗੀ ਅਤੇ ਪ੍ਰਾਪਤ ਹੋਈਆਂ ਰਿਪੋਰਟਾਂ ’ਤੇ ਤੁਰੰਤ ਅਤੇ ਤਾਲਮੇਲ ਨਾਲ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਹੈਲਪਲਾਈਨ ਦੀ ਨਿਗਰਾਨੀ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਸ (ਏਡੀਜੀਪੀ) ਏਜੀਟੀਐੱਫ ਪ੍ਰਮੋਦ ਬਾਨ ਵੱਲੋਂ ਕੀਤੀ ਜਾਵੇਗੀ ਤਾਂ ਜੋ ਹਰੇਕ ਜਾਣਕਾਰੀ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਤੁਰੰਤ ਕਾਰਵਾਈ ਨੂੰ ਯਕੀਨੀ ਬਣਾਇਆ ਜਾ ਸਕੇ।ਅੰਮ੍ਰਿਤਸਰ ਵਿਖੇ ਸਰਹੱਦੀ ਜ਼ਿਲ੍ਹਿਆਂ ਦੇ ਪੁਲਸ ਮੁਖੀਆਂ ਜਿਨ੍ਹਾਂ ਵਿੱਚ ਡੀਆਈਜੀ ਬਾਰਡਰ ਰੇਂਜ ਨਾਨਕ ਸਿੰਘ, ਅੰਮ੍ਰਿਤਸਰ, ਬਟਾਲਾ, ਤਰਨਤਾਰਨ, ਗੁਰਦਾਸਪੁਰ ਤੇ ਪਠਾਨਕੋਟ ਅਤੇ ਏਆਈਜੀ ਐੱਸਐੱਸਓਸੀ ਨਾਲ ਮੀਟਿੰਗ ਕਰਨ ਉਪਰੰਤ ਉਨ੍ਹਾਂ ਨੇ ਕਿਹਾ ਕਿ ਪੰਜਾਬ ਪੁਲਿਸ ਅਮਨ ਕਾਨੂੰਨ ਅਤੇ ਰਾਜ ਦੀ ਸੁੱਰਖਿਆ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਤਿਉਹਾਰਾਂ ਦੇ ਇਸ ਸੀਜ਼ਨ ਵਿੱਚ ਬੀਐੱਸਐੱਫ ਅਤੇ ਯਾਰ ਫੋਰਸ ਦੀਆਂ 57 ਹੋਰ ਕੰਪਨੀਆਂ ਦਾ ਸਾਥ ਲਿਆ ਗਿਆ ਹੈ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹੜ੍ਹਾਂ ਦਾ ਫਾਇਦਾ ਲੈਂਦੇ ਹੋਏ ਪਾਕਿਸਤਾਨ ਤੋਂ ਨਸ਼ੇ ਦੀ ਸਮੱਗਲਿੰਗ ਦੇ ਨਾਲ ਛੋਟੇ ਹਥਿਆਰਾਂ ਦੀ ਸਮੱਗਲਿੰਗ ਵੀ ਵੱਡੇ ਪੱਧਰ ਉਤੇ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਨੂੰ ਪੰਜਾਬ ਪੁਲਸ ਨੇ ਵੱਖ-ਵੱਖ ਥਾਵਾਂ ਤੋਂ ਬਰਾਮਦ ਕੀਤਾ ਹੈ।ਉਹਨਾਂ ਦੱਸਿਆ ਕਿ ਹੁਣ ਤੱਕ ਐਂਟੀ ਗੈਂਗਸਟਰ ਟਾਸਕ ਫੋਰਸ ਨਾਲ ਮਿਲ ਕੇ 2347 ਗੈਂਗਸਟਰ ਗ੍ਰਿਫਤਾਰ ਕੀਤੇ ਗਏ ਹਨ ਅਤੇ 886 ਕ੍ਰਿਮੀਨਲ ਮਡਿਊਲ ਫੇਲ੍ਹ ਕੀਤੇ ਜਾ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ 1968 ਹਥਿਆਰ ਵੱਖ-ਵੱਖ ਥਾਵਾਂ ਤੋਂ ਪੰਜਾਬ ਪੁਲਸ ਨੇ ਬਰਾਮਦ ਕੀਤੇ ਹਨ।

# ਤਾਮਿਲ ਸਿੱਖ ਦੇ ਦਿੱਲੀ ਹਵਾਈ ਅੱਡੇ ’ਤੇ ਕੀਤੇ ਅਪਮਾਨ ਦੀ ਜਥੇਦਾਰ ਗੜਗੱਜ ਨੇ ਕੀਤੀ ਕਰੜੀ ਆਲੋਚਨਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤਾਮਿਲ ਸਿੱਖ ਤੇ ਸੁਪਰੀਮ ਕੋਰਟ ਦੇ ਵਕੀਲ ਸ. ਜੀਵਨ ਸਿੰਘ ਵਿਰੁੱਧ ਬੀਤੇ ਦਿਨੀਂ ਨਵੀਂ ਦਿੱਲੀ ਦੇ ਹਵਾਈ ਅੱਡੇ ਉਤੇ ਏਅਰ ਇੰਡੀਆ ਦੇ ਸਟਾਫ਼ ਵੱਲੋਂ ਕੀਤੇ ਗਏ ਵਿਤਕਰੇ ਤੇ ਅਪਮਾਨਜਨਕ ਵਤੀਰੇ ਦੀ ਕਰੜੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਅੱਜ ਜਦੋਂ ਸਮੁੱਚਾ ਦੇਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦਿੱਤੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮਨਾ ਰਿਹਾ ਹੈ, ਉਦੋਂ ਉਨ੍ਹਾਂ ਦੇ ਸਿੱਖਾਂ ਨਾਲ ਅਜ਼ਾਦ ਦੇਸ਼ ਅੰਦਰ ਅਪਮਾਨਜਨਕ



ਵਿਤਕਰਾ ਕੀਤਾ ਜਾ ਰਿਹਾ ਹੈ।ਜਥੇਦਾਰ ਗੜਗੱਜ ਨੇ ਕਿਹਾ ਕਿ ਸ. ਜੀਵਨ ਸਿੰਘ ਨਾਲ ਜੋ ਘਟਨਾ ਨਵੀਂ ਦਿੱਲੀ ਹਵਾਈ ਅੱਡੇ ਉੱਤੇ ਵਾਪਰੀ ਹੈ ਉਸ ਨਾਲ ਦੇਸ਼ ਵਿਦੇਸ਼ ਵਿੱਚ ਵੱਸਦੇ ਸਿੱਖਾਂ ਦੇ ਮਨਾਂ ਨੂੰ ਗਹਿਰੀ ਸੱਟ ਲੱਗੀ ਹੈ।ਉਨ੍ਹਾਂ ਕਿਹਾ ਕਿ ਭਾਵੇਂ ਏਅਰ ਇੰਡੀਆ ਨੇ ਇਸ ਮਾਮਲੇ ਵਿੱਚ ਸ. ਜੀਵਨ ਸਿੰਘ ਅਤੇ ਦਿੱਲੀ ਅਧਾਰਿਤ ਐਡਵੋਕੇਟ ਨੀਨਾ ਸਿੰਘ ਪਾਸ ਲਿਖਤੀ ਈ-ਮੇਲ ਰਾਹੀਂ ਪ੍ਰਗਟ ਖੇਦ ਕੀਤਾ ਹੈ ਪਰੰਤੂ ਇਸ ਨਾਲ ਬਣਦੀ ਜ਼ਿੰਮੇਵਾਰੀ ਖਤਮ ਨਹੀਂ ਹੁੰਦੀ।ਉਨ੍ਹਾਂ ਕਿਹਾ ਕਿ ਏਅਰ ਇੰਡੀਆ ਇਸ ਘਟਨਾ ਨਾਲ ਸਬੰਧਤ ਕੀਤੀ ਗਈ ਸਮੁੱਚੀ ਜਾਂਚ ਨੂੰ ਪਾਰਦਰਸ਼ਤਾ ਦੇ ਮੱਦੇਨਜ਼ਰ ਜਨਤਕ ਕਰੇ ਅਤੇ ਇਹ ਵੀ ਦੱਸੇ ਕਿ ਦੋਸ਼ੀ ਸਟਾਫ਼ ਮੈਂਬਰਾਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ।ਜਥੇਦਾਰ ਗੜਗੱਜ ਨੇ ਕਿਹਾ ਕਿ ਬੀਤੇ ਕੁਝ ਸਮੇਂ ਤੋਂ ਦੇਸ਼ ਅੰਦਰ ਸਿੱਖ ਕਕਾਰਾਂ ਤੇ ਸਿੱਖ ਪਛਾਣ ਵਿਰੁੱਧ ਕਾਰਵਾਈਆਂ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ।ਬੀਤੇ ਸਮੇਂ ਰਾਜਸਥਾਨ ਅੰਦਰ ਅੰਮ੍ਰਿਤਧਾਰੀ ਸਿੱਖ ਬੱਚੀ ਨੂੰ ਉਸ ਦੇ ਕਕਾਰਾਂ ਕਰਕੇ ਜੋਧਪੁਰ ਹਾਈ ਕੋਰਟ ਦੇ ਜੁਡੀਸ਼ੀਅਲ ਪੇਪਰ ਵਿੱਚ ਬੈਠਣ ਨਹੀਂ ਦਿੱਤਾ ਗਿਆ ਸੀ ਅਤੇ ਦੇਸ਼ ਦੇ ਕਈ ਕੋਨਿਆਂ ਵਿੱਚੋਂ ਸਿੱਖ ਬੱਚਿਆਂ ਦੇ ਕੜੇ ਲੁਹਾਉਣ ਦੀਆਂ ਘਟਨਾਵਾਂ ਵੀ ਸਾਹਮਣੇ ਆਉਂਦੀਆਂ ਹਨ।ਉਨ੍ਹਾਂ ਸਿੱਖ ਕੌਮ ਨੂੰ ਵੀ ਹਦਾਇਤ ਕੀਤੀ ਕਿ ਜਿੱਥੇ ਕਿਤੇ ਵੀ ਸਿੱਖ ਪਛਾਣ ਤੇ ਕਕਾਰਾਂ ਵਿਰੁੱਧ ਕੋਈ ਕਾਰਵਾਈ ਹੋਵੇ ਤਾਂ ਉਸ ਵਿਰੁੱਧ ਸਮੂਹਕ ਰੂਪ ਵਿੱਚ ਦੋਸ਼ੀਆਂ ਖਿਲਾਫ਼ ਆਵਾਜ਼ ਉਠਾਈ ਜਾਵੇ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ।

# ਜਥੇਦਾਰ ਤੇਜਾ ਸਿੰਘ ਭੁੱਚਰ ਦੀ ਸਾਲਾਨਾ ਬਰਸੀ ਭਲਕੇ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ, ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਆਗੂ ਅਤੇ ਉਘੇ ਆਜ਼ਾਦੀ ਘੁਲਾਟੀਏ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਸਾਲਾਨਾ ਬਰਸੀ ਮੌਕੇ ਗੁਰਮਤਿ ਸਮਾਗਮ 2 ਅਕਤੂਬਰ ਦਿਨ ਵੀਰਵਾਰ ਨੂੰ ਪਿੰਡ ਭੁੱਚਰ ਖੁਰਦ (ਤਰਨਤਾਰਨ) ਵਿਖੇ ਹੋਵੇਗਾ।ਇਸ ਮੌਕੇ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈੱਲਫੇਅਰ ਸੁਸਾਇਟੀ ਪੰਜਾਬ ਵੱਲੋਂ ਬੱਚਿਆਂ ਦੇ ਦਸਤਾਰ ਦੁਮਾਲਾ, ਲੰਮੇ ਕੇਸ, ਸੁੰਦਰ ਲਿਖਾਈ, ਕਵਿਤਾ ਅਤੇ ਕਵੀਸ਼ਰੀ ਮੁਕਾਬਲੇ 1 ਅਕਤੂਬਰ ਬੁੱਧਵਾਰ ਨੂੰ ਕਰਵਾਏ ਜਾਣਗੇ।ਇਹ ਜਾਣਕਾਰੀ



ਜਥੇਦਾਰ ਤੇਜਾ ਸਿੰਘ ਭੁੱਚਰ ਦੇ ਪੋਤਰਿਆਂ ਭੁਪਿੰਦਰ ਸਿੰਘ ਭੁੱਚਰ, ਸੁਰਜੀਤ ਸਿੰਘ ਭੁੱਚਰ ਅਤੇ ਰਘੁਬੀਰ ਸਿੰਘ ਭੁੱਚਰ ਨੇ ਦਿੰਦਿਆਂ ਦੱਸਿਆ ਕਿ 2 ਅਕਤੂਬਰ ਦਿਨ ਵੀਰਵਾਰ ਨੂੰ ਸਵੇਰੇ ਸਾਢੇ ਨੌਂ ਵਜੇ ਸ੍ਰੀ ਅਖੰਡ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਕੀਰਤਨੀ ਜਥੇ, ਢਾਡੀ ਜਥੇ ਅਤੇ ਕਥਾ ਵਾਚਕ ਗੁਰਮਤਿ ਪ੍ਰਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘੁਬੀਰ ਸਿੰਘ ਅਤੇ ਹੋਰ ਉਘੀਆਂ ਸਖਸ਼ੀਅਤਾਂ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਖਾਲਸਾ ਕਾਲਜ ਆਫ ਇੰਜੀਨੀਅਰਿੰਗ ਵਿਖੇ ਕੌਮੀ ਪੱਧਰ ਦਾ ਹੈਕਾਥਨ ਸਮਾਰੋਹ ਸੰਪੰਨ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਦੋ-ਰੋਜ਼ਾ ਰਾਸ਼ਟਰੀ ਹੈਕਾਥਨ ਹੈਕਸਪਾਰਕ-2025 ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਗਿਆ, ਜਿਸ ਦਾ ਸ਼ਾਨਦਾਰ ਆਗਾਜ਼ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਕੀਤਾ ਗਿਆ ਜਿਸ ਨੇ ਦੇਸ਼ ਭਰ ਤੋਂ ਕਰੀਬ 800 ਤੋਂ ਵਧੇਰੇ ਭਾਗੀਦਾਰਾਂ ਨੂੰ ਇਕ ਮੰਚ ਪ੍ਰਦਾਨ ਕੀਤਾ। ਕਰਵਾਏ ਗਏ ਵੱਖ-ਵੱਖ ਮੁਕਾਬਲਿਆਂ ’ਚ ਭਾਗੀਦਾਰਾਂ ਨੇ ਉਤਸ਼ਾਹ ਨਾਲ ਹਿੱਸਾ ਲੈਂਦਿਆਂ ਇਨਾਮ ਵੀ ਪ੍ਰਾਪਤ ਕੀਤੇ।ਉਕਤ 2 ਦਿਨਾ ਚੱਲੇ ਸਮਾਰੋਹ ਦੇ ਸਮਾਪਤੀ ਸੈਸ਼ਨ ’ਚ ਡਾ. ਅਜੈ ਕੁਮਾਰ ਸ਼ਰਮਾ, ਡਾਇਰੈਕਟਰ, ਐੱਨ. ਆਈ. ਟੀ., ਦਿੱਲੀ ਅਤੇ ਸਾਬਕਾ ਵਾਈਸ ਚਾਂਸਲਰ, ਆਈ. ਕੇ. ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਉਦਯੋਗਿਕ ਰੁਜ਼ਗਾਰ ਯੋਗਤਾ ਹੁਨਰਾਂ ਨੂੰ ਵਧਾਉਣ, ਨਵੀਨਤਾ ਨੂੰ ਅਸਲ-ਸੰਸਾਰ ਸਮੱਸਿਆ ਹੱਲ ਕਰਨ ’ਚ ਜੋੜਨ ਅਤੇ ਪੇਸ਼ੇਵਰ ਸਫਲਤਾ ਦੀ ਕੁੰਜੀ ਵਜੋਂ ਟੀਮ ਵਰਕ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਉਦਯੋਗ ਮਾਹਿਰਾਂ ਨਾਲ ਇਕ ਵਿਸ਼ੇਸ਼ ਟੀ. ਈ. ਡੀ. ਟਾਕ ਸੈਸ਼ਨ ਦੌਰਾਨ ਭਾਗੀਦਾਰਾਂ ਨਾਲ ਗੱਲਬਾਤ ਕਰਦਿਆਂ ਕਰੀਅਰ ਵਿਕਾਸ ਅਤੇ ਭਵਿੱਖ ਦੇ ਉਦਯੋਗਿਕ ਰੁਝਾਨਾਂ ਸਬੰਧੀ ਜਾਣਕਾਰੀ ਮੁਹੱਈਆ ਕੀਤੀ।ਉਕਤ ਹੈਕਾਥਨ ਦੇ ਸਮਾਪਨ ਮੌਕੇ ਚਿੱਤਕਾਰਾ ਯੂਨੀਵਰਸਿਟੀ ਦੀ ਟੀਮ ਹੈਕਸਟੈਕ-404 ਨੇ 15,000 ਰੁਪਏ ਦੇ ਨਕਦ ਇਨਾਮ ਨਾਲ ਪਹਿਲਾ ਸਥਾਨ, ਚੰਡੀਗੜ੍ਹ ਯੂਨੀਵਰਸਿਟੀ ਦੀ ਟੀਮ ਕੇ. ਐੱਮਐੱਸਪੀ ਨੇ 10,000 ਦਾ ਦੂਜਾ ਇਨਾਮ ਪ੍ਰਾਪਤ ਕੀਤਾ ਜਦਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਟੀਮ ਆਈ. ਆਈ. ਟੀ. ਕਰਸ਼ਰ ਨੇ 5,000 ਰੁਪਏ ਦਾ ਤੀਜਾ ਇਨਾਮ ਪ੍ਰਾਪਤ ਕੀਤਾ।

# ਕਾਂਗਰਸੀ ਆਗੂਆਂ ਵੱਲੋਂ ਪਾਰਟੀ ਦੀ ਗਿਰਾਵਟ ’ਤੇ ਗੰਭੀਰ ਮੰਥਨ

**ਮਜੀਠਾ (ਸੋਇਮ ਆਨੰਦ)-** ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਹਲਕਾ ਮਜੀਠਾ ਇਕਾਈ ਨੇ ਇੱਕ ਮਹੱਤਵਪੂਰਨ ਬੈਠਕ ਵਿੱਚ ਪਾਰਟੀ ਦੀ ਗਿਰਾਵਟ ਨੂੰ ਰੋਕਣ ਲਈ ਡੂੰਘੀ ਚਰਚਾ ਕੀਤੀ।ਇਸ ਬੈਠਕ ਵਿੱਚ ਕਾਂਗਰਸ ਹਾਈਕਮਾਂਡ ਅਤੇ ਰਾਹੁਲ ਗਾਂਧੀ ਦੇ ਨੇੜਲੇ ਸਹਿਯੋਗੀ ਸਾਬਕਾ ਕੈਬਨਿਟ ਮੰਤਰੀ ਅਤੇ ਲੋਕ ਸਭਾ ਦੇ ਸਾਬਕਾ ਸਪੀਕਰ ਸੀ. ਪੀ. ਜੋਸ਼ੀ ਨੇ ਹਿੱਸਾ ਲਿਆ। ਬੈਠਕ ਦੌਰਾਨ ਹਲਕੇ ਵਿੱਚ ਪਿਛਲੇ ਕੁਝ ਸਾਲਾਂ ਤੋਂ ਪਾਰਟੀ ਨੂੰ ਹੋ ਰਹੀ ਗਿਰਾਵਟ ਨੂੰ ਲੈ ਕੇ ਵਿਸਥਾਰ ਨਾਲ ਮੰਥਨ ਕੀਤਾ ਗਿਆ, ਜਿਸ ਵਿੱਚ ਸਥਾਨਕ ਕਾਂਗਰਸੀ ਆਗੂਆਂ ਨੇ ਆਪਣੀਆਂ ਚਿੰਤਾਵਾਂ ਨੂੰ ਖੁੱਲ੍ਹ ਕੇ ਪੇਸ਼ ਕੀਤਾ।ਹਲਕਾ ਮਜੀਠਾ ਵਿੱਚ ਕਾਂਗਰਸ ਪਾਰਟੀ ਨੂੰ ਪਿਛਲੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ।ਸਥਾਨਕ ਆਗੂਆਂ ਨੇ ਬੈਠਕ ਵਿੱਚ ਦੱਸਿਆ ਕਿ ਅੰਦਰੂਨੀ ਫੁੱਟ ਅਤੇ ਵਿਰੋਧੀ ਪਾਰਟੀਆਂ ਦੀਆਂ ਚਲਾਕੀਆਂ ਕਾਰਨ ਵੋਟਰਾਂ ਵਿੱਚ ਨਿਰਾਸ਼ਾ ਵਧੀ ਹੈ।ਖਾਸ ਤੌਰ ਤੇ ਗ੍ਰਾਮੀਣ ਖੇਤਰਾਂ ਵਿੱਚ ਖੇਤੀਬਾੜੀ ਸਮੱਸਿਆਵਾਂ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਨਾ ਮਿਲਣ ਕਾਰਨ ਪਾਰਟੀ ਦਾ ਵੋਟ ਬੈਂਕ ਖਿਸਕ ਰਿਹਾ ਹੈ।ਇਸ ਤੋਂ ਇਲਾਵਾ ਸੰਗਠਨਾਤਮਕ ਕਮਜ਼ੋਰੀਆਂ ਜਿਵੇਂ ਕਿ ਵਰਕਰਾਂ ਵਿੱਚ ਉਤਸ਼ਾਹ ਦੀ ਕਮੀ ਅਤੇ ਚੋਣੀ ਤਰੀਕਿਆਂ ਵਿੱਚ ਨਵੀਨਤਾ ਦੀ ਘਾਟ ਨੂੰ ਵੀ ਚਰਚਾ ਦਾ ਵਿਸ਼ਾ ਬਣਾਇਆ ਗਿਆ।ਸੀਨੀਅਰ ਆਗੂਆਂ ਨੇ ਇਹ ਵੀ



**● ਸੀ ਪੀ ਜੋਸ਼ੀ ਨੇ ਪਾਰਟੀ ਨੂੰ ਮੁੜ ਮਜ਼ਬੂਤ ਕਰਨ ਦੀ ਵਚਨਬੱਧਤਾ ਦੁਹਰਾਈ**

ਉਜਾਗਰ ਕੀਤਾ ਕਿ ਹਲਕੇ ਵਿੱਚ ਆਮ ਆਦਮੀ ਪਾਰਟੀ (ਆਪ) ਅਤੇ ਸ਼੍ਰੋਮਣੀ ਅਕਾਲੀ ਦਲ (ਆਕਾਲੀ) ਵਰਗੀਆਂ ਪਾਰਟੀਆਂ ਦੇ ਗਲੋਬਲ ਪੱਧਰੀ ਪ੍ਰਚਾਰ ਨਾਲ ਕਾਂਗਰਸ ਪਛੜੀ ਹੈ ।ਸੀ. ਪੀ. ਜੋਸ਼ੀ ਨੇ ਬੈਠਕ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਜੀਠਾ ਹਲਕੇ ਦੇ ਕਾਂਗਰਸੀ ਕਾਰਕੁਨਾਂ ਦੀਆਂ ਚਿੰਤਾਵਾਂ ਨੂੰ ਮੈਂ ਬਿਲਕੁਲ ਸਮਝਦਾ ਹਾਂ।ਰਾਹੁਲ ਗਾਂਧੀ ਦੀ ਅਗਵਾਈ ਵਿੱਚ ਪਾਰਟੀ ਨੂੰ ਮੁੜ ਮਜ਼ਬੂਤ ਕਰਨ ਲਈ ਅਸੀਂ ਵਚਨਬੱਧ ਹਾਂ।ਉਨ੍ਹਾਂ ਨੇ ਮਜੀਠਾ ਟੀਮ ਵੱਲੋਂ ਪੇਸ਼ ਕੀਤੀਆਂ ਸਾਰੀਆਂ ਗੱਲਾਂ ਨੂੰ ਧਿਆਨ ਨਾਲ ਸੁਣਿਆ ਅਤੇ ਹਰੇਕ ਮੁੱਦੇ ਤੇ ਵਿਸਥਾਰ ਨਾਲ ਚਰਚਾ ਕੀਤੀ।ਬੈਠਕ ਦੇ ਅੰਤ ਵਿੱਚ ਹਲਕਾ ਮਜੀਠਾ ਕਾਂਗਰਸ ਕਮੇਟੀ ਵੱਲੋਂ ਇੱਕ ਮੰਗ ਪੱਤਰ ਵੀ ਪੇਸ਼ ਕੀਤਾ ਗਿਆ, ਜਿਸ ਵਿੱਚ ਪਾਰਟੀ ਨੂੰ ਮੁੜ ਸੰਗਠਿਤ ਕਰਨ ਲਈ ਵਿਸ਼ੇਸ਼ ਯੋਜਨਾਵਾਂ ਅਤੇ ਨੀਤੀਗਤ ਸੁਧਾਰਾਂ ਦੀ ਮੰਗ ਕੀਤੀ ਗਈ ।ਜੋਸ਼ੀ ਨੇ ਇਸ ਪੱਤਰ ਨੂੰ ਗੰਭੀਰਤਾ ਨਾਲ ਲਿਆ ਅਤੇ ਇਸ ਨੂੰ ਹਾਈਕਮਾਂਡ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ।ਬੈਠਕ ਵਿੱਚ ਸੀਨੀਅਰ ਆਗੂਆਂ ਵਿੱਚ ਸਾਬਕਾ ਚੇਅਰਮੈਨ ਮੋਹਨ ਸਿੰਘ ਨਿੱਬਰਵਿੰਡ, ਪਲਵਿੰਦਰ ਸਿੰਘ ਪਾਲੀ ਮਜੀਠੀਆ, ਜਗਦੀਪ ਸਿੰਘ ਗੋਗਾ ਮਜੀਠਾ, ਕੇਵਲ ਸਿੰਘ ਉਧੋਕੇ, ਅਪਰਮਦੀਪ ਸਿੰਘ ਅੱਪੂ ਮਜੀਠਾ, ਡਾ. ਅਵਤਾਰ ਸਿੰਘ ਮੱਤੇਵਾਲ ਅਤੇ ਇਕਬਾਲ ਸਿੰਘ ਭੀਲੋਵਾਲ ਤੋਂ ਇਲਾਵਾ ਸੈਂਕੜੇ ਕਾਂਗਰਸੀ ਵਰਕਰਾਂ ਨੇ ਹਿੱਸਾ ਲਿਆ।

# ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਦੇ ਲੱਛਣ ਤੇ ਬਚਾਅ ਬਾਰੇ ਦਿੱਤੀ ਜਾਣਕਾਰੀ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਰਾਜੂ ਚੌਹਾਨ ਸੀਨੀਅਰ ਮੈਡੀਕਲ ਅਫ਼ਸਰ ਸੀਐੱਚਸੀ ਝਬਾਲ ਦੀ ਰਹਿਨੁਮਾਈ ਅੱਡਾ ਝਬਾਲ ਵਿਖੇ ਡੇਂਗੂ,



ਮਲੇਰੀਆ, ਚਿਕਨਗੁਨੀਆ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਹੈਲਥ ਸੁਪਰਵਾਈਜ਼ਰ ਰਬਿੰਦਰ ਸਿੰਘ ਭੋਜੀਆਂ ਅਤੇ ਰਾਮ ਰਸ਼ਪਾਲ ਵੱਲੋਂ ਪਿੰਡ ਵਾਸੀਆਂ ਨੂੰ ਗਲੀਆਂ ਨਾਲੀਆਂ ਦੀ ਸਫਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਖੜ੍ਹੇ ਗੰਦੇ ਪਾਣੀ ਦੇ ਸਰੋਤਾਂ ਨੂੰ ਖ਼ਤਮ ਕਰਨ ਲਈ ਕਿਹਾ। ਲੋਕਾਂ ਨੂੰ ਦੱਸਿਆ ਕਿ ਡੇਂਗੂ ਮਲੇਰੀਆ ਦੇ ਚਿਕਨਗੁਨੀਆ ਤੋਂ ਬਚਾ ਲਈ ਸਾਨੂੰ ਆਪਣੇ ਘਰਾਂ ਦੇ ਆਸ ਪਾਸ ਗਮਲਿਆਂ ਘਰਾਂ ਦੀਆਂ ਛੱਤਾਂ ਤੇ ਪੁਰਾਣੇ ਟਾਇਰਾਂ ਆਦਿ ਚ ਪਾਣੀ ਖੜਾ ਨਹੀਂ ਹੋਣ ਦੇਣਾ ਚਾਹੀਦਾ। ਸਿਹਤ ਟੀਮ ਵੱਲੋਂ ਦੱਸਿਆ ਗਿਆ ਕਿ ਮੌਸਮ ਦੇ ਬਦਲਾਅ ਕਾਰਨ ਮੱਛਰਾਂ ਕਾਫੀ ਤਾਦਾਦ ਵੱਧ ਰਹੀ ਹੈ।ਸੋ ਸਾਨੂੰ ਇਨ੍ਹਾਂ ਤੋਂ ਬਚਣ ਲਈ ਆਪਣੇ ਆਲੇ ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ, ਕੂਲਰ, ਮਨੀ ਪਲਾਂਟ ਅਤੇ ਛੱਤ ਉਪਰ ਟੁੱਟੇ ਭੱਜੇ ਸਾਮਾਨ ਵਿੱਚ ਪਾਣੀ ਜਮ੍ਹਾ ਨਾ ਹੋਣ ਦਿੱਤਾ ਜਾਵੇ, ਉਸ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਸਾਫ ਕੀਤਾ ਜਾਵੇ। ਰਾਤ ਨੂੰ ਸੌਣ ਵੇਲੇ ਪੂਰੀ ਬਾਂਹ ਵਾਲੇ ਕੱਪੜੇ ਪਹਿਨ ਕੇ ਜਾਂ ਮੱਛਰਦਾਨੀ ਦਾ ਇਸਤੇਮਾਲ ਕੀਤਾ ਜਾਵੇ ਤਾਂ ਹੀ ਅਸੀਂ ਇਹੋ ਜਿਹੀਆਂ ਬਿਮਾਰੀਆਂ ਤੋਂ ਬਚ ਸਕਦੇ ਹਾਂ ।ਇਸ ਸਮੇਂ ਵਿਕਰਮ ਸਿੰਘ ਮਲਟੀਪਰਪਜ਼ ਹੈਲਥ ਵਰਕਰ ਮੇਲ, ਜਗਦੀਸ਼ ਸਿੰਘ, ਸਿਮਰਨਜੀਤ ਸਿੰਘ ਆਦਿ ਹਾਜ਼ਰ ਸਨ।

# ਆਂਗਨਵਾੜੀ ਯੂਨੀਅਨ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ




**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-** ਪੰਜਾਬ ਦੀ ਆਂਗਣਵਾੜੀ ਯੂਨੀਅਨ ਸੀਟੂ ਯੂਨੀਅਨ ਦੇ ਪ੍ਰਧਾਨ ਊਸ਼ਾ ਰਾਣੀ ਦੇ ਆਦੇਸ਼ਾਂ ’ਤੇ ਜਨਰਲ ਸਕੱਤਰ ਸੁਭਾਸ਼ ਰਾਣੀ ਅਤੇ ਜ਼ਿਲ੍ਹਾ ਪ੍ਰਧਾਨ ਗੁਰਮਿੰਦਰ ਕੌਰ ਦੀ ਰਹਿਨੁਮਾਈ ਹੇਠ ਰਮਦਾਸ ਏਰੀਏ ਦੇ ਪਿੰਡਾਂ ਵਿੱਚ ਅਜਨਾਲਾ ਤਹਿਸੀਲ ਦੀ ਪ੍ਰਧਾਨ ਗੁਰਵਿੰਦਰ ਕੌਰ ਰਾਜੀਆਂ ਦੀ ਅਗਵਾਈ ਹੇਠ ਹੜਾ ਦੌਰਾਨ ਪ੍ਰਭਾਵਿਤ ਪਰਿਵਾਰਾਂ ਵਿੱਚ ਸਮੱਗਰੀ ਵੰਡੀ ਗਈ ।ਸੀਟੂ ਯੂਨੀਅਨ ਦੇ ਪ੍ਰਧਾਨ ਰਾਜਵਿੰਦਰ ਕੌਰ ਰਾਜੀਆਂ ਨੇ ਕਿਹਾ ਕਿ ਅੱਗੇ ਤੋਂ ਵੀ ਸਾਡੀ ਯੂਨੀਅਨ ਪਰਿਵਾਰਾਂ ਦੀ ਮਦਦ ਕਰਦੀ ਰਹੇਗੀ।ਇੱਥੇ ਇਹ ਵੀ ਦੱਸਣਯੋਗ ਹੈ ਕਿ ਆਂਗਣਵਾੜੀ ਵਰਕਰਾਂ ਦੀ ਆਪਣੀ ਤਨਖਾਹ ਭਾਵੇਂ ਬਹੁਤ ਘੱਟ ਹੈ ਪਰ ਦਿਲ ਬਹੁਤ ਵੱਡਾ ਹੈ ਜਿਨ੍ਹਾਂ ਨੇ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਪਰਿਵਾਰਾਂ ਦੀ ਮਦਦ ਕੀਤੀ।ਇਸ ਮੌਕੇ ਸੈਕਟਰੀ ਜਗਜੀਤ ਕੌਰ, ਬਲਾਕ ਪ੍ਰਧਾਨ ਗੁਰਿੰਦਰ ਕੌਰ, ਸਰਕਲ ਪ੍ਰਧਾਨ ਹਰਭਿੰਦਰ ਕੌਰ, ਕੁਲਜੀਤ ਕੌਰ ਦਾਦੂਰਾਏ, ਰਾਜਬੀਰ ਕੌਰ ਖਾਨੋਵਾਲ, ਬਲਜੀਤ ਕੌਰ ਅਵਾਨ, ਗੁਰਮੀਤ ਕੌਰ, ਕਮਲੇਸ਼ ਕੌਰ ਗੱਗੋਮਾਹਲ, ਸਮੂਹ ਵਰਕਰ ਤੇ ਹੈਲਪਰ ਆਦਿ ਹਾਜ਼ਰ ਸਨ।

# ਸਕੂਲੋਂ ਘਰ ਨਾ ਪਰਤੀਆਂ ਤਿੰਨ ਕੁੜੀਆਂ ਪੁਲਸ ਵੱਲੋਂ ਬਾਰਾਂ ਘੰਟਿਆਂ ’ਚ ਪਰਿਵਾਰਾਂ ਸਪੁਰਦ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-** ਕਾਦੀਆਂ ਪੁਲਸ ਨੂੰ ਉਸੇ ਵੇਲੇ ਵੱਡੀ ਸਫਲਤਾ ਹਾਸਿਲ ਹੋਈ ਜਦੋਂ ਬੀਤੇ ਦਿਨੀਂ ਘਰ ਤੋਂ ਸਕੂਲ ਗਈਆਂ ਕੁੜੀਆਂ ਜਦੋਂ ਘਰ ਵਾਪਸ ਨਾ ਪਰਤੀਆਂ ਤਾਂ ਤਿੰਨ ਕੁੜੀਆਂ ਨੂੰ 12 ਘੰਟਿਆਂ ਦੇ ਵਿੱਚ ਕਾਦੀਆਂ ਪੁਲਸ ਨੇ ਬਰਾਮਦ ਕਰਕੇ ਪਰਿਵਾਰ ਦੇ ਹਵਾਲੇ ਕੀਤਾ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਦੇ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ 29 ਸਤੰਬਰ ਨੂੰ ਕਾਦੀਆਂ ਦੇ ਇੱਕ ਮਹੱਲੇ ਤੋਂ ਤਿੰਨ ਕੁੜੀਆਂ ਰੋਜ਼ਾਨਾ ਦੀ ਤਰ੍ਹਾਂ ਸਕੂਲ ਗਈਆਂ ਪਰ ਸਕੂਲ ਤੋਂ ਵਾਪਸ ਜਦੋਂ ਘਰ ਨਾ ਪਰਤੀਆਂ ਤਾਂ ਪਰਿਵਾਰਕ ਮੈਂਬਰਾਂ ਵੱਲੋਂ ਪੁਲਸ ਨੂੰ ਸੂਚਿਤ ਕੀਤਾ ਗਿਆ ਅਤੇ ਕਾਦੀਆਂ ਪੁਲਸ ਵੱਲੋਂ ਬੜੀ ਮੁਸਤੈਦੀ ਦੇ ਨਾਲ ਟੀਮਾਂ ਬਣਾ ਕੇ ਉਨ੍ਹਾਂ ਦੀ ਭਾਲ ਸ਼ੁਰੂ ਕੀਤੀ ।ਪਰਿਵਾਰਕ ਮੈਂਬਰਾਂ ਦੇ ਵੱਲੋਂ ਵੀ ਲੜਕੀਆਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਗਈ ਪਰ ਕਾਫੀ ਸਮਾਂ ਬੀਤ ਜਾਣ ਦੇ ਬਾਅਦ ਜਦੋਂ ਉਨ੍ਹਾਂ ਨੂੰ ਲੜਕੀਆਂ ਨਾ ਮਿਲੀਆਂ ਤਾਂ ਪਰਵਾਰਕ ਮੈਂਬਰ ਬਹੁਤ ਪਰੇਸ਼ਾਨ ਹੋ ਗਏ ।ਕਾਦੀਆਂ ਪੁਲਸ ਵੱਲੋਂ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਬੜੀ ਬਰੀਕੀ ਦੇ ਨਾਲ ਇਸ ਮਸਲੇ ਨੂੰ ਸੁਲਝਾਉਂਦੇ ਹੋਏ ਤਿੰਨਾਂ ਕੁੜੀਆਂ ਨੂੰ ਬਰਾਮਦ ਕਰਕੇ ਪਰਿਵਾਰ ਦੇ ਹਵਾਲੇ ਕੀਤਾ ਗਿਆ ਹੈ।ਇਸ ਮੌਕੇ ਪਰਿਵਾਰਿਕ ਮੈਂਬਰਾਂ ਨੇ ਕਾਦੀਆਂ ਪੁਲਸ ਸਮੇਤ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਦਾ ਅਤੇ ਸਮੁੱਚੇ ਪੁਲਸ ਪ੍ਰਸ਼ਾਸਨ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਨੇ ਕਿਹਾ ਕਿ ਕਾਦੀਆਂ ਪੁਲਸ ਹਮੇਸ਼ਾ 24 ਘੰਟੇ ਲੋਕਾਂ ਦੀ ਹਿਫਾਜ਼ਤ ਲਈ ਵਚਨਬੱਧ ਹੈ। ਇਸ ਮੌਕੇ ਥਾਣਾ ਕਾਦੀਆਂ ਦੇ ਮੁੱਖ ਮੁਨਸ਼ੀ ਲਵਪ੍ਰੀਤ ਸਿੰਘ, ਏਐੱਸਆਈ ਕੁਲਵਿੰਦਰ ਸਿੰਘ ਅਤੇ ਸਟਾਫ ਮੈਂਬਰ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੇ ਸਮਾਜ ਦੀ ਸਿਰਜਣਾ ਲਈ ਨੌਜਵਾਨ ਅੱਗੇ ਆਉਣ : ਨੌਸ਼ਹਿਰਾ ਪੰਨੂਆਂ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਸੀ. ਪੀ. ਆਈ. ਐੱਮ. ਐੱਲ. ਲਿਬਰੇਸ਼ਨ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਗਿਆ।ਇਸ ਪ੍ਰੋਗਰਾਮ ਦੀ ਅਗਵਾਈ ਬਲਵਿੰਦਰ ਸਿੰਘ ਗੋਹਲਵੜ, ਹਰਮਨਦੀਪ ਕੌਰ ਕੋਟ ਜਸਪਤ ਅਤੇ ਤਰਸੇਮ ਸਿੰਘ ਢੋਟੀਆਂ ਨੇ ਸਾਂਝੇ ਤੌਰ ’ਤੇ ਕੀਤੀ। ਇਸ ਮੌਕੇ ਸੀ. ਪੀ. ਆਈ. ਐੱਮ. ਐੱਲ. ਲਿਬਰੇਸ਼ਨ ਦੇ ਕਾਰਜਕਾਰੀ ਜ਼ਿਲ੍ਹਾ ਸਕੱਤਰ ਦਲਵਿੰਦਰ ਸਿੰਘ ਨੌਸ਼ਹਿਰਾ ਪੰਨੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਦੀਆਂ ਗਲਤ ਅਤੇ ਗਰੀਬ ਮਾਰੂ ਨੀਤੀਆਂ ਕਾਰਨ ਕਰੋੜਾਂ ਲੋਕਾਂ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਮੋਦੀ ਮੁੱਠੀ ਭਰ ਸਰਮਾਏਦਾਰਾਂ ਨੂੰ ਲਾਭ ਦੇ ਰਿਹਾ ਹੈ ਪਰ ਲਾਲੋ ਦੇ ਲੋਕਾਂ ਨੂੰ ਕੰਗਾਲੀ ਵੱਲ ਧੱਕ ਰਿਹਾ ਹੈ।ਸ਼ਹੀਦ ਭਗਤ ਸਿੰਘ ਨੇ ਆਪਣੀ ਸਹਾਦਤ ਤੋ ਪਹਿਲਾਂ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਮੈਨੂੰ ਇੰਝ ਲੱਗਦਾ ਹੈ ਕਿ ਕਿਤੇ ਆਜ਼ਾਦੀ ਮਹਿਲਾਂ ਦਾ ਸ਼ਿੰਗਾਰ ਬਣਕੇ ਨਾ ਰਹਿ ਜਾਵੇ, ਆਜ਼ਾਦੀ ਦੀ ਲੋਅ ਕੱਖਾਂ ਦੀਆਂ ਕੁੱਲੀਆਂ ਅਤੇ ਝੁੱਗੀਆਂ ਝੌਂਪੜੀਆਂ ਤੱਕ ਜਾਣੀ ਚਾਹੀਦੀ ਹੈ।ਕਾ: ਨੌਸ਼ਹਿਰਾ ਪੰਨੂਆਂ ਨੇ ਕਿਹਾ ਕਿ ਭਗਤ ਸਿੰਘ ਦਾ



ਖਦਸ਼ਾ ਸੱਚ ਸਾਬਿਤ ਹੋਇਆ ਹੈ। ਨਹੀਂ ਪਹੁੰਚੀ ਆਜ਼ਾਦੀ ਦੀ ਲੋਅ ਗਰੀਬਾਂ ਤੱਕ। ਅਸੀਂ ਅੱਜ ਦੇ ਦਿਨ ਜਿਥੇ ਨੌਜਵਾਨਾਂ ਨੂੰ ਇਕੱਠੇ ਹੋਣ ਦੀ ਅਪੀਲ ਕਰਦੇ ਹਾ, ਉਥੇ ਅਸੀਂ ਭਗਤ ਸਿੰਘ ਦੇ ਕਰਾਂਤੀਕਾਰੀ ਯੁੱਧ ਸਾਥੀ ਰਾਜਗੁਰੂ, ਸੁਖਦੇਵ, ਪੰਡਿਤ ਕਿਸ਼ੋਰੀ ਲਾਲ, ਅਤੇ ਹੋਰ ਕਰਾਂਤੀਕਾਰੀ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਨਕਸ਼ੇ ਕਦਮਾਂ ’ਤੇ ਚਲਣ ਦਾ ਪ੍ਰਣ ਕਰਦੇ ਹਾਂ।ਉਨ੍ਹਾਂ ਕਿਹਾ ਕਿ ਸਰਕਾਰ ਹਰੇਕ ਤਰ੍ਹਾਂ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਕਰੇ।ਇਸ ਸਮੇਂ ਮਨਰੇਗਾ ਦਿਹਾੜੀ 700 ਰੁਪਏ ਅਤੇ ਕੰਮ 200 ਦਿਨ, ਮਾਇਕਰੋ ਫਾਇਨਾਂਸ ਦੇ ਕਰਜ਼ੇ ਸਰਕਾਰ ਨੂੰ ਆਪਣੇ ਜ਼ਿੰਮੇ ਲੈਣ ਦੀ ਮੰਗ ਵੀ ਕੀਤੀ ਗਈ।ਇਸ ਮੌਕੇ ਕੌਂਸਲਰ ਗਰੁੱਪ ਦੇ ਸਾਬਕਾ ਆਗੂ ਡਾਕਟਰ ਸੁਖਦੇਵ ਸਿੰਘ ਲੌਹਕਾ, ਪ੍ਰਿੰਸੀਪਲ ਦਲਬੀਰ ਸਿੰਘ ਦਿਉਲ, ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ, ਵਿਸ਼ਵ ਸਾਹਿਤਕ ਸਿਤਾਰੇ ਮੰਚ ਦੇ ਪ੍ਰਧਾਨ ਬਾਬਾ ਹਰਭਜਨ ਸਿੰਘ ਭਗਰੱਥ ਅਤੇ ਅਵਤਾਰ ਸਿੰਘ ਗੋਇੰਦਵਾਲ ਨੇ ਵੀ ਵਿਚਾਰ ਪੇਸ਼ ਕੀਤੇ।ਹੋਰਨਾਂ ਤੋਂ ਇਲਾਵਾ ਇਸ ਸਮੇਂ ਮੈਂਬਰ ਸੁਰਜੀਤ ਸਿੰਘ ਬਾਠ, ਰਾਜ ਕੌਰ ਸ਼ਾਹਬਾਜ਼ਪੁਰ, ਬਲਵਿੰਦਰ ਸਿੰਘ ਕਬਾੜੀਆ, ਹਰਦੇਵ ਸਿੰਘ ਖਹਿਰਾ, ਜਗਤਾਰ ਸਿੰਘ ਕੋਟ ਜਸਪਤ, ਰਾਜ ਕੌਰ ਕਲਸੀਆ, ਮਨਜੀਤ ਕੌਰ ਭੁੱਲਰ, ਸੁਖਵੰਤ ਸਿੰਘ ਗੋਹਲਵੜ, ਬਲਕਾਰ ਸਿੰਘ ਕੋਟ ਜਸਪਤ, ਸੰਗਾ ਸਿੰਘ, ਗੁਰਮੀਤ ਸਿੰਘ ਬਾਠ, ਜੋਬਨਪੀਤ ਸਿੰਘ ਗੋਕਲਪੁਰਾ ਆਦਿ ਹਾਜ਼ਰ ਸਨ।

# 3 ਨਸ਼ਾ ਤਸਕਰਾਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)-** ਥਾਣਾ ਦੀਨਾਨਗਰ ਦੇ ਏਐੱਸਆਈ ਗੁਰਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਦੀਨਾਨਗਰ ਤੋਂ ਰਾਹੁਲ ਕੁਮਾਰ ਉਰਫ ਰਿੰਕੂ ਪੁੱਤਰ ਕਮਲੇਸ਼ ਕੁਮਾਰ ਵਾਸੀ ਸਰਾਫਾ ਗਲੀ ਦੀਨਾਨਗਰ ਨੂੰ 7500 ਐੱਮ. ਐੱਲ. ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਇਸੇ ਤਰ੍ਹਾਂ ਥਾਣਾ ਧਾਰੀਵਾਲ ਹਰਜਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਸੰਘਰ ਤੋਂ ਲਵਪ੍ਰੀਤ ਸਿੰਘ ਪੁੱਤਰ ਸਿਕੰਦਰ ਸਿੰਘ ਵਾਸੀ ਸੰਘਰ ਨੂੰ 15000 ਐੱਮ. ਐੱਲ. ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਥਾਣਾ ਸਦਰ ਗੁਰਦਾਸਪੁਰ ਦੇ ਏ. ਐੱਸ. ਆਈ. ਕੁਲਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਤੁੰਗ ਤੋਂ ਬਲਜੀਤ ਸਿੰਘ ਪੁੱਤਰ ਬੂਆ ਸਿੰਘ ਵਾਸੀ ਤੁੰਗ ਨੂੰ 11 ਬੋਤਲਾਂ ਸ਼ਰਾਬ ਠੇਕਾ ਮਾਰਕਾ ਪੰਜਾਬ ਕਲੱਬ ਗੋਲਡ ਵਿਸਕੀ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਇਨ੍ਹਾਂ ਤਿੰਨਾਂ ਨਸ਼ਾ ਤਸਕਰਾਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਚੇਅਰਮੈਨ ਰਮਨ ਬਹਿਲ ਨੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਦੀ ਵਰਕਸ਼ਾਪ ਦਾ ਕੀਤਾ ਉਦਘਾਟਨ

**ਗੁਰਦਾਸਪੁਰ (ਜਨਕ ਮਹਾਜਨ) -** ਸਕੂਲ ਸਿੱਖਿਆ ਵਿਭਾਗ ਦੇ ਬਲਾਕ-2 ਗੁਰਦਾਸਪੁਰ ਦੇ 11 ਪਿੰਡਾਂ ਦੀਆਂ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਦੀ ਇੱਕ ਰੋਜ਼ਾ ਵਰਕਸ਼ਾਪ ਸਰਕਾਰੀ ਹਾਈ ਸਕੂਲ ਸਾਧੂਚੱਕ ਵਿਖੇ ਲਗਾਈ ਗਈ ਜਿਸ ਵਿੱਚ ਲਗਭਗ 150 ਮੈਂਬਰ



ਹਾਜ਼ਰ ਹੋਏ। ਇਸ ਵਰਕਸ਼ਾਪ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਰਮਨ ਬਹਿਲ ਨੇ ਕੀਤਾ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਹਾਜ਼ਰ ਮੈਂਬਰਾਂ ਨੂੰ ਮਾਨ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਅਤੇ ਮੈਂਬਰਾਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਬਾਰੇ ਜਾਗਰੂਕ ਕੀਤਾ ਜਿਸ ਵਿਚ ਸਕੂਲ ਦੀ ਸਫਾਈ ਅਤੇ ਮਿਡ ਡੇ ਮੀਲ ਦੀ ਗੁਣਵੱਤਾ, ਵਿਦਿਆਰਥੀਆਂ ਦੀ ਹਾਜ਼ਰੀ ਰੈਗੂਲਰ ਕਰਨ, ਮਾਪੇ ਅਧਿਆਪਕ ਮਿਲਣੀ ਸਹਿਯੋਗ ਕਰਨ ਸੰਬਧੀ, ਸਕੂਲੀ ਬੁਨਿਆਦੀ ਢਾਂਚੇ ਦੇ ਵਿਕਾਸ ਵਿਚ ਮਦਦ ਅਤੇ ਲੜਕੀਆਂ ਦੀ ਸਿੱਖਿਆ ਅਤੇ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ। ਰਮਨ ਬਹਿਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਸਿੱਖਿਆ ਕ੍ਰਾਂਤੀ ਜ਼ਰੀਏ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ ਅਤੇ ਹੁਣ ਸਰਕਾਰੀ ਸਕੂਲ ਪੜ੍ਹਾਈ ਅਤੇ ਸਹੂਲਤਾਂ ਦੇ ਪੱਖ ਤੋਂ ਨਿੱਜੀ ਸਕੂਲਾਂ ਨਾਲੋਂ ਵੀ ਅੱਗੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਖੇਤਰ ਵਿੱਚ ਇਹ ਕ੍ਰਾਂਤੀਕਾਰੀ ਸੁਧਾਰ ਭਵਿੱਖ ਵਿੱਚ ਵੀ ਜਾਰੀ ਰਹਿਣਗੇ। ਇਸ ਮੌਕੇ ਹਲਕਾ ਗੁਰਦਾਸਪੁਰ ਦੇ ਸਿੱਖਿਆ ਕੋਆਡੀਨੇਟਰ ਅਸ਼ਵਨੀ ਕੁਮਾਰ, ਬੀ. ਆਰ. ਸੀ. ਸੁਖਬੀਰ ਕੌਰ, ਬੀ. ਪੀ. ਈ. ਓ-2 ਰਾਕੇਸ਼ ਕੁਮਾਰ ਅਤੇ ਸਰਕਾਰੀ ਹਾਈ ਸਕੂਲ ਦੇ ਮੁੱਖ ਅਧਿਆਪਕ ਦਵਿੰਦਰ ਕੁਮਾਰ ਹਾਜ਼ਰ ਸਨ।

# ਠੇਕਾ ਕਾਮਿਆਂ ਵੱਲੋਂ ਮੰਗਾਂ ਨੂੰ ਲੈ ਕੇ 6 ਨੂੰ ਐਕਸੀਅਨ ਦਫਤਰ ਬੱਬਰੀ ਵਿਖੇ ਧਰਨਾ ਦੇਣ ਦਾ ਐਲਾਨ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-** ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਰਜਿ. ਨੰ. 31 ਬਰਾਂਚ ਦੀਨਾ ਨਗਰ, ਬਰਾਂਚ ਪ੍ਰਧਾਨ ਹਰਦੀਪ ਸਿੰਘ ਹਯਾਤ ਨਗਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਠੇਕੇ ’ਤੇ ਕੰਮ ਕਰਦੇ ਕਾਮਿਆਂ ਦਾ ਰੋਜ਼ਗਾਰ ਖਤਮ ਕਰਨ, ਤਨਖਾਹਾਂ ਨਾ ਮਿਲਣ, ਪੰਚਾਇਤੀਕਰਨ, ਨਿੱਜੀਕਰਨ ਦੇ ਵਿਰੋਧ ਵਿੱਚ 6 ਅਕਤੂਬਰ ਨੂੰ ਕਾਰਜਕਾਰੀ ਇੰਜੀਨੀਅਰ ਦਫਤਰ ਐਕਸੀਅਨ ਬਬਰੀ ਵਿਖੇ ਧਰਨਾ ਦਿੱਤਾ ਜਾਵੇਗਾ। ਜਲ ਸਪਲਾਈ ਸਕੀਮਾਂ ਤੇ ਕੰਮ ਕਰਦੇ ਠੇਕਾ ਕਾਮਿਆਂ ਦੀਆਂ ਦੋ ਦੋ ਮਹੀਨਿਆਂ ਦੀਆਂ ਰੁਕੀਆਂ ਤਨਖਾਹਾਂ ਜਾਰੀ ਨਾ ਹੋਣ ਕਾਰਨ ਠੇਕਾ ਕਾਮਿਆਂ ਨੂੰ ਆਪਣੇ ਘਰਾਂ ਦਾ ਖਰਚਾ ਉਠਾਉਣ ਵਿੱਚ ਭਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਲ ਸਪਲਾਈ ਵਿਭਾਗ ਵੱਲੋਂ ਠੇਕਾ ਕਾਮਿਆਂ ਨੂੰ ਕਿਸੇ ਵੀ ਤਿਉਹਾਰ ਤੇ ਜਿਵੇਂ ਦੀਵਾਲੀ, ਦੁਸਹਿਰਾ ਆਦਿ ’ਤੇ ਵੀ ਸਮੇਂ ਸਿਰ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ।ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਦਫਤਰ ਕਾਹਨੂੰਵਾਨ ਵੱਲੋਂ ਜਲ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ/ਨਿੱਜੀਕਰਨ ਕਰਕੇ ਜਲ ਸਪਲਾਈ ਸਕੀਮਾਂ ਤੇ ਕੰਮ ਕਰਦੇ ਠੇਕਾ ਕਾਮਿਆਂ ਨੂੰ ਰੋਜ਼ਗਾਰ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਕੱਢੇ ਵਰਕਰਾਂ ਨੂੰ ਬਹਾਲ ਨਾ ਕਰਨ ਦੇ ਰੋਸ ਵਜੋਂ 6 ਅਕਤੂਬਰ ਨੂੰ ਕਾਰਜਕਾਰੀ ਇੰਜੀਨੀਅਰ ਦਫਤਰ ਐਕਸੀਅਨ ਅੱਗੇ ਪਰਿਵਾਰਾਂ ਅਤੇ ਬੱਚਿਆਂ ਸਮੇਤ ਧਰਨਾ ਦਿੱਤਾ ਜਾਵੇਗਾ। ਜੇਕਰ ਫਿਰ ਵੀ ਮੰਗਾਂ ਦੀ ਪੂਰਤੀ ਨਹੀਂ ਹੁੰਦੀ ਤਾਂ ਰੋਸ ਵਜੋਂ ਜਥੇਬੰਦੀ ਵੱਲੋਂ ਹਾਈਵੇ ਵੀ ਜਾਮ ਕੀਤਾ ਜਾਵੇਗਾ। ਇਸ ਮੌਕੇ ਦੀਪਕ ਕੁਮਾਰ, ਬਲਵਿੰਦਰ ਕੁਮਾਰ, ਜ਼ਿਲ੍ਹਾ ਮੀਤ ਪ੍ਰਧਾਨ ਵਿਪਨਪ੍ਰੀਤ ਸਿੰਘ, ਜਨਰਲ ਸਕੱਤਰ ਗੁਰਵਿੰਦਰਜੀਤ ਸਿੰਘ, ਮੰਗਤ ਰਾਮ, ਸੁਰੇਸ਼ ਕੁਮਾਰ, ਜਨਕ ਸਿੰਘ ਅਤੇ ਸੋਹਣ ਲਾਲ ਆਦਿ ਹਾਜ਼ਰ ਸਨ।

# ਜ਼ਿਲ੍ਹਾ ਗੁਰਦਾਸਪੁਰ ’ਚ ਝੋਨੇ ਦੀ ਖ਼ਰੀਦ ਲਈ ਕੁੱਲ 92 ਖ਼ਰੀਦ ਕੇਂਦਰ ਸਥਾਪਤ

**ਗੁਰਦਾਸਪੁਰ (ਜਨਕ ਮਹਾਜਨ)-** ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੰਡੀਆਂ ਵਿੱਚ ਕੇਵਲ ਸੁੱਕਾ ਝੋਨਾ ਹੀ ਵੇਚਣ ਲਈ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਝੋਨੇ ਵਿੱਚ ਨਮੀ ਦੀ ਵੱਧ ਤੋਂ ਵੱਧ ਮਾਤਰਾ

**● ਚੰਗਾ ਮੁੱਲ ਵੱਟਣ ਲਈ ਕਿਸਾਨ ਮੰਡੀਆਂ ’ਚ ਸੁੱਕਾ ਝੋਨਾ ਹੀ ਲੈ ਕੇ ਆਉਣ : ਡੀਸੀ**

17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ ਅਤੇ ਕਿਸਾਨਾਂ ਨੂੰ ਆਪਣੇ ਝੋਨੇ ਦੀ ਕਟਾਈ ਫਸਲ ਪੂਰੀ ਤਰ੍ਹਾਂ ਪੱਕਣ ਤੇ ਹੀ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਜੇਕਰ ਝੋਨਾ ਸੁੱਕਾ ਹੋਵੇਗਾ ਤਾਂ ਉਸ ਵਿੱਚ ਨਮੀ ਦੀ ਮਾਤਰਾ ਵੀ ਵੱਧ ਤੋਂ ਵੱਧ 17 ਫ਼ੀਸਦੀ ਹੀ ਹੋਵੇਗੀ ਅਤੇ ਖ਼ਰੀਦ ਏਜੰਸੀਆਂ ਵੱਲੋਂ ਪਹਿਲ ਦੇ ਅਧਾਰ ਤੇ ਉਸ ਸੁੱਕੇ ਝੋਨੇ ਨੂੰ ਖ਼ਰੀਦਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਰਾਜ ਵਿੱਚ ਖ਼ਰੀਫ਼ ਸੀਜ਼ਨ 2025-26 ਦੌਰਾਨ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ 2389 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਖ਼ਰੀਦ ਲਈ ਕੁੱਲ 92 ਖ਼ਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਸਾਰੇ ਖ਼ਰੀਦ ਪ੍ਰਬੰਧ ਮੁਕੰਮਲ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਖ਼ਰੀਦ ਏਜੰਸੀਆਂ ਲਈ ਖ਼ਰੀਦ ਟੀਚੇ



ਨਿਰਧਾਰਿਤ ਕੀਤੇ ਗਏ ਹਨ, ਜਿਸ ਤਹਿਤ ਖ਼ਰੀਦ ਏਜੰਸੀਆਂ ਪਨਗ੍ਰੇਨ, ਪਨਸਪ, ਮਾਰਕਫੈੱਡ, ਵੇਅਰ ਹਾਊਸ ਅਤੇ ਐੱਫਸੀਆਈ ਝੋਨੇ ਦੀ ਖ਼ਰੀਦ ਕਰਨਗੀਆਂ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀਆਂ ਨੂੰ ਸੀਜ਼ਨ ਦੌਰਾਨ ਬਾਰਦਾਨੇ ਦੀਆਂ ਕੁੱਲ 20606 ਗੱਠਾਂ ਦੀ ਲੋੜ ਹੈ ਅਤੇ ਖ਼ਰੀਦ ਏਜੰਸੀਆਂ ਪਾਸ ਸਾਰੀਆਂ 20903 ਗੱਠਾਂ ਉਪਲਬਧ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਕੰਬਾਈਨਾਂ ਰਾਹੀਂ ਫ਼ਸਲ ਦੀ ਕਟਾਈ ਵੀ ਕੇਵਲ ਦਿਨ ਵੇਲੇ ਹੀ ਕੀਤੀ ਜਾਵੇ ਅਤੇ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਈਨਾਂ ਨਾਲ ਝੋਨੇ ਦੀ ਕਟਾਈ ਕਰਨ ਉੱਪਰ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਇੱਕ ਵਾਰ ਫਿਰ ਅਪੀਲ ਕੀਤੀ ਹੈ ਕਿ ਉਹ ਮੰਡੀਆਂ ਵਿੱਚ ਕੇਵਲ ਸੁੱਕਾ ਝੋਨਾ ਹੀ ਲਿਆਉਣ ਤਾਂ ਜੋ ਉਨ੍ਹਾਂ ਨੂੰ ਕੋਈ ਮੁਸ਼ਕਲ ਨਾ ਆਵੇ ਅਤੇ ਉਨ੍ਹਾਂ ਦੀ ਫ਼ਸਲ ਦਾ ਪੂਰਾ ਭਾਅ ਮਿਲ ਸਕੇ।

# ਹੜ੍ਹ ਪੀੜਤਾਂ ਨੂੰ ਜ਼ਰੂਰੀ ਰਾਹਤ ਦਿਵਾਉਣ ਲਈ ਸਰਕਾਰ ਖਿਲਾਫ ਮੋਟਰਸਾਈਕਲ ਮਾਰਚ ਕਰਾਂਗੇ : ਦੇਵੀ ਕੁਮਾਰੀ, ਦਰਾਜਕੇ

**ਤਰਨਤਾਰਨ (ਪ੍ਰਿਤਪਾਲ ਸਿੰਘ)-** ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਹੜ੍ਹ ਪੀੜਤਾਂ ਨੂੰ ਰਾਹਤ ਦਿਵਾਉਣ ਲਈ 4 ਅਤੇ 5 ਅਕਤੂਬਰ ਨੂੰ ਜ਼ਿਲ੍ਹਾ ਤਰਨਤਾਰਨ ਦੇ ਵੱਖ-ਵੱਖ ਸ਼ਹਿਰਾ, ਕਸਬਿਆਂ, ਪਿੰਡਾਂ ਅੰਦਰ ਪੰਜਾਬ ਸਰਕਾਰ ਖ਼ਿਲਾਫ਼ ਮੋਟਰਸਾਈਕਲ ਮਾਰਚ ਕੀਤੇ ਜਾਣਗੇ ਜਿਸ ਦੀਆਂ ਤਿਆਰੀਆਂ ਸਬੰਧੀ ਤਰਨਤਾਰਨ ਦੀ ਗਾਂਧੀ ਪਾਰਕ ਵਿੱਚ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਜਸਬੀਰ ਸਿੰਘ ਵੈਰੋਵਾਲ, ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਪੰਜਾਬ ਅੰਦਰ ਆਏ ਹੜ੍ਹਾਂ ਕਾਰਨ ਗ਼ਰੀਬ ਲੋਕਾਂ ਦੀ ਭਾਰੀ ਤਬਾਹੀ ਅਤੇ ਲਗਾਤਾਰ ਕਈ ਦਿਨ ਹੋਈ ਬਰਸਾਤ ਨਾਲ



ਕਿਰਤੀ ਲੋਕਾਂ ਦੇ ਘਰਾਂ ਦੀਆਂ ਛੱਤਾਂ ਡਿੱਗ ਪਈਆਂ ਹਨ ਅਤੇ ਕਈਆਂ ਦੀਆਂ ਕੰਧਾਂ ਪਾਟ ਗਈਆਂ ਪਰ ਪੰਜਾਬ ਸਰਕਾਰ ਨੇ ਗ਼ਰੀਬ ਲੋਕਾਂ ਨਾਲ ਬੇਇਨਸਾਫ਼ੀ ਕੀਤੀ ਹੈ ਕਿਉਂਕਿ ਗ਼ਰੀਬ ਲੋਕਾਂ ਦੇ ਹੱਕ ’ਚ ਪੰਜਾਬ ਸਰਕਾਰ ਨੇ ਮਜ਼ਦੂਰ ਵਰਗ ਨੂੰ ਫੁੱਟੀ ਕੌਡੀ ਦੇਣ ਦਾ ਐਲਾਨ ਨਹੀਂ ਕੀਤਾ।ਇਨ੍ਹਾਂ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਗ਼ਰੀਬ ਲੋਕਾਂ ਦੇ ਘਰਾਂ ਦੇ ਭਾਰੀ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਜੇਕਰ ਸਾਡੀ ਇਸ ਮੰਗ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ 4 ਅਤੇ 5 ਅਕਤੂਬਰ ਵਾਲੇ ਦਿਨ ਜ਼ਿਲ੍ਹਾ ਤਰਨਤਾਰਨ ਦੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਅੰਦਰ ਪੰਜਾਬ ਸਰਕਾਰ ਖ਼ਿਲਾਫ਼ ਮੋਟਰਸਾਈਕਲ ਮਾਰਚ ਕੀਤੇ ਜਾਣਗੇ ਜਿਸ ਦੀਆਂ ਤਿਆਰੀਆਂ ਜ਼ਿਲ੍ਹਾ ਤਰਨਤਾਰਨ ਅੰਦਰ ਮੁਕੰਮਲ ਕਰ ਲਈਆਂ ਹਨ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਥੇਬੰਦੀ ਦੇ ਸੀਨੀਅਰ ਆਗੂ ਨਰਿੰਦਰ ਪਾਲ ਸਿੰਘ ਖਡੂਰ ਸਾਹਿਬ, ਹਰਜਿੰਦਰ ਸਿੰਘ ਚੂੰਘ, ਸਵਿੰਦਰ ਸਿੰਘ ਚੱਕ, ਨਛੱਤਰ ਸਿੰਘ ਤੂੜ, ਜਰਨੈਲ ਸਿੰਘ ਰਸੂਲਪੁਰ ਆਦਿ ਆਗੂ ਹਾਜ਼ਰ ਸਨ।

# ਅਮਰੋਹਾ ਫਾਊਂਡੇਸ਼ਨ ਨੇ ਪੰਜਾਬ ਦੇ ਹੜ੍ਹ ਪੀੜਤਾਂ ਨੂੰ ਜ਼ਰੂਰਤ ਦਾ ਸਾਮਾਨ ਵੰਡਿਆ

**ਅੰਮ੍ਰਿਤਸਰ (ਨਜ਼ਸ)-** ਹਾਲ ਹੀ ਵਿੱਚ ਅਮਰੋਹਾ ਫਾਊਂਡੇਸ਼ਨ ਵੱਲੋਂ ਫਾਊਂਡੇਸ਼ਨ ਦੇ ਪ੍ਰਧਾਨ ਫਰਮਾਨ ਹੈਦਰ ਨਕਵੀ ਨੇ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਉਸਮਾਨ ਲਧਿਆਣਵੀ ਸਾਬ ਦੇ ਦਿਸ਼ਾ-ਨਿਰਦੇਸ਼ ’ਤੇ ਅਤੇ ਡਾਕਟਰ ਸੁਭਾਸ਼ ਠੋਬਾ ਜੀ ਦੀ ਟੀਮ ਦੇ ਨਾਲ ਮਿਲ ਕੇ ਅੰਮ੍ਰਿਤਸਰ ਦੇ ਬਿਲਕੁਲ ਲਾਈਨ ਆਫ਼ ਕੰਟਰੋਲ ਦੇ ਨੇੜੇ, ਜਿੱਥੇ ਰਾਵੀ ਦਰਿਆ ਦੇ ਕੰਢੇ ਵਾਲੇ ਪਿੰਡ ਹਨ, ਉਥੇ ਜਾ ਕੇ ਉਹਨਾਂ ਲੋਕਾਂ ਨਾਲ ਮੁਲਾਕਾਤ ਕੀਤੀ ਜੋ ਇਸ ਸਿਲਾਬ ਕਾਰਨ ਪ੍ਰਭਾਵਿਤ ਹੋਏ ਸਨ ਅਤੇ ਉਨ੍ਹਾਂ ਵਿਚ ਰਾਹਤ ਸਮਾਨ ਵੰਡਿਆ ਗਿਆ।ਇਸ ਮੌਕੇ ਜਨਾਬ ਸ਼ਾਦਾਬ ਨਕਵੀ, ਗ਼ਦੀਰ ਨਕਵੀ, ਮੁਹੰਮਦ ਸਕਲੈਨ, ਅਵਾਨ ਨਕਵੀ, ਸ਼ਹਿਜ਼ਾਦ ਨਕਵੀ ਅਤੇ ਅਮਰੋਹਾ ਫਾਊਂਡੇਸ਼ਨ ਦੇ ਪ੍ਰਧਾਨ ਫਰਮਾਨ ਹੈਦਰ ਨਕਵੀ ਅਤੇ ਨਵੀਦ ਦੇ ਨਾਲ ਨਾਲ ਡਾਕਟਰ ਸੁਭਾਸ਼ ਦੀ ਪੂਰੀ ਟੀਮ ਨੇ ਅਮਰੋਹਾ ਫਾਊਂਡੇਸ਼ਨ ਵੱਲੋਂ ਲਿਆਂਦੇ ਗਏ ਸਾਮਾਨ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਪੂਰਾ ਸਹਿਯੋਗ ਦਿੱਤਾ।ਫਾਊਂਡੇਸ਼ਨ ਨੇ ਕੁੱਲ 10 ਪਿੰਡਾਂ ਦੇ ਪ੍ਰਭਾਵਿਤ ਲੋਕਾਂ ਤੱਕ ਰਾਹਤ ਸਾਮਾਨ ਪਹੁੰਚਾਇਆ।ਫਾਊਂਡੇਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਪ੍ਰਭਾਵਿਤ ਲੋਕਾਂ ਵਿੱਚ ਸਾਮਾਨ ਵੰਡ ਕੇ ਉਨ੍ਹਾਂ ਦੇ ਮਨ ਨੂੰ ਬਹੁਤ ਸਕੂਨ ਮਿਲਿਆ ਕਿਉਂਕਿ ਇਨ੍ਹਾਂ ਲੋਕਾਂ ਨੂੰ ਵਾਕਈ ਇਸ ਸਾਮਾਨ ਦੀ ਬਹੁਤ ਲੋੜ ਸੀ।ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਪਿਛਲੇ ਮਹੀਨੇ ਆਏ ਭਾਰੀ ਹੜ੍ਹਾਂ ਕਾਰਨ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੇ ਲੋਕਾਂ ਦੇ ਘਰ ਡਿੱਗ ਗਏ ਸਨ, ਜਿਸ ਕਾਰਨ ਲੋਕ ਕਈ ਦਿਨ ਹੋਰਾਂ ਦੇ ਘਰਾਂ ਦੀਆਂ ਛੱਤਾਂ ’ਤੇ ਰਹਿਣ ਲਈ ਮਜਬੂਰ ਹੋ ਗਏ ਸਨ।ਹੁਣ ਇੱਥੇ ਦੇ ਲੋਕਾਂ ਨੂੰ ਬਿਮਾਰੀਆਂ ਦਾ ਡਰ ਸਤਾ ਰਿਹਾ ਹੈ, ਮੱਛਰ ਬਹੁਤ ਵਧ ਗਏ ਹਨ ਜਿਸ ਕਰਕੇ ਅੱਜ ਡੇਂਗੂ ਦੇ 15 ਮਾਮਲੇ ਸਾਹਮਣੇ ਆਏ ਹਨ।ਉਨ੍ਹਾਂ ਅਨੁਸਾਰ ਇਨ੍ਹਾਂ ਲੋਕਾਂ ਨੂੰ ਹੁਣ ਫੌਗਿੰਗ ਮਸ਼ੀਨਾਂ ਦੀ ਸਖ਼ਤ ਲੋੜ ਹੈ ਕਿਉਂਕਿ ਕਾਫੀ ਲੋਕਾਂ ਦੁਆਰਾ ਉਥੇ ਫਾਊਂਡੇਸ਼ਨ ਕੋਲੋਂ ਇਨ੍ਹਾਂ ਮਸ਼ੀਨਾਂ ਦੀ ਮੰਗ ਕੀਤੀ ਗਈ।



# ਸਾਥੀ ਜੁਗਿੰਦਰ ਸਿੰਘ ਮੰਡ ਨੂੰ ਸ਼ਰਧਾਂਜਲੀ



**ਭਿੱਖੀਵਿੰਡ (ਨਜ਼ਸ)-** ਜਸਵੰਤ ਸਿੰਘ ਪਿੰਡ ਸੂਰਵਿੰਡ ਦਾ ਪਰਿਵਾਰ ਜੋ ਪਿੰਡ ਵਿੱਚ ਦਿੱਲੀ ਵਾਲਾ ਪਰਿਵਾਰ ਕਰਕੇ ਜਾਣਿਆ ਜਾਂਦਾ ਹੈ, ਦੇ ਵੱਡੇ ਭਰਾ ਮਖਤੂਲ ਸਿੰਘ ਦੇ ਸਹੁਰਾ ਸਾਹਿਬ ਸਰਦਾਰ ਜੁਗਿੰਦਰ ਸਿੰਘ ਮੰਡ, ਪਿੰਡ ਸਰਹਾਲੀ ਸੂਰਵਿੰਡ ਵਿਖੇ ਆਪਣੀ ਧੀ ਰਣਜੀਤ ਕੌਰ ਕੋਲ ਰਹਿੰਦੇ ਸਨ।ਆਪ ਪਟਿਆਲਾ ਹਾਊਸ ਕੋਰਟ ਦਿੱਲੀ ਤੋਂ ਸੀਨੀਅਰ ਰੀਡਰ ਰਿਟਾਇਰ ਹੋਏ ਸਨ।ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਸੀਪੀਆਈ ਦੇ ਸੂਬਾ ਸਕੱਤਰੇਤ ਦੇ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਅਤੇ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ਨੇ ਕਿਹਾ ਕਿ ਜੁਗਿੰਦਰ ਸਿੰਘ ਦੀ ਖਾਹਸ਼ ਸੀ ਕਿ ਕਮਿਊਨਿਸਟ ਪਾਰਟੀ ਦਾ ਰਾਜ ਪ੍ਰਬੰਧ ਕਾਇਮ ਹੋਣਾ ਚਾਹੀਦਾ ਹੈ।ਜਦੋਂ ਵੀ ਉਹ ਸੂਰਵਿੰਡ ਮਿਲਦੇ ਸਨ ਤਾਂ ਉਨ੍ਹਾਂ ਕਹਿਣਾ ਕਿ ਸਿਦਕਦਿਲੀ ਨਾਲ ਕੰਮ ਕਰਦੇ ਰਹਿਣਾ ਹੈ, ਅਖੀਰ ਕਮਿਊਨਿਸਟ ਪਾਰਟੀ ਦੀ ਸਰਕਾਰ ਬਣਨੀ ਹੀ ਬਣਨੀ ਹੈ। ਮਾੜੀਮੇਘਾ ਨੇ ਕਿਹਾ ਕਿ ਇਹ ਸਾਰਾ ਪਰਿਵਾਰ ਹੀ ਕਮਿਊਨਿਸਟ ਵਿਚਾਰਧਾਰਾ ਪੱਖੀ ਹੈ।ਬਾਪੂ ਜੁਗਿੰਦਰ ਸਿੰਘ ਦੇ ਪੁੱਤਰ ਅਮਰਜੀਤ ਸਿੰਘ ਮੰਡ ਤੇ ਦਰਸ਼ਨ ਸਿੰਘ ਮੰਡ ਵੀ ਦਿੱਲੀ ਤੋਂ ਆਏ ਸਨ।ਮਾੜੀਮੇਘਾ ਨੇ ਸੀਪੀਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ, ਕਾਮਰੇਡ ਜਸਵੰਤ ਸਿੰਘ, ਸਰਬਜੀਤ ਕੌਰ, ਨਿਸ਼ਾਨ ਸਿੰਘ ਸੂਰਵਿੰਡ ਅਤੇ ਰਛਪਾਲ ਸਿੰਘ ਬਾਠ ਵੱਲੋਂ ਵੀ ਸ਼ਰਧਾਂਜਲੀ ਭੇਟ ਕੀਤੀ ਗਈ।

1-Oct-PAGE-4.qxd 9/30/2025 9:12 PM Page 1

ਨਵਾਂ ਜ਼ਮਾਨਾ
ਬੁੱਧਵਾਰ, 1 ਅਕਤੂਬਰ 2025

# ਅਸਪੱਸ਼ਟ ਗਾਜ਼ਾ ਯੋਜਨਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਵ੍ਹਾਈਟ ਹਾਊਸ 'ਚ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਇੱਕ 20-ਸੂਤਰੀ ਗਾਜ਼ਾ ਜੰਗਬੰਦੀ ਯੋਜਨਾ ਪੇਸ਼ ਕੀਤੀ, ਜਿਸ ਨੂੰ ਉਸ ਨੇ ਇਤਿਹਾਸਕ ਦੱਸਿਆ। ਪਰ ਇਸ ਯੋਜਨਾ ਵਿੱਚ ਕਈ ਅਸਪੱਸ਼ਟ ਮੱਦਾਂ ਹਨ, ਜਿਹੜੀਆਂ ਫਲਸਤੀਨ ਤੇ ਮੱਧ-ਪੂਰਬ ਖੇਤਰ ਦੇ ਭਵਿੱਖ 'ਤੇ ਡੂੰਘਾ ਪ੍ਰਭਾਵ ਪਾ ਸਕਦੀਆਂ ਹਨ। ਵਿਸਤ੍ਰਿਤ ਸਮਾਂ-ਸੀਮਾ ਤੇ ਸਪੱਸ਼ਟਤਾ ਦੀ ਕਮੀ ਕਾਰਨ ਕਈ ਸਵਾਲ ਪੈਦਾ ਹੁੰਦੇ ਹਨ। ਇਸ ਯੋਜਨਾ ਵਿੱਚ ਗਾਜ਼ਾ ਦੀ ਸ਼ਾਸਨ ਵਿਵਸਥਾ, ਕੌਮਾਂਤਰੀ ਸੈਨਾ ਦੀ ਭੂਮਿਕਾ ਤੇ ਫਲਸਤੀਨੀ ਰਾਜ ਦੀ ਸੰਭਾਵਨਾ ਵਰਗੇ ਮੁੱਦਿਆਂ ਦੇ ਠੋਸ ਜਵਾਬ ਨਹੀਂ ਲੱਭਦੇ। ਟਰੰਪ ਦੀ ਇਸ ਯੋਜਨਾ ਵਿੱਚ ਗਾਜ਼ਾ ਲਈ ਇੱਕ 'ਅਸਥਾਈ ਸਥਾਨਕ ਸ਼ਾਸਨ' ਦਾ ਜ਼ਿਕਰ ਹੈ, ਜੋ ਇੱਕ 'ਤਕਨੀਕੀ ਤੇ ਗੈਰ-ਸਿਆਸੀ ਫਲਸਤੀਨੀ ਕਮੇਟੀ' ਵੱਲੋਂ ਚਲਾਇਆ ਜਾਵੇਗਾ, ਪਰ ਇਸ ਕਮੇਟੀ ਦਾ ਗਠਨ ਕਿਵੇਂ ਹੋਵੇਗਾ, ਇਸ ਦੇ ਮੈਂਬਰਾਂ ਦੀ ਚੋਣ ਕੌਣ ਕਰੇਗਾ, ਇਹ ਸਪੱਸ਼ਟ ਨਹੀਂ ਹੈ। ਇਸ ਦੇ ਇਲਾਵਾ ਟਰੰਪ ਤੇ ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਦੀ ਅਗਵਾਈ ਵਿੱਚ ਇੱਕ 'ਸ਼ਾਂਤੀ ਬੋਰਡ' ਇਸ ਕਮੇਟੀ ਦੀ ਨਿਗਰਾਨੀ ਕਰੇਗਾ, ਪਰ ਬੋਰਡ ਤੇ ਕਮੇਟੀ ਵਿਚਾਲੇ ਸੰਬੰਧ ਕੀ ਹੋਵੇਗਾ, ਰੋਜ਼ਾਨਾ ਦੇ ਫੈਸਲੇ ਕੌਣ ਲਵੇਗਾ, ਇਨ੍ਹਾਂ ਸਵਾਲਾਂ ਦਾ ਜਵਾਬ ਵੀ ਨਦਾਰਦ ਹੈ। ਮਾਹਰਾਂ ਦਾ ਕਹਿਣਾ ਹੈ ਕਿ ਇਹ ਅਸਪੱਸ਼ਟਤਾ ਸ਼ਾਸਨ ਦੇ ਢਾਂਚੇ ਨੂੰ ਕਮਜ਼ੋਰ ਬਣਾ ਸਕਦੀ ਹੈ। ਯੋਜਨਾ ਮੁਤਾਬਕ ਕਮੇਟੀ ਗਾਜ਼ਾ ਨੂੰ ਉਦੋਂ ਤੱਕ ਚਲਾਏਗੀ, ਜਦੋਂ ਤੱਕ ਫਲਸਤੀਨੀ ਅਥਾਰਟੀ (ਪੀ ਏ) ਆਪਣਾ ਸੁਧਾਰ ਪ੍ਰੋਗਰਾਮ ਪੂਰਾ ਨਾ ਕਰ ਲਵੇ ਅਤੇ ਸੁਰੱਖਿਅਤ ਤੇ ਪ੍ਰਭਾਵੀ ਢੰਗ ਨਾਲ ਗਾਜ਼ਾ ਦਾ ਕੰਟਰੋਲ ਨਾ ਲੈ ਲਵੇ, ਪਰ ਪੀ ਏ ਦੀ ਤਿਆਰੀ ਨੂੰ ਪ੍ਰਮਾਣਤ ਕੌਮ ਕਰੇਗਾ, ਸੁਧਾਰ ਲਈ ਕਿਹੜੇ ਖਾਸ ਮਾਪਦੰਡ ਪੂਰੇ ਕਰਨੇ ਹੋਣਗੇ ਅਤੇ ਸਮਾਂ-ਸੀਮਾ ਕੀ ਹੋਵੇਗੀ, ਇਸ ਦਾ ਕੋਈ ਜ਼ਿਕਰ ਨਹੀਂ ਹੈ। ਯੋਜਨਾ ਗਾਜ਼ਾ ਨੂੰ ਇੱਕ ਵੱਖਰੇ ਯੂਨਿਟ ਦੇ ਰੂਪ ਵਿੱਚ ਦੇਖਦੀ ਹੈ, ਜਦਕਿ ਫਲਸਤੀਨ ਨੂੰ ਏਕੀਕ੍ਰਿਤ ਖੇਤਰ ਮੰਨਿਆ ਜਾਂਦਾ ਹੈ। ਨੇਤਨਯਾਹੂ ਨੇ ਸਪੱਸ਼ਟ ਕੀਤਾ ਹੈ ਕਿ ਗਾਜ਼ਾ ਦਾ ਪ੍ਰਸ਼ਾਸਨ ਨਾ ਤਾਂ ਹਮਾਸ ਚਲਾਏਗਾ ਤੇ ਨਾ ਹੀ ਫਲਸਤੀਨੀ ਅਥਾਰਟੀ। ਇਹ ਦਾਅਵਾ ਯੋਜਨਾ ਨੂੰ ਪੂਰੀ ਤਰ੍ਹਾਂ ਅਸਪੱਸ਼ਟ ਕਰ ਦਿੰਦਾ ਹੈ। ਗਾਜ਼ਾ ਨੂੰ ਸੁਰੱਖਿਅਤ ਕਰਨ ਲਈ ਇੱਕ ਅਸਥਾਈ ਕੌਮਾਂਤਰੀ ਸੈਨਕ ਬਲ ਕਾਇਮ ਕੀਤਾ ਜਾਣਾ ਹੈ। ਇਹ ਬਲ ਕਿੱਥੋਂ ਆਵੇਗਾ, ਕਿਹੜੇ ਦੇਸ਼ ਸੈਨਕ ਭੇਜਣ ਨੂੰ ਤਿਆਰ ਹੋਣਗੇ ਅਤੇ ਕੀ ਉਹ ਸਾਰੀਆਂ ਧਿਰਾਂ ਨੂੰ ਮਨਜ਼ੂਰ ਹੋਣਗੇ, ਇਸ ਬਾਰੇ ਵੀ ਸਪੱਸ਼ਟਤਾ ਨਹੀਂ ਹੈ। ਕੀ ਇਹ ਬਲ ਹਮਾਸ ਦਾ ਮੁਕਾਬਲਾ ਕਰੇਗਾ ਜਾਂ ਫਲਸਤੀਨੀਆਂ ਦੀ ਰਾਖੀ ਕਰੇਗਾ, ਜਿਸ ਵਿੱਚ ਇਜ਼ਰਾਈਲੀ ਸੈਨਾ ਨਾਲ ਟਕਰਾਅ ਵੀ ਸ਼ਾਮਲ ਹੋ ਸਕਦਾ ਹੈ, ਇਹ ਸਵਾਲ ਵੀ ਬਿਨਾਂ ਜਵਾਬ ਦੇ ਹੈ।

ਹਾਲਾਂਕਿ ਯੋਜਨਾ ਵਿੱਚ ਇਜ਼ਰਾਈਲ ਦੇ ਗਾਜ਼ਾ ਤੋਂ ਪਿੱਛੇ ਹਟਣ ਦੀ ਗੱਲ ਕਹੀ ਗਈ ਹੈ, ਪਰ ਇਸ ਦੀ ਸਪੱਸ਼ਟ ਮਿਆਦ ਜਾਂ ਮਾਪਦੰਡ ਤੈਅ ਨਹੀਂ ਹਨ। ਯੋਜਨਾ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ 'ਦਹਿਸ਼ਤਗਰਦੀ ਦੇ ਖਤਰੇ ਤੋਂ ਪੂਰੀ ਤਰ੍ਹਾਂ ਸੁਰੱਖਿਅਤ' ਹੋਣ ਤੱਕ ਗਾਜ਼ਾ ਵਿੱਚ 'ਸੁਰੱਖਿਆ ਘੇਰਾ' ਬਣਾਈ ਰੱਖੇਗਾ, ਪਰ ਇਹ ਸ਼ਰਤ ਕਦ ਪੂਰੀ ਹੋਈ ਮੰਨੀ ਜਾਵੇਗੀ ਤੇ ਇਸ ਦਾ ਫੈਸਲਾ ਕੌਣ ਕਰੇਗਾ, ਇਹ ਵੀ ਸਪੱਸ਼ਟ ਨਹੀਂ ਹੈ। ਇਹ ਮੱਦ ਇਜ਼ਰਾਈਲ ਨੂੰ ਅਣਮਿੱਥੇ ਸਮੇਂ ਤੱਕ ਗਾਜ਼ਾ 'ਤੇ ਕਬਜ਼ੇ ਦੀ ਖੁੱਲ੍ਹ ਦੇ ਸਕਦੀ ਹੈ। ਟਰੰਪ ਨੇ ਇੱਕ ਗੱਲ ਇਹ ਵੀ ਕਹੀ ਹੈ ਕਿ ਉਨ੍ਹਾ ਦੇ ਕਈ ਸਹਿਯੋਗੀ ਦੇਸ਼ਾਂ ਨੇ ਫਲਸਤੀਨ ਰਾਜ ਨੂੰ ਮੂਰਖਤਾਪੂਰਨ ਤਰੀਕੇ ਨਾਲ ਮਾਨਤਾ ਦਿੱਤੀ। ਅਸਲ ਵਿੱਚ ਉਨ੍ਹਾ ਇਹ ਮਾਨਤਾ ਇਸ ਕਰਕੇ ਦਿੱਤੀ, ਕਿਉਂਕਿ ਉਹ ਜੋ ਹੋ ਰਿਹਾ ਹੈ, ਉਸ ਤੋਂ ਥੱਕ ਚੁੱਕੇ ਹਨ। ਟਰੰਪ ਤੇ ਨੇਤਨਯਾਹੂ ਦੀ ਯੋਜਨਾ ਵਿੱਚ ਫਲਸਤੀਨੀ ਰਾਜ ਦੀ ਕਾਇਮੀ ਦਾ ਜ਼ਿਕਰ ਸ਼ਰਤਾਂ ਨਾਲ ਹੈ। ਉਨ੍ਹਾਂ ਮੁਤਾਬਕ ਜਦ ਗਾਜ਼ਾ ਦਾ ਪੁਨਰ ਵਿਕਾਸ ਅੱਗੇ ਵਧੇਗਾ ਅਤੇ ਪੀ ਏ ਦਾ ਸੁਧਾਰ ਪ੍ਰੋਗਰਾਮ ਇਮਾਨਦਾਰੀ ਨਾਲ ਲਾਗੂ ਹੋਵੇਗਾ, ਤਦ ਫਲਸਤੀਨੀ ਸਵੈ-ਨਿਰਣੇ ਤੇ ਰਾਜ ਦੇ ਭਰੋਸੇਯੋਗ ਰਾਹ ਲਈ ਸਥਿਤੀਆਂ ਬਣ ਸਕਦੀਆਂ ਹਨ, ਜਿਸ ਨੂੰ ਉਹ ਫਲਸਤੀਨੀ ਲੋਕਾਂ ਦੀਆਂ ਉਮੰਗਾਂ ਦੇ ਰੂਪ ਵਿੱਚ ਮੰਨਦੇ ਹਨ। ਪਰ ਇਹ ਸਭ ਕੁਝ 'ਹੋ ਸਕਦਾ ਹੈ' ਉੱਤੇ ਟਿਕਿਆ ਹੈ, ਨਾ ਕਿ ਗਰੰਟੀ 'ਤੇ। ਯੋਜਨਾ ਫਲਸਤੀਨੀ ਰਾਜ ਦੇ ਅਧਿਕਾਰ ਨੂੰ ਮਾਨਤਾ ਨਹੀਂ ਦਿੰਦੀ, ਸਗੋਂ ਇਸ ਨੂੰ ਸਿਰਫ ਉਮੰਗ ਦੱਸਦੀ ਹੈ, ਜੋ ਅਸਪੱਸ਼ਟਤਾ ਨੂੰ ਸਾਫ-ਸਾਫ ਵਧਾ ਰਹੀ ਹੈ।

ਇਹ 20-ਸੂਤਰੀ ਯੋਜਨਾ ਗਾਜ਼ਾ ਵਿੱਚ ਖੂਨ ਖਰਾਬੇ ਨੂੰ ਖਤਮ ਕਰਨ ਦਾ ਯਤਨ ਜ਼ਰੂਰ ਹੈ, ਪਰ ਅਸਪੱਸ਼ਟ ਮੱਦਾਂ ਕਾਰਨ ਇਸ ਦੀ ਸਫਲਤਾ ਸ਼ੱਕੀ ਹੈ। ਇਸ ਯੋਜਨਾ ਦਾ ਭਲੇ ਹੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਪੱਛਮੀ ਆਗੂਆਂ ਤੇ ਅਰਬ ਆਗੂਆਂ ਨੇ ਸਵਾਗਤ ਕੀਤਾ ਹੈ, ਪਰ ਸਵਾਲਾਂ ਦੇ ਜਵਾਬ ਮਿਲੇ ਬਿਨਾਂ ਇਹ ਫਲਸਤੀਨ ਦੇ ਭਵਿੱਖ ਨੂੰ ਹੋਰ ਅਨਿਸਚਿਤ ਬਣਾ ਸਕਦੀ ਹੈ। ਖਿੱਤੇ ਵਿੱਚ ਅਮਨ ਲਈ ਵਧੇਰੇ ਸਾਫਗੋਈ ਦੀ ਲੋੜ ਹੈ।

# ਆਪਣਾ ਦੇਸ਼ ਪਰਾਏ ਲੋਕ



ਗੁਰਮੀਤ ਸਿੰਘ ਪਲਾਹੀ

ਹਰ ਪਾਸੇ ਪ੍ਰਵਾਸੀਆਂ ਲਈ ਸਰਹੱਦਾਂ ਉਤੇ ਰੋਕ ਲਾਈ ਜਾ ਰਹੀ ਹੈ। ਪ੍ਰਵਾਸ-ਕਾਨੂੰਨ ਸਖ਼ਤ ਹੋ ਰਹੇ ਹਨ। ਗ਼ੈਰ-ਨਾਗਰਿਕਾਂ ਨੂੰ ਦੇਸ਼ 'ਚੋਂ ਬਾਹਰ ਕੱਢਣ ਦਾ ਦਬਾਅ ਵਧਦਾ ਜਾ ਰਿਹਾ ਹੈ। ਦੇਸ਼ਾਂ ਦੇ ਦੇਸ਼ ਪ੍ਰਵਾਸੀਆਂ ਵਿਰੁੱਧ ਉਬਾਲ ਵਿੱਚ ਹਨ। ਆਨੇ-ਬਹਾਨੇ ਪ੍ਰਵਾਸੀਆਂ ਵਿਰੁੱਧ ਨਫ਼ਰਤ ਵਧ ਰਹੀ ਹੈ। ਮਨੁੱਖ ਨੂੰ ਮਨੁੱਖ ਨਾ ਸਮਝਣਾ ਕਿੰਨਾ ਘਾਤਕ ਹੈ!

ਯੂਰਪ ਵਿੱਚ ਕੱਟੜਪੰਥੀ ਦਲ ਸਿਆਸਤ ਵਿੱਚ ਜ਼ੋਰ ਫੜਦੇ ਜਾ ਰਹੇ ਹਨ। 2024 ਚ ਫਰਾਂਸ ਚ ਨੈਸ਼ਨਲ ਪਾਰਟੀ ਅਤੇ ਜਰਮਨੀ ਵਿੱਚ ਕੱਟੜਪੰਥੀ ਜਿਹੇ ਬਣੇ ਸਿਆਸੀ ਦਲ ਚੋਣਾਂ 'ਚ ਇੱਕ ਤਿਹਾਈ ਸੀਟਾਂ ਜਿੱਤ ਗਏ। ਇਹ ਸਿਆਸੀ ਦਲ ਬਿਆਨਬਾਜ਼ੀ ਕਰਦੇ ਹਨ, ਪ੍ਰਵਾਸ ਨੂੰ ਅਪਰਾਧ ਗਿਣਦੇ ਹਨ।

ਆਸਟਰੀਆ ਦੀ ਫਰੀਡਮ ਪਾਰਟੀ 30 ਫ਼ੀਸਦੀ ਵੋਟਾਂ ਲੈ ਗਈ। ਯੂਰਪ ਦੇ ਦੇਸ਼ਾਂ ਫਰਾਂਸ, ਇਟਲੀ, ਜਰਮਨੀ ਚ ਫ਼ਾਸ਼ੀਵਾਦੀ ਵਿਚਾਰਾਂ ਵਾਲੇ ਲੋਕਾਂ ਦਾ ਬੋਲਬਾਲਾ ਵਧਿਆ ਹੈ, ਜਿਹੜੇ ਪ੍ਰਵਾਸੀਆਂ ਵਿਰੁੱਧ ਇੱਕ ਲਹਿਰ ਖੜੀ ਕਰਨ ਚ ਕਾਮਯਾਬੀ ਹਾਸਲ ਕਰ ਰਹੇ ਹਨ। ਕੀ ਇਹ ਨਫ਼ਰਤੀ ਵਰਤਾਰਾ ਮਨੁੱਖਤਾ ਖਿਲਾਫ਼ ਵੱਡੀ ਜੰਗ ਨਹੀਂ ਹੈ? ਪ੍ਰਮਾਣੂ ਜੰਗ ਤੋਂ ਵੀ ਵੱਡੀ।

ਕੈਨੇਡਾ ਜਿਹੜਾ ਲੰਮੇ ਸਮੇਂ ਤੱਕ ਪ੍ਰਵਾਸੀਆਂ ਨੂੰ ਆਪਣੀ ਹਿੱਕ ਨਾਲ ਲਾਉਂਦਾ ਰਿਹਾ ਹੈ, ਉਸ ਨੂੰ ਉਥੇ ਵੱਡੇ ਤਣਾਅ ਦਾ ਸਾਹਮਣਾ ਕਰਨਾ ਪਿਆ ਹੈ। ਕੈਨੇਡਾ ਦੇਕਨਜ਼ਰਵੇਟਿਵ ਨੇਤਾ ਪਿਅਰੇ ਪਾਈਲਿਵਰੇ ਨੇ ਪ੍ਰਵਾਸੀਆਂ ਨੂੰ ਕੈਨੇਡਾ 'ਚ ਵਧ ਰਹੀਆਂ ਨੌਕਰੀਆਂ 'ਚ ਸਮੱਸਿਆਵਾਂ ਲਈ ਜ਼ੁੰਮੇਵਾਰ ਕਰਾਰ ਦਿੱਤਾ।ਕੈਨੇਡਾ 'ਚ ਇੰਮੀਗਰੇਸ਼ਨ ਕਾਨੂੰਨ 'ਚ ਸਖ਼ਤੀ ਦੇਖਣ ਨੂੰ ਮਿਲ ਰਹੀ ਹੈ। ਹਾਲਾਂਕਿ ਕੈਨੇਡਾ ਐਡਾ ਵੱਡਾ ਦੇਸ਼ ਹੈ, ਜਿਥੇ ਅਥਾਹ ਪ੍ਰਵਾਸੀ ਸਮਾਅ ਸਕਦੇ ਹਨ, ਚੰਗਾ ਗੁਜ਼ਰ-ਬਸਰ ਕਰ ਸਕਦੇ ਹਨ।

ਆਸਟਰੇਲੀਆ ਵਿੱਚ ਵੀ ਪ੍ਰਵਾਸੀਆਂ ਪ੍ਰਤੀ ਨੀਤੀਆਂ 'ਚ ਬਦਲਾਅ ਹੈ ਅਤੇ ਹਜ਼ਾਰਾਂ ਲੋਕ ਪ੍ਰਵਾਸੀਆਂ ਵਿਰੁੱਧ ਵਿਖਾਵੇ ਕਰਨ ਲਈ ਅੱਗੇ ਆਏ ਹਨ, ਪ੍ਰਦਰਸ਼ਨ ਹੋ ਰਹੇ ਹਨ। ਨਓ-ਨਾਜ਼ੀ ਨਾਲ ਜੁੜੇ ਵੱਡੇ ਪ੍ਰਦਰਸ਼ਨ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਕੀਤੇ ਗਏ। ਅਮਰੀਕਾ ਚ ਟਰੰਪ ਦੀ ਜਿੱਤ ਨੇ ਪ੍ਰਵਾਸੀਆਂ ਵਿਰੁੱਧ ਮਿੱਥ ਕੇ ਜਿਸ ਢੰਗ ਨਾਲ ਰਾਸ਼ਟਰਵਾਦ ਦੇ ਨਾਂਅ ਉਤੇ ਨਫ਼ਰਤੀ ਵਰਤਾਰਾ ਸਿਰਜਿਆ ਹੈ, ਉਸ ਦਾ ਦੁਨੀਆ ਭਰ 'ਚ ਖ਼ਾਸ ਕਰਕੇ ਯੂਰਪ 'ਚ ਪ੍ਰਭਾਵ ਪ੍ਰਤੱਖ ਦਿੱਖ ਰਿਹਾ ਹੈ। ਕੀ ਇਹ ਭਰਾਤਰੀਭਾਵ ਉਤੇ ਵੱਡੀ ਸੱਟ ਨਹੀਂ ਹੈ?

ਦੁਨੀਆ ਭਰ 'ਚ ਪ੍ਰਵਾਸੀਆਂ ਵਿਰੁੱਧ ਅੰਦੋਲਨਾਂ 'ਚ ਵਾਧਾ ਵੇਖਿਆ ਜਾ ਰਿਹਾ ਹੈ। ਇਹ ਅੰਦੋਲਨ ਹਾਸ਼ੀਏ ਚ ਨਹੀਂ, ਸਗੋਂ ਮੁੱਖ ਧਾਰਾ ਬਣਦਾ ਜਾ ਰਿਹਾ ਹੈ, ਜਿਸ ਨਾਲ ਸਿਆਸੀ ਨੇਤਾਵਾਂ, ਰਾਸ਼ਟਰਵਾਦੀ ਪਾਰਟੀਆਂ ਅਤੇ ਇਥੋਂ ਤੱਕ ਕਿ ਐਲਨ ਮਸਕ ਜਿਹੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਪ੍ਰਭਾਵਸ਼ਾਲੀ ਲੋਕਾਂ ਦੀ ਚੜ੍ਹਤ ਹੋਈ ਹੈ।

ਡੋਨਾਲਡ ਟਰੰਪ ਦੇ ਸੱਜੇ ਹੱਥ ਕੱਟੜਪੰਥੀ ਕਿਰਕ ਦੇ ਕਤਲ ਨੇ ਅੱਗ 'ਚ ਘਿਓ ਪਾਉਣ ਦਾ ਕੰਮ ਕੀਤਾ, ਜਿਸ ਦਾ ਸਿੱਟਾ ਬਰਤਾਨੀਆ 'ਚ ਦਿਖਿਆ, ਉਥੇ ਡੇਢ ਲੱਖ ਲੋਕ ਪ੍ਰਵਾਸੀ ਨੀਤੀਆਂ ਅਤੇ ਪ੍ਰਵਾਸੀਆਂ ਦੇ ਵਿਰੁੱਧ ਲੰਦਨ 'ਚ ਸੜਕਾਂ 'ਤੇ ਉਤਰ ਆਏ। ਐਲਨ ਮਸਕ ਦਾ ਇਹ ਬਿਆਨ ਕਿ ਪ੍ਰਵਾਸੀਆਂ ਨੂੰ ਸ਼ਰਨ ਦੇਣਾ ਦੇਸ਼ ਧਰੋਹ ਕਾਰਵਾਈ ਹੈ, ਨਾਲ ਇਹ ਰਾਸ਼ਟਰਵਾਦੀ ਨੇਤਾ ਮਜ਼ਬੂਤ ਹੋ ਰਹੇ ਹਨ। ਕੀ ਇਸ ਨਾਲ ਹਿਟਲਰੀ ਸੋਚ ਵਾਲੇ ਲੋਕਾਂ ਦਾ ਦਬਾਅ ਨਹੀਂ ਵਧੇਗਾ?

20ਵੀਂ ਸਦੀ 'ਚ ਇੱਕ ਨਾਹਰਾ ਗੂੰਜਿਆ ਸੀ। ਵਿਸ਼ਵ ਨਾਗਰਿਕਤਾ ਨੂੰ ਹੁਲਾਰਾ ਮਿਲਿਆ ਸੀ। ਵਿਸ਼ਵਵਾਦ ਸੁਰਖੀਆਂ 'ਚ ਆਇਆ ਸੀ, ਪਰ ਹੁਣ ਇਸੇ ਨਾਹਰੇ ਨੂੰ, ਜੋ ਮਨੁੱਖਤਾ ਦੇ ਹਿੱਤ ਵਾਲਾ ਵੱਡਾ ਕਾਰਜ ਸੀ, ਨੂੰ ਪੈਰਾਂ ਹੇਠ ਮਿੱਧਣ ਲਈ ਕੱਟੜਪੰਥੀ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਹਨ। ਇਸ ਨਾਹਰੇ ਦੇ ਅਸਲ ਮਨੁੱਖਵਾਦੀ ਤੱਤਾਂ ਨੂੰ ਖ਼ਾਰਜ ਕਰਕੇ 'ਆਪਣਾ ਦੇਸ਼ ਪਰਾਏ ਲੋਕ' ਦਾ ਨਾਹਰਾ ਹਰਮਨ-ਪਿਆਰਾ ਕੀਤਾ ਜਾ ਰਿਹਾ ਹੈ ਅਤੇ ਇਸ ਦਾ ਨਾਹਰੇ ਦੇ ਤਹਿਤ ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢੋ, ਸੂਬਿਆਂ 'ਚੋਂ ਕੱਢੋ ਦਾ ਨਾਹਰਾ ਅੰਦੋਲਨ ਬੁਲੰਦ ਹੋ ਰਿਹਾ ਹੈ।

ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਯੂਰਪ ਦੇ ਦੇਸ਼ਾਂ ਵਿੱਚ ਧਰੁਵੀਕਰਨ, ਪ੍ਰਵਾਸ-ਵਿਰੋਧੀ ਭਾਵਨਾ ਤਿੱਖੇ ਟਕਰਾਅ ਚ ਪ੍ਰਫੁੱਲਤ ਹੋ ਰਹੀ ਹੈ। ਭਾਵੇਂ ਪੱਛਮ ਵਿੱਚ ਸਮਾਜਿਕ ਸਮੂਹਾਂ ਵਿੱਚ ਵੱਡੇ ਪੈਮਾਨੇ 'ਤੇ ਹਿੰਸਕ ਟਕਰਾਅ ਨਹੀਂ ਹੈ, ਪਰ ਧਰੁਵੀਕਰਨ 'ਚ ਬਿਆਨਬਾਜ਼ੀ-ਯੁੱਧ ਸਿਖ਼ਰਾਂ 'ਤੇ ਪੁੱਜਾ ਹੈ। ਇਹ ਵਿਸ਼ਵ ਨਾਗਰਿਕਾਂ ਦੇ ਹਿਮੈਤੀਆਂ ਦੇ ਵਿਰੁੱਧ ਹਥਿਆਰ ਚੁੱਕਣ ਦਾ ਨਾਹਰਾ ਬੁਲੰਦ ਕਰਦੇ ਹਨ ਅਤੇ ਪ੍ਰਵਾਸੀਆਂ 'ਚ ਡਰ ਪੈਦਾ ਕਰਨ ਲਈ ਹਰ ਉਹ ਕਾਰਵਾਈ ਕਰਨ ਦੇ ਹਾਮੀ ਹਨ, ਜਿਸ ਨਾਲ ਦੇਸ਼ ਵਿੱਚ ਗ੍ਰਹਿ-ਯੁੱਧ ਜਿਹੇ ਹਾਲਾਤ ਪੈਦਾ ਹੋਣ।

ਪ੍ਰਵਾਸ ਵਿਰੋਧੀ ਇਹ ਕੱਟੜਪੰਥੀ, ਸਰਕਾਰੀ ਪ੍ਰਵਾਸ ਨੀਤੀਆਂ ਅਤੇ ਪ੍ਰਵਾਸੀਆਂ ਪ੍ਰਤੀ ਗੁੱਸੇ ਅਤੇ ਨਫ਼ਰਤ ਵਾਲੀ ਭਾਸ਼ਾ ਵਰਤਦੇ ਹਨ। ਉਹਨਾਂ ਵਿਰੁੱਧ ਹਥਿਆਰ ਚੁੱਕਣ ਦਾ ਹੋਕਾ ਦਿੰਦੇ ਹਨ ਅਤੇ ਟਰੰਪ ਜਿਹੇ ਨੇਤਾਵਾਂ ਦੇ ਹੱਥ ਮਜ਼ਬੂਤ ਕਰਦੇ ਹਨ, ਜਿਸ ਨੇ ਅੰਤਰਰਾਸ਼ਟਰੀ ਸੰਸਥਾਵਾਂ ਯੂ ਐੱਸ ਏ ਆਈ ਡੀ ਆਦਿ ਜਿਹੀਆਂ ਸੰਸਥਾਵਾਂ ਨੂੰ ਖ਼ਤਮ ਕਰ ਦਿੱਤਾ, ਜਿਹੜਾ ਇਸ ਗੱਲ ਦਾ ਮੁੱਦਈ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਜਿਹੜੀਆਂ ਸੰਸਥਾਵਾਂ ਨੂੰ ਪੈਸੇ ਦਿੱਤੇ ਜਾਂਦੇ ਹਨ, ਉਹ ਦੇਸ਼ ਦੇ ਟੈਕਸ ਦੇਣ ਵਾਲੇ ਲੋਕਾਂ ਦੇ ਹਨ। ਇਹ ਪੈਸੇ ਦੀ ਨਜਾਇਜ਼ ਵਰਤੋਂ ਹੈ। ਉਨ੍ਹਾਂ ਨੂੰ ਅਮਰੀਕਾ ਫਸਟ ਜਾਂ ਯੂਨਾਇਟ ਦਾ ਕਿੰਗਡਮ ਜਿਹੇ ਨਾਹਰੇ ਪਸੰਦ ਹਨ, ਜਿਹੜੇ ਰਾਸ਼ਟਰਵਾਦ ਨੂੰ ਉਤਸ਼ਾਹਤ ਕਰਦੇ ਹਨ ਅਤੇ ਅੰਤਰਰਾਸ਼ਟਰੀ ਮੁੱਲਾਂ ਤੇ ਮਨੁੱਖਤਾਵਾਦੀ ਕਦਰਾਂ-ਕੀਮਤਾਂ ਨੂੰ ਨਕਾਰਦੇ ਹਨ।

ਖੁੱਲ੍ਹੇ ਵਿਚਾਰਾਂ ਵਾਲੇ ਉਦਾਰਵਾਦੀ ਸ਼ਾਸਕ ਖੁੱਲ੍ਹੀਆਂ ਸਰਹੱਦਾਂ ਦੇ ਹਿਮਾਇਤੀ ਹਨ, ਉਹ ਸਸਤੀ ਲੇਬਰ ਨੂੰ ਪੂੰਜੀਵਾਦੀ ਹਿੱਤਾਂ ਦੀ ਪੂਰਤੀ ਦੇ ਪਾਲਕ ਮੰਨਦੇ ਹਨ। ਉਹ ਵੱਡੇ ਪੈਮਾਨੇ 'ਤੇ ਪ੍ਰਵਾਸੀਆਂ ਦੇ ਹੱਕ 'ਚ ਖੜਦੇ ਹਨ, ਕਿਉਂਕਿ ਉਹ ਘੱਟ ਵੇਤਨ ਲਈ ਪ੍ਰਵਾਸੀਆਂ ਦੀ ਵਰਤੋਂ ਕਰਦੇ ਹਨ, ਭਾਵੇਂ ਕਿ ਬਹੁਤੇ ਥਾਵਾਂ 'ਤੇ ਇਹ ਸਿਧਾਂਤ ਸਮਾਜਿਕ ਏਕਤਾ ਨੂੰ ਖ਼ਤਮ ਕਰਦਾ ਹੈ।

ਇਸ ਦੇ ਉਲਟ ਕੱਟੜਪੰਥੀ ਰਾਸ਼ਟਰਵਾਦੀ ਇਹ ਦੋਸ਼ ਲਗਾਉਂਦੇ ਹਨ ਕਿ ਸਥਾਨਕ ਅਬਾਦੀ ਦੀ ਥਾਂ ਪ੍ਰਦੇਸੀਆਂ ਨੂੰ ਲਿਆਉਣਾ ਉਥੋਂ ਦੇ ਵਾਸਨੀਕਾਂ ਦੇ ਹਿੱਤਾਂ ਦੇ ਉਲਟ ਹੈ। ਉਹ ਇਹ ਵੀ ਕਹਿੰਦੇ ਹਨ ਕਿ ਇਹ ਜਾਣ ਬੁੱਝ ਕੇ ਕੀਤਾ ਜਾ ਰਿਹਾ ਹੈ ਅਤੇ ਦੇਸੀ ਲੋਕਾਂ ਦੀਆਂ ਨੌਕਰੀਆਂ ਨੂੰ ਖੋਰਾ ਲਾ ਕੇ ਆਊਟਸੋਰਸ ਰਾਹੀਂ ਭਰਿਆ ਜਾ ਰਿਹਾ ਹੈ, ਜਿਸ ਨਾਲ ਸਥਾਨਕ ਲੋਕਾਂ ਦੇ ਮਨਾਂ 'ਚ ਗੁੱਸਾ ਹੈ। ਉਹ ਇਸ ਗੁੱਸੇ ਦੀ ਵਰਤੋਂ ਆਪਣੇ ਹਿੱਤ ਲਈ ਕਰਦੇ ਹਨ।

ਦੇਸ਼ ਭਾਰਤ ਦੇ ਕਿਰਤੀ-ਕਾਮਿਆਂ, ਪੇਸ਼ੇਵਰਾਂ ਨੂੰ 1960 ਦੇ ਦਹਾਕੇ 'ਚ ਖੁੱਲ੍ਹੀ ਅਵਾਸ ਨੀਤੀ ਦਾ ਫ਼ਾਇਦਾ ਹੋਇਆ, ਜਿਸ ਨਾਲ ਭਾਰਤੀ ਪੇਸ਼ੇਵਰ ਅਤੇ ਕਾਮੇ ਵੱਡੀ ਸੰਖਿਆ 'ਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ 'ਚ ਜਾ ਕੇ ਰੋਟੀ ਕਮਾਉਣ ਲੱਗੇ। ਇਹ ਵਰਤਾਰਾ ਲਗਾਤਾਰ ਜਾਰੀ ਰਿਹਾ, ਪਰ ਹੁਣ ਭਾਰਤ ਅਤੇ ਉਸ ਦੇ ਪ੍ਰਵਾਸੀਆਂ ਦੇ ਖਿਲਾਫ਼ ਇਕ ਮੁਹਿੰਮ ਵਿੱਢੀ ਜਾ ਚੁੱਕੀ ਹੈ, ਜੋ ਲਗਾਤਾਰ ਵਧ ਰਹੀ ਹੈ। ਇਹ ਵਰਤਾਰਾ ਭਾਰਤ ਲਈ ਨੁਕਸਾਨਦਾਇਕ ਹੈ, ਕਿਉਂਕਿ ਭਾਰਤ ਪਹਿਲਾਂ ਹੀ ਬੇਰੁਜ਼ਗਾਰੀ ਨਾਲ ਭੰਨਿਆ ਪਿਆ ਹੈ, ਜੋ ਪ੍ਰਵਾਸੀਆਂ ਦੀ ਵਾਪਸੀ ਦਾ ਦਬਾਅ ਸਹਿ ਨਹੀਂ ਸਕਦਾ।

ਪ੍ਰਵਾਸ ਕਿਸੇ ਵਿਅਕਤੀ ਵੱਲੋਂ ਆਪਣੀ ਭੂਗੋਲਿਕ ਇਕਾਈ ਨੂੰ ਛੱਡ ਦੇਣ ਨੂੰ ਕਹਿੰਦੇ ਹਨ, ਜਿਸਦਾ ਉਹ ਮੂਲ ਨਿਵਾਸੀ ਹੁੰਦਾ ਹੈ। ਜੇਕਰ ਕੋਈ ਵਿਅਕਤੀ ਭਾਰਤ ਛੱਡ ਕੇ ਬਰਤਾਨੀਆ ਚਲਾ ਜਾਵੇ ਅਤੇ ਉਥੇ ਦਾ ਨਾਗਰਿਕ ਬਣ ਜਾਏ ਤਾਂ ਉਹ ਬਰਤਾਨੀਆ ਦਾ ਪ੍ਰਵਾਸੀ ਕਹਾਏਗਾ। ਸਾਲ 1970 ਦੇ ਦਹਾਕੇ 'ਚ ਬਹੁਤ ਲੋਕ ਪੂਰਬੀ ਜਰਮਨੀ ਛੱਡ ਕੇ ਪੱਛਮ ਜਰਮਨੀ 'ਚ ਜਾਣਾ ਚਾਹੁੰਦੇ ਸਨ ਅਤੇ ਉਹਨਾਂ ਨੂੰ ਜ਼ਬਰਦਸਤੀ ਰੋਕਣ ਲਈ ਬਰਲਿਨ ਦੀ ਦੀਵਾਰ ਖੜੀ ਕਰ ਦਿੱਤੀ ਗਈ। ਉਂਜ ਹਰ ਦੇਸ਼ ਨੇ ਪ੍ਰਵਾਸੀਆਂ ਨੂੰ ਰੋਕਣ ਲਈ ਕਾਨੂੰਨ ਬਣਾਇਆ ਹੋਇਆ ਹੈ, ਭਾਰਤ 'ਚ ਇੰਮੀਗਰੇਸ਼ਨ ਅਤੇ ਫਾਰਨਰ ਐਕਟ-2025 ਸਤੰਬਰ 2025 ਤੋਂ ਲਾਗੂ ਕੀਤਾ ਗਿਆ, ਜੋ ਪਹਿਲੇ ਇੰਮੀਗਰੇਸ਼ਨ ਕਾਨੂੰਨਾਂ ਦੀ ਥਾਂ ਲਵੇਗਾ।

ਭਾਰਤ 'ਚ 1991 ਦੇ ਆਰਥਿਕ ਸੁਧਾਰਾਂ ਦੇ ਬਾਅਦ ਅੰਦਰੂਨੀ ਅਤੇ ਵਿਸ਼ਵੀ ਪ੍ਰਵਾਸ 'ਚ ਵਾਧਾ ਵੇਖਿਆ ਗਿਆ ਹੈ, ਜਿਸ ਨਾਲ ਸ਼ਹਿਰੀਕਰਨ ਅਤੇ ਪ੍ਰਵਾਸ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤ ਦਾ ਪ੍ਰਵਾਸੀ ਇਤਿਹਾਸ ਵੱਡਾ ਹੈ, ਜਿਸ ਨਾਲ ਭਾਰਤੀ ਭਾਸ਼ਾਵਾਂ ਅਤੇ ਸੱਭਿਆਚਾਰ ਉਤੇ ਵੱਡੇ ਅਸਰ ਪਏ। ਇਥੇ ਹਮਲਾਵਰ ਆਏ ਅਤੇ ਵਸ ਗਏ। ਮੌਜੂਦਾ ਦੌਰ 'ਚ ਭਾਰਤ ਅੰਤਰਰਾਸ਼ਟਰੀ ਪ੍ਰਵਾਸੀਆਂ ਦਾ ਸਭ ਤੋਂ ਵੱਡਾ ਸਰੋਤ ਹੈ।

ਪਿਛਲੇ ਦਹਾਕਿਆਂ 'ਚ ਭਾਰਤ 'ਚ ਕਰੋੜਾਂ ਦੀ ਗਿਣਤੀ 'ਚ ਲੋਕ ਪ੍ਰਵਾਸ ਕਰ ਚੁੱਕੇ ਹਨ ਅਤੇ ਲਗਭਗ ਅੱਧੀ ਤੋਂ ਵੱਧ ਦੁਨੀਆ ਦੇ ਦੇਸ਼ਾਂ 'ਚ ਇਥੋਂ ਦੇ ਵਸਨੀਕ ਵਸ ਚੁੱਕੇ ਹਨ। ਅੰਦਰੂਨੀ ਪ੍ਰਵਾਸ ਨੂੰ ਵਾਚੀਏ ਤਾਂ ਜਿਹੜੇ ਸੂਬੇ ਆਰਥਿਕ ਤੌਰ 'ਤੇ ਮਜ਼ਬੂਤ ਹਨ, ਖ਼ਾਸ ਤੌਰ 'ਤੇ ਖੇਤੀ ਪ੍ਰਧਾਨ ਜਾਂ ਉਦਯੋਗ ਨਾਲ ਭਰੇ ਪਏ ਹਨ, ਉਥੇ ਦੂਜੇ ਸੂਬਿਆਂ ਦੇ ਲੋਕ ਆਉਂਦੇ ਹਨ। ਪ੍ਰਵਾਸ ਹੁੰਦਾ ਹੈ। ਸਥਾਨਕ ਵਸੋਂ ਨਾਲ ਪ੍ਰਵਾਸੀਆਂ ਦਾ ਇੱਟ-ਖੜਿੱਕਾ ਚਲਦਾ ਹੈ। ਮਹਾਰਾਸ਼ਟਰ ਅਤੇ ਪੰਜਾਬ ਇਸ ਦੀ ਉਦਾਹਰਨ ਹੈ। ਜਿਥੇ ਪ੍ਰਵਾਸੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ, ਜੋ ਇਥੋਂ ਦੇ ਅਰਥਚਾਰੇ ਦੀ ਵੱਡੀ ਲੋੜ ਬਣ ਚੁੱਕੇ ਹਨ, ਪਰ ਸਥਾਨਕ ਲੇਬਰ ਦੇ ਮੁਕਾਬਲੇ ਪ੍ਰਵਾਸੀਆਂ ਦੀ ਸਸਤੀ ਲੇਬਰ ਮਿਲਨ ਕਾਰਨ ਆਪਸੀ ਵਿਰੋਧ ਵਧਦਾ ਵੇਖਿਆ ਜਾ ਰਿਹਾ ਹੈ।

ਦੁਖਾਂਤ ਇਹ ਹੈ ਕਿ ਮਨੁੱਖ ਜਿਸ ਦੇਸ਼ ਨੂੰ ਆਪਣਾ ਨਵਾਂ ਦੇਸ਼ ਮੰਨ ਕੇ ਉਥੋਂ ਦੀ ਤਰੱਕੀ ਲਈ ਕੰਮ ਕਰਦਾ ਹੈ, ਉਹੋ ਦੇਸ਼ ਉਸ ਲਈ ਪਰਾਇਆ ਬਣਾਇਆ ਜਾ ਰਿਹਾ ਹੈ।ਬੀਮਾਰ ਸੋਚ ਵਾਲੇ ਲੋਕ ਨਫ਼ਰਤੀ ਵਰਤਾਰਾ ਵਧਾ ਰਹੇ ਹਨ ਅਤੇ ਜਿਸ ਨਾਲ ਲੱਖਾਂ ਨਹੀਂ ਕਰੋੜਾਂ ਲੋਕ ਇਹ ਦੁਖਾਂਤ ਝੱਲ ਰਹੇ ਹਨ। ਟਰੰਪੀ ਸੋਚ ਨੇ ਵਿਸ਼ਵ ਭਰ 'ਚ ਪ੍ਰਵਾਸੀਆਂ ਦੇ ਦੁੱਖਾਂ ਚ ਵਾਧਾ ਕੀਤਾ ਹੈ ਅਤੇ ਉਹਨਾਂ ਨੂੰ ਪਰਾਏਪਣ ਦਾ ਅਹਿਸਾਸ ਕਰਵਾਇਆ ਹੈ।

# ਸੰਪਰਕ : 98158-02070

# ਸਿੱਖਿਆ ਸਰੋਕਾਰਾਂ ਨਾਲ ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਦਾ ਸਬੰਧ ਅਤੇ ਸੰਘਰਸ਼

ਨਵਪ੍ਰੀਤ ਸਿੰਘ ਬੱਲੀ

ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ (STFI) ਦੀ ਸਥਾਪਨਾ 12 ਅਗਸਤ 2000 ਨੂੰ ਕਲਕੱਤਾ ਦੇ ਸਾਲਟ ਲੇਕ ਸਟੇਡੀਅਮ ਵਿਖੇ ਹੋਈ। ਉਸ ਤੋਂ ਪਹਿਲੇ ਦੋ ਤਿੰਨ ਸਾਲਾਂ ਤੱਕ ਕਈ ਰਾਜਾਂ ਦੇ ਅਧਿਆਪਕ ਸੰਗਠਨਾਂ ਦੇ ਯਤਨਾਂ ਤੋਂ ਬਾਅਦ 16-17 ਮਾਰਚ 1997 ਨੂੰ ਚੇਨਈ (ਤਾਮਿਲਨਾਡੂ) ਵਿਖੇ ਸਰਬ ਭਾਰਤੀ ਕਨਵੈਂਸ਼ਨ ਕੀਤੀ ਗਈ, ਜਿਸ ਵਿੱਚ ਤਾਲਮੇਲ ਦੇ ਮਕਸਦ ਨੂੰ ਧਿਆਨ ਵਿੱਚ ਰੱਖਦੇ ਹੋਏ ਕੋਆਰਡੀਨੇਸ਼ਨ ਕਮੇਟੀ ਆਫ ਸਕੂਲ ਟੀਚਰਜ਼ ਆਰਗਨਾਈਜ਼ੇਸ਼ਨ (CCSTO) ਦਾ ਗਠਨ ਕੀਤਾ ਗਿਆ। ਇਸ ਕਮੇਟੀ ਦੇ ਅਨੁਭਵ ਦੇ ਆਧਾਰ ਉੱਪਰ ਤਿੰਨ ਸਾਲ ਬਾਅਦ ਅਧਿਆਪਕਾਂ ਦੇ ਪ੍ਰਗਤੀਸ਼ੀਲ ਵਿਗਿਆਨਿਕ ਸੋਚ ਅਤੇ ਜਨਵਾਦੀ ਅੰਦੋਲਨਾਂ ਦੇ ਨਿਰਮਾਣ ਲਈ ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ (STFI) ਦਾ ਗਠਨ ਹੋਇਆ।

ਪਿਛਲੇ ਢਾਈ ਦਹਾਕਿਆਂ ਦੇ ਕਾਰਜਕਾਲ ਵਿੱਚ ਐੱਸ.ਟੀ.ਐਫ.ਆਈ. ਨੇ ਦੇਸ਼ ਅਤੇ ਰਾਜਾਂ ਵਿੱਚ ਸਿੱਖਿਆ ਜਗਤ ਅਤੇ ਕਰਮਚਾਰੀਆਂ ਦੇ ਅੰਦੋਲਨ ਨੂੰ ਅੱਗੇ ਵਧਾਉਣ ਵਿੱਚ ਬਹੁਤ ਸਾਰੇ ਕੀਰਤੀਮਾਨ ਸਥਾਪਤ ਕੀਤੇ ਹਨ, ਇਸ ਦੇ ਬਾਵਜੂਦ ਸਮੁੱਚੀਆਂ ਪਰਿਸਥਿਤੀਆਂ ਅਤੇ ਅੱਜ ਦੇਸ਼ ਦੇ ਮੌਜੂਦਾ ਹਾਲਾਤ ਦਾ ਮੁਲਾਂਕਣ ਕਰਦੇ ਹਾਂ ਤਾਂ ਲੱਗਦਾ ਹੈ ਕਿ ਹਾਲੇ ਵੀ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਇਹ ਬਕਾਇਆ ਕੰਮ ਸਿਰਫ ਸਾਡੀ ਇੱਛਾ ਰੱਖਣ ਨਾਲ ਪੂਰਾ ਨਹੀਂ ਹੋ ਸਕਦਾ ਇਸ ਲਈ ਸਾਨੂੰ ਸਮੂਹ ਸਿੱਖਿਆ ਜਗਤ ਨੂੰ ਅਤੇ ਸਿੱਖਿਆ ਦੇ ਲਾਭਪਾਤਰੀਆਂ ਨੂੰ ਇੱਕ ਜੁੱਟ ਕਰਕੇ ਵਿਗਿਆਨਕ ਸੋਚ ਦੀ ਦਿਸ਼ਾ ਵਿੱਚ ਸੰਘਰਸ਼ ਨੂੰ ਅੱਗੇ ਵਧਾਉਣਾ ਪਵੇਗਾ।

ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਇੱਕ ਮਹਾਂ-ਸੰਘ ਹੈ, ਜਿਸ ਦੇ ਨਾਲ ਵੱਖ-ਵੱਖ ਰਾਜਾਂ ਤੋਂ ਅਧਿਆਪਕਾਂ ਦੇ ਵੱਖ-ਵੱਖ ਸੰਗਠਨ ਅਫੀਲੀਏਟਡ ਹਨ ਅਤੇ ਰਾਜ ਦੇ ਸਮੂਹ ਕਰਮਚਾਰੀਆਂ ਨੂੰ ਇਹ ਦੱਸਦੇ ਹੋਏ ਮਾਣ ਮਹਿਸੂਸ ਕਰ ਰਹੇ ਹਾਂ ਕਿ ਪੰਜਾਬ ਵਿੱਚੋਂ ਅਧਿਆਪਕਾਂ ਦੀ ਸਿਰਫ ਇੱਕੋ-ਇੱਕ ਜਥੇਬੰਦੀ, ਜੋ ਵਿਗਿਆਨਕ ਸੋਚ ਦੀ ਧਾਰਨੀ ਹੈ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਐੱਸ ਟੀ ਐੱਫ ਆਈ ਨਾਲ ਅਫਿਲੀਏਟਡ ਹੈ।

ਪੰਜਾਬ ਵਿੱਚ ਸਿੱਖਿਆ ਨਾਲ ਸੰਬੰਧਿਤ ਬਹੁਤ ਸਾਰੇ ਮਸਲੇ ਜੋ ਚੱਲ ਰਹੇ ਸਨ, ਉਹ ਹੋਰ ਵੀ ਗੰਭੀਰ ਹੋਏ ਹਨ, ਜਿਵੇਂ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ ਨਾ ਹੋਣਾ, ਕੱਚੇ ਅਧਿਆਪਕਾਂ ਨੂੰ ਪੱਕੇ ਨਾ ਕਰਕੇ ਸਿਰਫ ਉਹਨਾਂ ਦੀ ਤਨਖਾਹ ਵਿੱਚ ਮਾਮੂਲੀ ਵਾਧਾ ਕਰਨਾ ਅਤੇ ਹਰੇਕ ਸਰਕਾਰੀ ਵਿਭਾਗ ਦੇ ਨਾਲ-ਨਾਲ ਸਿੱਖਿਆ ਵਿਭਾਗ ਦੀ ਅਕਾਰ-ਘਟਾਈ ਕਰਨਾ, ਖਾਲੀ ਪਈਆਂ ਪੋਸਟਾਂ ਨੂੰ ਲਗਾਤਾਰ ਖਤਮ ਕਰਦੇ ਜਾਣਾ, ਕੰਮ ਵਾਲੀਆਂ ਥਾਵਾਂ ਉੱਤੇ ਕੰਮ ਕਰਨ ਵਾਲੇ ਅਧਿਆਪਕਾਂ/ਕਰਮਚਾਰੀਆਂ ਉੱਪਰ ਸਟਾਫ ਦੀ ਘਾਟ ਕਾਰਨ ਬੇਲੋੜਾ ਦਬਾਅ ਹੋਣਾ ਅਤੇ ਅਧਿਆਪਕਾਂ ਕੋਲੋਂ ਗੈਰ-ਵਿਦਿਅਕ ਕੰਮ ਲੈਣਾ ਆਦਿ ਮੁੱਦੇ ਪਿਛਲੀਆਂ ਸਰਕਾਰਾਂ ਦੇ ਸਮੇਂ ਨਾਲੋਂ ਵੀ ਜ਼ਿਆਦਾ ਗੰਭੀਰ ਮੋੜ ਉੱਪਰ ਆ ਖੜੋਤੇ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਮੁੱਦੇ ਰਾਜ ਦੀ ਸਰਕਾਰ ਨਾਲ ਸੰਬੰਧਤ ਹਨ, ਪਰ ਕੁਝ ਮੁੱਦੇ ਜਿਵੇਂ ਪੁਰਾਣੀ ਪੈਨਸ਼ਨ ਦੀ ਬਹਾਲੀ ਸਿੱਧੇ ਰੂਪ ਵਿੱਚ ਕੇਂਦਰ ਦੀ ਸਰਕਾਰ ਨਾਲ ਜੁੜਿਆ ਹੋਇਆ ਮਸਲਾ ਹੈ ਅਤੇ ਜਿੰਨਾ ਚਿਰ ਪੀ ਐੱਫ ਆਰ ਡੀ ਏ ਐਕਟ (PFRDA) ਰੱਦ ਨਹੀਂ ਹੁੰਦਾ, ਓਨਾ ਚਿਰ ਕੋਈ ਵੀ ਰਾਜ ਪੂਰਨ ਤੌਰ 'ਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਨਹੀਂ ਕਰ ਸਕਦਾ। ਇਸ ਕਰਕੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਨਾਲ ਰਲ ਕੇ ਦੇਸ਼ ਪੱਧਰ ਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਸੰਘਰਸ਼ ਕਰ ਰਹੀ ਹੈ ਅਤੇ ਲਗਾਤਾਰ ਕੇਂਦਰ ਸਰਕਾਰ ਉੱਪਰ ਪੀ ਐੱਫ ਆਰ ਡੀ ਏ ਐਕਟ ਰੱਦ ਕਰਨ ਲਈ ਦਬਾਅ ਬਣਾ ਰਹੀ ਹੈ। ਇਸੇ ਤਰ੍ਹਾਂ ਹੀ ਨਵੀਂ ਸਿੱਖਿਆ ਨੀਤੀ 2020 ਦੇ ਮਾਰੂ ਪ੍ਰਭਾਵ ਬਾਰੇ ਐੱਸ ਟੀ ਐੱਫ ਆਈ ਵੱਖ-ਵੱਖ ਰਾਜਾਂ ਵਿੱਚ ਲਗਾਤਾਰ ਸੈਮੀਨਾਰ ਅਤੇ ਕਨਵੈਨਸ਼ਨ ਕਰ ਰਹੀ ਹੈ ਅਤੇ ਨਵੀਂ ਸਿੱਖਿਆ ਨੀਤੀ ਦੇ ਅਤਿ ਕੇਂਦਰੀਕਰਨ, ਸਿੱਖਿਆ ਦੇ ਨਿੱਜੀਕਰਨ, ਭਗਵੇਂਕਰਨ, ਬਰਾਬਰੀ, ਸਮਾਨਤਾ ਤੇ ਸਮਾਜਿਕ ਨਿਆ ਤੋਂ ਇਨਕਾਰ ਬਾਰੇ ਅਧਿਆਪਕਾਂ ਨੂੰ ਸੁਚੇਤ ਕਰ ਰਹੀ ਹੈ। ਇਸੇ ਕੜੀ ਵਿੱਚ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ (ਵਿਗਿਆਨਿਕ) ਵੱਲੋਂ ਐਸਟੀਐਫਆਈ ਦੇ ਸਹਿਯੋਗ ਨਾਲ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਨਵੀਂ ਸਿੱਖਿਆ ਨੀਤੀ 2020 ਦੇ ਵਿਰੋਧ ਵਿੱਚ ਪਿਛਲੇ ਸਮੇਂ ਕਨਵੈਨਸ਼ਨ ਕੀਤੀ ਗਈ। ਨਵੀਂ ਸਿੱਖਿਆ ਨੀਤੀ 2020 ਨਾ ਤਾਂ ਭਾਰਤ ਦੇ ਬੱਚਿਆਂ ਨੂੰ 21ਵੀਂ ਸਦੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦੀ ਵਿਖਾਈ ਦਿੰਦੀ ਹੈ ਅਤੇ ਨਾ ਹੀ ਦੇਸ਼ ਦੇ 100 ਫੀਸਦੀ ਬੱਚਿਆਂ ਲਈ ਸਰਵਜਨਕ ਸਿੱਖਿਆ ਢਾਂਚਾ ਉਪਲੱਬਧ ਕਰਵਾਉਣ ਲਈ ਪ੍ਰਤੀਬੱਧ ਨਜ਼ਰ ਆਉਂਦੀ ਹੈ।

ਹੁਣ 1 ਸਤੰਬਰ 2025 ਨੂੰ ਸੁਪਰੀਮ ਕੋਰਟ ਦੇ ਆਏ ਤਾਜ਼ਾ ਫੈਸਲੇ ਅਨੁਸਾਰ ਹਰੇਕ ਅਧਿਆਪਕ ਨੂੰ ਪ੍ਰਮੋਸ਼ਨ ਲਈ ਜਿੱਥੇ ਟੈੱਟ ਪਾਸ ਕਰਨਾ ਹੋਵੇਗਾ, ਉਥੇ ਜਿਨ੍ਹਾਂ ਅਧਿਆਪਕਾਂ ਦੀ ਰਿਟਾਇਰਮੈਂਟ ਵਿੱਚ ਪੰਜ ਸਾਲ ਤੋਂ ਵੱਧ ਸਮਾਂ ਬਚਿਆ ਹੈ, ਉਨ੍ਹਾਂ ਨੂੰ ਦੋ ਸਾਲਾਂ ਦੇ ਅੰਦਰ ਅਧਿਆਪਕ ਯੋਗਤਾ ਟੈਸਟ (TET) ਪਾਸ ਕਰਨਾ ਹੋਵੇਗਾ, ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਰਿਟਾਇਰ ਹੋਣਾ ਪਵੇਗਾ। ਇਸ ਫੈਸਲੇ ਨਾਲ ਦੇਸ਼ ਦੇ ਲਗਭਗ 25 ਲੱਖ ਅਧਿਆਪਕ ਪ੍ਰਭਾਵਤ ਹੋਣਗੇ, ਜਿਨ੍ਹਾਂ ਦੀ ਨਿਯੁਕਤੀ 23 ਅਗਸਤ, 2010 ਤੋਂ ਪਹਿਲਾਂ ਕੀਤੀ ਗਈ ਸੀ। ਅਧਿਆਪਕਾਂ ਦੇ ਹਿੱਤਾਂ ਦੀ ਰਾਖੀ ਲਈ ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ (STFI) ਨੇ ਸਮੁੱਚੇ ਦੇਸ਼ ਅੰਦਰ ਪਹਿਲਕਦਮੀ ਕਰਦੇ ਹੋਏ ਇਸ ਫੈਸਲੇ ਦੇ ਵਿਰੁੱਧ ਸੰਘਰਸ਼ ਦਾ ਬਿਗਲ ਵਜਾਇਆ ਅਤੇ ਇਸ ਫ਼ੈਸਲੇ ਨੂੰ ਲਾਗੂ ਹੋਣ ਤੋਂ ਰੋਕਣ ਲਈ ਯਤਨ ਆਰੰਭ ਕੀਤੇ ਹਨ। ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ (STFI) ਦੇ ਪ੍ਰਧਾਨ ਸੀ ਐੱਨ ਭਾਰਤੀ, ਜਨਰਲ ਸਕੱਤਰ ਰਵੀ ਚਾਵਾ ਅਤੇ ਖਜ਼ਾਨਚੀ ਟੀ ਕੇ ਏ ਸ਼ਫੀ ਨੇ 17 ਸਤੰਬਰ ਨੂੰ ਪ੍ਰਧਾਨ ਮੰਤਰੀ ਦਫਤਰ, ਸਾਊਥ ਬਲਾਕ ਨਵੀਂ ਦਿੱਲੀ ਅਤੇ ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ, ਸ਼ਾਸਤਰੀ ਭਵਨ ਨਵੀਂ ਦਿੱਲੀ ਨੂੰ ਇੱਕ ਮੰਗ ਪੱਤਰ ਸੌਂਪਿਆ। ਆਗੂਆਂ ਮੰਗ ਕੀਤੀ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਤੁਰੰਤ ਰੀਵਿਊ ਪਟੀਸ਼ਨ ਦਾਇਰ ਕਰੇ ਅਤੇ ਆਰ ਟੀ ਈ ਐਕਟ ਦੀ ਧਾਰਾ 23 ਵਿੱਚ ਸੋਧ ਕਰੇ ਤਾਂ ਜੋ 23 ਅਗਸਤ, 2010 ਤੋਂ ਪਹਿਲਾਂ ਨਿਯੁਕਤ ਹੋਏ ਅਧਿਆਪਕਾਂ 'ਤੇ ਟੈੱਟ (TET) ਲਾਜ਼ਮੀ ਨਾ ਕੀਤਾ ਜਾਵੇ।

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਅਤੇ ਐੱਸ ਟੀ ਐੱਫ ਆਈ ਦੇ ਆਗੂਆਂ ਅਨੁਸਾਰ ਪਿਛਲੇ 15 ਸਾਲਾਂ ਵਿੱਚ ਨਾ ਤਾਂ ਰਾਸ਼ਟਰੀ ਅਧਿਆਪਕ ਸਿੱਖਿਆ ਪ੍ਰੀਸ਼ਦ (ਐੱਨ ਸੀ ਟੀ ਈ) ਅਤੇ ਨਾ ਹੀ ਰਾਜ ਸਰਕਾਰਾਂ ਨੇ ਇਹ ਸਪੱਸ਼ਟ ਕੀਤਾ ਹੈ ਕਿ 2010 ਤੋਂ ਪਹਿਲਾਂ ਨਿਯੁਕਤ ਕੀਤੇ ਗਏ ਅਧਿਆਪਕਾਂ ਲਈ ਟੀ ਈ ਟੀ ਲਾਜ਼ਮੀ ਹੈ। ਕੁਝ ਰਾਜਾਂ ਨੇ ਅਜਿਹੇ ਅਧਿਆਪਕਾਂ ਨੂੰ ਸਪੱਸ਼ਟ ਤੌਰ 'ਤੇ ਛੋਟ ਵੀ ਦਿੱਤੀ ਸੀ।ਨਤੀਜੇ ਵਜੋਂ, ਸੀਨੀਅਰ ਅਧਿਆਪਕਾਂ ਨੇ ਹੁਣ ਤੱਕ ਟੀ ਈ ਟੀ ਦੀ ਤਿਆਰੀ ਨਹੀਂ ਕੀਤੀ।ਸਿਵਲ ਰਿਟ ਪਟੀਸ਼ਨ ਨੰਬਰ 1385/2025 ਮਿਤੀ 1 ਸਤੰਬਰ 2025 ਵਿੱਚ ਸੁਪਰੀਮ ਕੋਰਟ ਦਾ ਫੈਸਲਾ ਸਕੂਲ ਅਧਿਆਪਕਾਂ ਦੀ ਸੇਵਾ ਸੁਰੱਖਿਆ ਨੂੰ ਖਤਰੇ ਵਿੱਚ ਪਾ ਰਿਹਾ ਹੈ। ਐੱਸ ਟੀ ਐੱਫ ਆਈ ਅਤੇ ਇਸ ਨਾਲ ਐਫਲੀਏਟਿਡ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਕੇਂਦਰ ਸਰਕਾਰ ਅਤੇ ਰਾਜ ਸਰਕਾਰ ਨੂੰ ਇਸ ਸੰਬੰਧੀ ਰਿਵਿਊ ਪਟੀਸ਼ਨ ਦਾਖਲ ਕਰਨ ਅਤੇ ਅਤੇ ਇਨ੍ਹਾਂ ਅਧਿਆਪਕਾਂ ਦੀਆਂ ਨੌਕਰੀਆਂ ਬਚਾਉਣ ਦੀ ਮੰਗ ਕਰਦੀ ਹੈ।

# ਸੰਪਰਕ : 98552-50696


# ਵਿਸ਼ਵ ਆਰਥਿਕਤਾ 'ਚ ਟੈਰਿਫ਼ਾਂ ਦੀ ਵਧਦੀ ਨਿਰੰਤਰ ਸਾਰਥਿਕਤਾ ਅਤੇ ਭੂਮਿਕਾ

ਡਾ. ਰਣਜੋਧ ਸਿੰਘ

ਟੈਰਿਫ਼ ਸਰਕਾਰਾਂ ਦੁਆਰਾ ਦਰਾਮਦ ਕੀਤੀਆਂ ਵਸਤਾਂ 'ਤੇ ਲਗਾਏ ਜਾਣ ਵਾਲੇ ਕਰ ਹੁੰਦੇ ਹਨ, ਇਹਨਾਂ ਦਾ ਲੰਮਾ ਇਤਿਹਾਸ ਮੇਸੋਪੋਟੇਮੀਆ, ਗ੍ਰੀਸ ਅਤੇ ਰੋਮ ਵਰਗੀਆਂ ਪ੍ਰਾਚੀਨ ਸਭਿਆਤਾਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਸਮਿਆਂ 'ਚ ਟੈਰਿਫ਼ ਮੁੱਖ ਤੌਰ 'ਤੇ ਸਰਕਾਰੀ ਆਮਦਨ ਦੇ ਇੱਕ ਸਰੋਤ ਅਤੇ ਵਪਾਰ ਨੂੰ ਨਿਯਮਤ ਕਰਨ ਦੇ ਇੱਕ ਸਾਧਨ ਵਜੋਂ ਕਰ ਦੇ ਰੂਪ ਵਿੱਚ ਕੰਮ ਕਰਦੇ ਸਨ, ਜਿਹਨਾਂ ਨੂੰ ਸ਼ਹਿਰ ਅੰਦਰ ਆਉਣ ਦੇ ਰਸਤੇ ਅਤੇ ਬੰਦਰਗਾਹਾਂ 'ਤੇ ਲਗਾਇਆ ਜਾਂਦਾ ਸੀ। ਸਦੀਆਂ ਦੌਰਾਨ ਇਹਨਾਂ ਦਾ ਉਦੇਸ਼ ਮਹੱਤਵਪੂਰਨ ਰੂਪ ਵਿੱਚ ਵਿਕਸਤ ਹੋਇਆ ਹੈ। ਇਹ 16ਵੀਂ ਤੋਂ 18ਵੀਂ ਸਦੀ ਦੇ ਵਪਾਰੀ ਯੁੱਗ ਦੌਰਾਨ ਦਰਾਮਦਾਂ ਨੂੰ ਨਿਰਉਤਸ਼ਾਹਿਤ ਕਰਨ ਅਤੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਦੇਸ਼ ਲਈ ਧਨ ਇਕੱਠਾ ਵਾਸਤੇ ਲਈ ਤਿਆਰ ਕੀਤੇ ਗਏ ਸ਼ਕਤੀਸ਼ਾਲੀ ਰਾਜਨੀਤਕ ਸਾਧਨ ਬਣ ਗਏ।

19ਵੀਂ ਸਦੀ ਵਿੱਚ ਸੰਯੁਕਤ ਰਾਜ ਅਮਰੀਕਾ ਵਰਗੇ ਦੇਸ਼ਾਂ ਨੇ ਉੱਭਰ ਰਹੇ ਉਦਯੋਗਾਂ ਨੂੰ ਵਿਦੇਸ਼ੀ ਮੁਕਾਬਲੇ ਤੋਂ ਬਚਾਉਣ ਅਤੇ ਸਰਕਾਰੀ ਆਮਦਨ ਵਧਾਉਣ ਲਈ ਟੈਰਿਫ਼ ਲਗਾਏ। 20ਵੀਂ ਸਦੀ ਵਿੱਚ ਆਰਥਿਕ ਸਹਿਯੋਗ ਅਤੇ ਮੁਕਤ ਵਪਾਰ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ 'ਟੈਰਿਫ਼ ਅਤੇ ਵਪਾਰ 'ਤੇ ਆਮ ਸਮਝੌਤਾ' (GATT) ਅਤੇ 'ਵਿਸ਼ਵ ਵਪਾਰ ਸੰਗਠਨ' (WHO) ਦੇ ਗਠਨ ਵਰਗੇ ਬਹੁ-ਪੱਖੀ ਸਮਝੌਤਿਆਂ ਰਾਹੀਂ ਟੈਰਿਫ਼ਾਂ ਨੂੰ ਘਟਾਉਣ ਵੱਲ ਇੱਕ ਵਿਸ਼ਵ ਪੱਧਰ 'ਤੇ ਬਦਲਾਅ ਦੇਖਿਆ ਗਿਆ।

ਟੈਰਿਫ਼ ਵਿਸ਼ਵ ਪੱਧਰ 'ਤੇ ਆਰਥਿਕ ਅਤੇ ਭੂ-ਰਾਜਨੀਤਕ (ਖਾਸ ਕਰਕੇ ਅੰਤਰਰਾਸ਼ਟਰੀ ਸੰਬੰਧਾਂ ਅਤੇ ਭੂਗੋਲਿਕ ਕਾਰਕਾਂ ਦੁਆਰਾ ਪ੍ਰਭਾਵਿਤ ਰਾਜਨੀਤੀ ਨਾਲ ਸੰਬੰਧਤ) ਢਾਂਚੇ ਨੂੰ ਅਕਾਰ ਦੇਣ ਵਿੱਚ ਇੱਕ ਬਹੁਤ ਹੀ ਢੁਕਵੀਂ ਭੂਮਿਕਾ ਨਿਭਾਉਂਦੇ ਹਨ, ਜਦੋਂ ਕਿ ਉਦਾਰੀਕਰਨ ਦੀ ਨੀਤੀ ਨੇ ਵਿਸ਼ਵ ਪੱਧਰ 'ਤੇ ਬਹੁਤ ਸਾਰੀਆਂ ਵਸਤਾਂ 'ਤੇ ਟੈਰਿਫ਼ਾਂ ਨੂੰ ਘਟਾਉਣ ਦੀ ਅਗਵਾਈ ਕੀਤੀ ਹੈ, ਫੇਰ ਵੀ ਰਣਨੀਤਿਕ ਟੈਰਿਫ਼ ਅਜੇ ਵੀ ਸਰਕਾਰਾਂ ਦੁਆਰਾ ਵਿਆਪਕ ਤੌਰ 'ਤੇ ਲਗਾਏ ਜਾਂਦੇ ਹਨ। ਇਹ ਟੈਰਿਫ਼ ਕਈ ਉਦੇਸ਼ਾਂ ਦੀ ਪੂਰਤੀ ਕਰਦੇ ਹਨ, ਜਿਵੇਂ ਕਿ ਦੇਸ਼ ਦੇ ਘਰੇਲੂ ਉਦਯੋਗਾਂ ਨੂੰ ਸਸਤੇ ਅਯਾਤ ਤੋਂ ਬਚਾਉਣਾ, ਰਾਸ਼ਟਰੀ ਆਰਥਿਕ ਹਿੱਤਾਂ ਨੂੰ ਸੁਰੱਖਿਅਤ ਕਰਨਾ ਅਤੇ ਵਪਾਰ ਸੰਬੰਧੀ ਗੱਲਬਾਤ ਦੌਰਾਨ ਆਪਣੇ ਪੱਖ ਦੀ ਗੱਲ ਕਰਨਾ, ਆਦਿ। ਟੈਰਿਫ਼ ਆਯਾਤ ਕੀਤੀਆਂ ਜਾ ਰਹੀਆਂ ਵਸਤਾਂ ਦੀ ਕੀਮਤ ਵਧਾ ਕੇ ਉਪਭੋਗਤਾਵਾਂ ਅਤੇ ਉਤਪਾਦਕਾਂ ਦੋਵਾਂ ਲਈ ਲਾਗਤਾਂ ਵਧਾ ਦਿੰਦੇ ਹਨ। ਪਿਛਲੇ ਸਮੇਂ ਦੌਰਾਨ ਸੰਯੁਕਤ ਰਾਜ ਅਮਰੀਕਾ ਦੁਆਰਾ ਭਾਰਤ ਦੇ ਨਿਰਯਾਤਾਂ (ਕੱਪੜੇ, ਰਤਨ, ਗਹਿਣੇ, ਖੇਡਾਂ ਦਾ ਸਮਾਨ ਆਦਿ) ਉੱਪਰ 50 ਪ੍ਰਤੀਸ਼ਤ ਟੈਰਿਫ਼ ਲਗਾਇਆ ਹੈ ਅਤੇ ਹੁਣ ਫਾਰਮਾਸਿਊਟੀਕਲ ਦਵਾਈਆਂ ਉੱਪਰ 100 ਪ੍ਰਤੀਸ਼ਤ, ਕਿਚਨ ਕੈਬਨਿਟ ਅਤੇ ਬਾਥਰੂਮ ਵੈਨਿਟੀ ਉੱਪਰ 50 ਪ੍ਰਤੀਸ਼ਤ, ਭਾਰੀ ਟਰੱਕਾਂ ਉੱਤੇ 25 ਪ੍ਰਤੀਸ਼ਤ ਦਰਾਮਦ ਟੈਕਸ ਭਾਵ ਟੈਰਿਫ਼ ਲਗਾਇਆ ਜਾ ਰਿਹਾ ਹੈ।ਇਹਨਾਂ ਟੈਰਿਫਾਂ ਨੂੰ ਲਗਾਉਣ ਨਾਲ ਭਾਰਤ ਦੇ ਉਤਪਾਦਕਾਂ ਨੂੰ ਪ੍ਰਭਾਵਤ ਕਰਕੇ ਭਾਰਤ ਦੇ ਅੰਤਰਰਾਸ਼ਟਰੀ ਵਪਾਰ ਲਈ ਰੁਕਾਵਟਾਂ ਅਤੇ ਅਨਿਸ਼ਚਿਤਤਾ ਪੈਦਾ ਕੀਤੀ ਹੈ, ਭਾਵੇਂ ਕਿ ਇਸ ਦਾ ਉਲਟ ਪ੍ਰਭਾਵ ਸੰਯੁਕਤ ਰਾਜ ਅਮਰੀਕਾ ਉੱਪਰ ਵੀ ਪੈਣਾ ਯਕੀਨੀ ਹੈ।



ਟੈਰਿਫ਼ ਵਿਕਾਸਸ਼ੀਲ ਅਤੇ ਵਿਕਸਤ ਦੇਸ਼ਾਂ, ਦੋਵਾਂ ਲਈ ਉਹਨਾਂ ਦੇ ਉਦੇਸ਼ਾਂ ਅਨੁਸਾਰ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਦੋਵਾਂ ਦੇ ਉਦੇਸ਼ ਵੱਖਰੇ-ਵੱਖਰੇ ਹੁੰਦੇ ਹਨ। ਵਿਕਾਸਸ਼ੀਲ ਦੇਸ਼ ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਵਿਦੇਸ਼ੀ ਆਯਾਤ ਦੁਆਰਾ ਪ੍ਰਭਾਵਤ ਹੋਣ ਤੋਂ ਬਚਾਉਣ ਅਤੇ ਉਹਨਾਂ ਨੂੰ ਅੰਤਰਾਸ਼ਟਰੀ ਪੱਧਰ 'ਤੇ ਸਥਾਪਤ ਕਰਨ ਵਿੱਚ ਸਹਿਯੋਗ ਕਰਨ ਲਈ ਟੈਰਿਫ਼ ਦੀ ਵਰਤੋਂ ਕਰਦੇ ਹਨ। ਇਸ ਦੇ ਨਾਲ ਟੈਰਿਫ਼ ਇਹਨਾਂ ਦੇਸ਼ਾਂ ਵਿੱਚ ਵਿਦੇਸ਼ੀ ਮੁਦਰਾ ਦੇ ਰੂਪ ਵਿੱਚ ਆਮਦਨ ਦਾ ਇੱਕ ਮੁੱਖ ਸਰੋਤ ਵੀ ਬਣੇ ਹੋਏ ਹਨ। ਵਿਕਸਤ ਦੇਸ਼ ਟੈਰਿਫ਼ ਦੀ ਵਧੇਰੇ ਵਰਤੋਂ ਰਣਨੀਤਕ ਤੌਰ 'ਤੇ ਦੂਸਰੇ ਦੇਸ਼ਾਂ ਨਾਲ ਗੱਲਬਾਤ ਦੌਰਾਨ ਆਰਥਿਕ ਦਬਾਅ ਵਧਾਉਂਦੇ ਹੋਏ, ਨਾਜ਼ੁਕ ਉਦਯੋਗਾਂ (ਊਰਜਾ, ਰਸਾਇਣ, ਸੰਚਾਰ, ਵਿੱਤੀ ਸੇਵਾਵਾਂ, ਜਨਤਕ ਸਿਹਤ ਆਦਿ) ਦੀ ਸੁਰੱਖਿਆ 'ਤੇ ਧਿਆਨ ਕੇਂਦਰਤ ਕਰਦੇ ਹੋਏ ਅਤੇ ਉੱਚ-ਤਕਨੀਕੀ ਖੇਤਰਾਂ ਦੀ ਰੱਖਿਆ ਕਰਨ ਦੇ ਉਦੇਸ਼ ਨਾਲ ਕਰਦੇ ਹਨ। ਟੈਰਿਫ਼ਾਂ ਦੀ ਇਹ ਦੋਹਰੀ ਭੂਮਿਕਾ ਵਿਸ਼ਵ ਵਪਾਰ ਨੂੰ ਉਦਾਰ ਕਰਨ ਦੇ ਯਤਨਾਂ ਦੇ ਬਾਵਜੂਦ ਇਹਨਾਂ ਦੀ ਨਿਰੰਤਰ ਸਾਰਥਿਕਤਾ ਨੂੰ ਦਰਸਾਉਂਦੀ ਹੈ।

ਭਾਰਤ ਦੇ ਸੰਦਰਭ ਵਿੱਚ ਟੈਰਿਫ਼ ਉਦਯੋਗਿਕ ਖੇਤਰ ਰਾਹੀਂ ਆਰਥਿਕ ਵਿਕਾਸ ਅਤੇ ਰਾਸ਼ਟਰੀ ਹਿੱਤਾਂ ਨੂੰ ਸੰਤੁਲਿਤ ਰੱਖਣ ਲਈ ਇੱਕ ਮਹੱਤਵਪੂਰਨ ਸਾਧਨ ਵਜੋਂ ਕੰਮ ਕਰਦੇ ਹਨ। ਇੱਕ ਵੱਡੇ ਘਰੇਲੂ ਬਾਜ਼ਾਰ ਦੇ ਨਾਲ ਇੱਕ ਵਿਕਾਸਸ਼ੀਲ ਅਰਥ ਵਿਵਸਥਾ ਦੇ ਰੂਪ ਵਿੱਚ ਭਾਰਤ ਵੱਖ-ਵੱਖ ਖੇਤਰਾਂ, ਜਿਵੇਂ ਕਿ ਖੇਤੀਬਾੜੀ, ਟੈਕਸਟਾਈਲ ਅਤੇ ਨਿਰਮਾਣ ਨੂੰ ਸਸਤੇ ਵਿਦੇਸ਼ੀ ਮੁਕਾਬਲੇ ਤੋਂ ਬਚਾਉਣ ਲਈ ਟੈਰਿਫ਼ ਦੀ ਵਰਤੋਂ ਕਰਦਾ ਹੈ। ਟੈਰਿਫ਼ ਦੇਸ਼ ਦੀਆਂ 'ਮੇਕ ਇਨ ਇੰਡੀਆ' ਵਰਗੀਆਂ ਨਿਰਯਾਤ ਪ੍ਰੋਤਸਾਹਨ ਸੰਬੰਧੀ ਸਕੀਮਾਂ ਲਾਗੂ ਕਰਨ, ਘਰੇਲੂ ਉਦਯੋਗਾਂ ਵਿੱਚ ਕੰਮ ਕਰਦੇ ਲੋਕਾਂ ਦੀਆਂ ਨੌਕਰੀਆਂ ਦੀ ਸੁਰੱਖਿਅਤ ਰੱਖਣ, ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਸਮਰਥਨ ਦੇਣ ਅਤੇ ਦੇਸ਼ ਦੀ ਸਵੈ-ਨਿਰਭਰਤਾ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਕਰਦੇ ਹਨ।ਇਸ ਤੋਂ ਇਲਾਵਾ ਟੈਰਿਫ਼ ਸਰਵਜਨਕ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਨੂੰ ਫੰਡ ਦੇਣ ਲਈ ਵਰਤੀ ਜਾਂਦੀ ਸਰਕਾਰੀ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹਨ। ਇਸ ਦੇ ਨਾਲ ਹੀ ਭਾਰਤ ਰਣਨੀਤਕ ਤੌਰ 'ਤੇ ਸੰਵੇਦਨਸ਼ੀਲ ਖੇਤਰਾਂ ਦੀ ਰੱਖਿਆ ਲਈ ਵਪਾਰਕ ਗੱਲਬਾਤ ਵਿੱਚ ਟੈਰਿਫ਼ ਦੀ ਵਰਤੋਂ ਕਰਦਾ ਹੈ, ਜਦੋਂ ਕਿ ਅੰਤਰਰਾਸ਼ਟਰੀ ਵਪਾਰ ਨੂੰ ਉਤਸ਼ਾਹਤ ਕਰਨ, ਇਸ ਸੰਬੰਧੀ ਮੁਕਾਬਲੇ ਵਿੱਚ ਸੁਧਾਰ ਕਰਨ ਅਤੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਆਪਣੇ ਕਮਜ਼ੋਰ ਉਦਯੋਗਾਂ ਦੀ ਸੁਰੱਖਿਆ ਕਰਦੇ ਹੋਏ ਲੋੜ ਅਨੁਸਾਰ ਟੈਰਿਫ਼ਾਂ ਨੂੰ ਘਟਾਉਂਦਾ ਵੀ ਹੈ।

ਭਾਰਤ ਦੀ ਹਾਲੀਆ ਵਪਾਰ ਅਤੇ ਟੈਰਿਫ਼ ਨੀਤੀ ਘਰੇਲੂ ਉਦਯੋਗਿਕ ਵਿਕਾਸ ਨੂੰ ਉਤਸ਼ਾਹਤ ਕਰਦੇ ਹੋਏ ਵਿਸ਼ਵ ਅਰਥ ਵਿਵਸਥਾ ਨਾਲ ਏਕੀਕ੍ਰਿਤ ਕਰਨ ਦੀ ਇੱਕ ਰਣਨੀਤਕ ਕੋਸ਼ਿਸ਼ ਨੂੰ ਦਰਸਾਉਂਦੀ ਹੈ। ਸਰਕਾਰ ਨੇ ਵਿਸ਼ਵ ਵਪਾਰ ਦੀ ਉਦਾਰੀਕਰਨ ਦੀ ਨੀਤੀ ਨੂੰ ਹੁਲਾਰਾ ਦੇਣ ਲਈ 'ਵਿਸ਼ਵ ਵਪਾਰ ਸੰਸਥਾ' ਦੀਆਂ ਸ਼ਰਤਾਂ ਦੇ ਅਨੁਸਾਰ ਵਸਤੂਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੇ ਟੈਰਿਫ਼ ਨੂੰ ਘਟਾਇਆ ਹੈ। ਇਸ ਦੇ ਨਾਲ ਹੀ ਭਾਰਤ ਨੇ ਸਥਾਨਕ ਉਤਪਾਦਕਾਂ ਨੂੰ ਸਸਤੇ ਆਯਾਤ ਤੋਂ ਬਚਾਉਣ ਲਈ ਖੇਤੀਬਾੜੀ, ਟੈਕਸਟਾਈਲ, ਇਲੈਕਟ੍ਰੋਨਿਕਸ ਅਤੇ ਰੱਖਿਆ ਵਰਗੇ ਪ੍ਰਮੁੱਖ ਖੇਤਰਾਂ 'ਤੇ ਉੱਚੀਆਂ ਟੈਰਿਫ਼ ਦਰਾਂ ਨੂੰ ਕਾਇਮ ਵੀ ਰੱਖਿਆ ਹੈ। ਇਸ ਤੋਂ ਇਲਾਵਾ ਭਾਰਤ ਆਪਣੇ ਨਿਰਯਾਤ ਦੀ ਅੰਤਰਰਾਸ਼ਟਰੀ ਬਜ਼ਾਰ ਵਿੱਚ ਪਹੁੰਚ ਨੂੰ ਵਧਾਉਣ ਲਈ ਦੁਵੱਲੇ ਅਤੇ ਖੇਤਰੀ ਵਪਾਰ ਸਮਝੌਤਿਆਂ ਵਿੱਚ ਸ਼ਾਮਲ ਹੁੰਦਾ ਹੈ ਅਤੇ ਅਣ-ਉੱਚਿਤ ਵਪਾਰਕ ਕਿਰਿਆਵਾਂ ਨੂੰ ਰੋਕਣ ਲਈ ਲੋੜ ਪੈਣ 'ਤੇ ਸੁਰੱਖਿਆ ਡਿਊਟੀ ਜਾਂ 'ਐਂਟੀ-ਡੰਪਿੰਗ ਡਿਊਟੀ' ਵੀ ਲਗਾਉਂਦਾ ਹੈ। ਇਸ ਨੀਤੀ ਅਨੁਸਾਰ ਦੇਸ਼ ਅਯਾਤ ਕੀਤੀਆਂ ਜਾਣ ਵਾਲੀਆਂ ਉਹਨਾਂ ਵਸਤਾਂ 'ਤੇ ਵਾਧੂ ਟੈਰਿਫ਼ ਲਗਾਉਂਦਾ ਹੈ, ਜਿਹੜੀਆਂ ਵਾਜਿਬ ਤੋਂ ਵੀ ਘੱਟ ਕੀਮਤ 'ਤੇ ਵੇਚੀਆਂ ਜਾ ਰਹੀਆਂ ਹੁੰਦੀਆਂ ਹਨ। ਜੂਨ 2025 ਦੌਰਾਨ ਭਾਰਤ ਦੁਆਰਾ ਚੀਨ ਤੋਂ ਅਯਾਤ ਕੀਤੀਆਂ ਗਈਆਂ ਪਲਾਸਟਿਕ ਪ੍ਰੋਸੈਸਿੰਗ ਮਸ਼ੀਨਾਂ ਉੱਪਰ 27 ਪ੍ਰਤੀਸ਼ਤ ਤੋਂ ਵਧਾ ਕੇ 63 ਪ੍ਰਤੀਸ਼ਤ ਤੱਕ ਟੈਰਿਫ਼ ਲਗਾਉਣਾ ਇਸ ਦੀ ਇੱਕ ਉਦਾਹਰਨ ਹੈ, ਜਿਸ ਨਾਲ ਦੇਸ਼ ਦੇ ਘਰੇਲੂ ਉਤਪਾਦਕਾਂ ਨੂੰ ਅਣ-ਉੱਚਿਤ ਤੌਰ 'ਤੇ ਘੱਟ ਕੀਮਤ ਵਾਲੀਆਂ ਦਰਾਮਦਾਂ ਦੇ ਪ੍ਰਭਾਵ ਤੋਂ ਬਚਾਇਆ ਗਿਆ ਹੈ।ਇਹ ਗੱਲ ਧਿਆਨਦੇਣ ਯੋਗ ਹੈ ਕਿ ਭਾਰਤ ਦਾ ਸਭ ਤੋਂ ਵੱਧ ਵਪਾਰ ਸੰਯੁਕਤ ਰਾਜ ਅਮਰੀਕਾ ਨਾਲ ਹੈ। ਇਸ ਦੇਸ਼ ਨਾਲ ਭਾਰਤ ਦਾ ਵਪਾਰ ਹੋਰ ਸਾਰੇ ਦੇਸ਼ਾਂ ਦੇ ਮੁਕਾਬਲੇ ਵਾਧੇ ਵਾਲਾ ਵੀ ਹੈ ਅਤੇ ਇਹ ਚੀਨ ਦੇ ਸੰਬੰਧ ਵਿੱਚ ਸਾਰੇ ਦੇਸ਼ਾਂ ਦੇ ਮੁਕਾਬਲਤਨ ਘਾਟੇ ਵਾਲਾ ਹੈ।

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਟੈਰਿਫ਼ ਦੀ ਵਰਤੋਂ ਦੁਆਰਾ ਆਪਣੇ ਨਿਰਯਾਤ ਨੂੰ ਉਤਸ਼ਾਹਤ ਕਰਦੇ ਹੋਏ ਘਰੇਲੂ ਉਦਯੋਗਾਂ ਨੂੰ ਅਯਾਤਾਂ ਦੇ ਮੁਕਾਬਲੇ ਤੋਂ ਬਚਾਉਂਦੇ ਹਨ ਅਤੇ ਇਹਨਾਂ ਨੂੰ ਆਮਦਨ ਦੇ ਸਰੋਤ ਦੀ ਤਰ੍ਹਾਂ ਵਰਤਦੇ ਹਨ। ਇੱਕ ਪਾਸੇ ਟੈਰਿਫ਼ ਵਿਕਾਸ ਅਤੇ ਸਵੈ-ਨਿਰਭਰਤਾ ਲਈ ਸਹਾਇਕ ਦੇ ਤੌਰ 'ਤੇ ਕੰਮ ਕਰਦੇ ਹਨ, ਦੂਜੇ ਪਾਸੇ ਇਹ ਵਿਸ਼ਵ ਵਪਾਰ ਵਿੱਚ ਤਰਲਤਾ, ਵਪਾਰਕ ਮੁਕਾਬਲੇ ਸੰਬੰਧੀ ਰੁਕਾਵਟਾਂ ਅਤੇ ਅੰਤਰਰਾਸ਼ਟਰੀ ਦਬਾਅ ਵੀ ਪੈਦਾ ਕਰਦੇ ਹਨ। ਇਸ ਲਈ ਇੱਕ ਸਮਰੱਥ ਅਤੇ ਸੰਤੁਲਿਤ ਟੈਰਿਫ਼ ਨੀਤੀ ਦਾ ਨਿਰਮਾਣ ਕਰਨਾ ਜ਼ਰੂਰੀ ਹੈ, ਜੋ ਦੇਸ਼ ਦੇ ਆਰਥਿਕ ਹਿੱਤਾਂ ਨੂੰ ਸੁਰੱਖਿਆ ਦਿੰਦਿਆਂ ਉਦਯੋਗਿਕ ਵਿਕਾਸ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਉਤਸ਼ਾਹਤ ਕਰਦੀ ਹੋਵੇ। ਭਵਿੱਖ ਵਿੱਚ ਭਾਰਤ ਨੂੰ ਆਪਣੀ ਟੈਰਿਫ਼ ਨੀਤੀ ਨੂੰ ਵਿਸ਼ਵ ਆਰਥਿਕ ਪਰਿਸਥਿਤੀਆਂ ਦੇ ਅਨੁਕੂਲ ਬਣਾਉਂਦੇ ਹੋਏ ਘਰੇਲੂ ਉਦਯੋਗਾਂ ਦੀ ਤਾਕਤ ਵਧਾਉਣ ਅਤੇ ਨਿਰਯਾਤ ਨੂੰ ਪ੍ਰੋਤਸ਼ਾਹਤ ਕਰਨ ਲਈ ਮਿਹਨਤ ਅਤੇ ਕੂਟਨੀਤੀ ਨਾਲ ਕੰਮ ਕਰਨਾ ਪਵੇਗਾ।

# ਸੰਪਰਕ : 98767-04815

# ਮਜ਼ਦੂਰ ਮੁਕਤੀ ਮੋਰਚਾ ਤੇ ਲਿਬਰੇਸ਼ਨ ਨੇ ਘੇਰਿਆ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ



**ਮਾਨਸਾ (ਆਤਮਾ ਸਿੰਘ ਪਮਾਰ)**
ਪਿੰਡਾਂ ਵਿੱਚ ਮਨਰੇਗਾ ਦੇ ਕੰਮ ਬੰਦ ਹੋਣ ਤੇ ਮੀਂਹ ਹੜ੍ਹਾਂ ਨਾਲ ਘਰਾਂ ਦੇ ਨੁਕਸਾਨੇ ਦੇ ਮੁਆਵਜ਼ੇ ਨੂੰ ਲੈ ਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਤੇ ਲਿਬਰੇਸ਼ਨ ਵੱਲੋਂ ਡੀ ਸੀ ਦਫ਼ਤਰ ਅੱਗੇ ਧਰਨਾ ਲਗਾਇਆ ਗਿਆ।ਇਸ ਧਰਨੇ ਦੀ ਪੰਜਾਬ ਕਿਸਾਨ ਯੂਨੀਅਨ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਵੱਲੋਂ ਵੀ ਹਮਾਇਤ ਕੀਤੀ ਗਈ।ਮੰਗ ਪੱਤਰ ਦੇਣ ਦੇ ਦਿੱਤੇ ਸਮੇਂ ਤੇ ਡੀ ਸੀ ਵਲੋਂ ਮੰਗ ਪੱਤਰ ਨਾ ਲੈਣ ਆਉਣ ਦੇ ਵਿਰੋਧ ਵਿੱਚ ਜਥੇਬੰਦੀਆਂ ਨੇ ਪ੍ਰਬੰਧਕੀ ਕੰਪਲੈਕਸ ਵੱਲ ਚਾਲੇ ਪਾ ਦਿੱਤੇ ਤੇ ਅੱਗੇ ਜਾ ਕੇ ਡੀ ਸੀ ਦਫ਼ਤਰ ਨੂੰ ਘੇਰ ਲਿਆ।ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਅਧਿਕਾਰੀਆਂ ਨਾਲ ਕਾਫੀ ਖਿੱਚਧੂਹ ਮਗਰੋਂ ਐੱਸ ਡੀ ਐੱਮ ਮਾਨਸਾ ਕਾਲਾ ਰਾਮ ਕਾਂਸਲ ਨੇ ਮਨਰੇਗਾ ਦੇ ਬੰਦ ਹੋਣ ਕਾਰਨ ਪੰਜਾਬ ਦੇ ਮਜ਼ਦੂਰਾਂ ਦੀਆਂ ਵੱਖ-ਵੱਖ ਸਮੱਸਿਆਵਾਂ ਤੇ ਹੜ੍ਹਾਂ ਦੀ ਮਾਰ ਦੇ ਮੁਆਵਜ਼ੇ ਸਬੰਧੀ ਪ੍ਰਧਾਨ ਮੰਤਰੀ ਭਾਰਤ ਸਰਕਾਰ ਨੂੰ ਭੇਜਣ ਲਈ ਮੰਗ ਪੱਤਰ ਲਿਆ ਅਤੇ ਨਾਲ ਵੱਖ-ਵੱਖ ਪਿੰਡਾਂ ਦੀਆਂ ਸਮੱਸਿਆਵਾਂ ਵਾਲੀਆਂ ਅਰਜ਼ੀਆਂ ਤੇ ਮਨਰੇਗਾ ਦੇ ਕੰਮ ਚਲਾਉਣ ਵਾਲੀਆਂ ਡਿਮਾਂਡਾਂ ਵੀ ਦਿੱਤੀਆਂ ਗਈਆਂ।ਪ੍ਰੈੱਸ ਬਿਆਨ ਜਾਰੀ ਕਰਦਿਆਂ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਸੂਬਾ ਇੰਚਾਰਜ ਕਾਮਰੇਡ ਪ੍ਰਸ਼ੋਤਮ ਸ਼ਰਮਾ ਆਗੂ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਪੰਜਾਬ ਵਿੱਚ ਮਨਰੇਗਾ ਦੇ ਕੰਮ ਬੰਦ ਕਰਕੇ ਤੇ ਮਨਰੇਗਾ ਨੂੰ ਠੇਕੇਦਾਰੀ ਸਿਸਟਮ ਵਿੱਚ ਲਿਆ ਕੇ ਮਜ਼ਦੂਰਾਂ ਦੇ ਚੁੱਲ੍ਹੇ ਠੰਢੇ ਕਰ ਦਿੱਤੇ ਤੇ ਆਰਥਿਕ ਤੌਰ 'ਤੇ ਬਹੁਤ ਹੀ ਕਮਜ਼ੋਰ ਕਰ ਦਿੱਤੇ ਅਤੇ ਮਨਰੇਗਾ ਮਜ਼ਦੂਰ ਭੁੱਖਮਰੀ ਦੇ ਸ਼ਿਕਾਰ ਹੋ ਰਹੇ ਹਨ। ਆਗੂ ਨੇ ਕਿਹਾ ਵੱਖ ਵੱਖ ਪਿੰਡਾਂ ਪੀੜਤ ਲੋਕ ਆਪਣੀ ਸਮੱਸਿਆਵਾਂ ਸਬੰਧੀ ਡੀਸੀ ਦਫ਼ਤਰ ਆਏ, ਪਰ ਪੀੜਤਾਂ ਦੀਆਂ ਸਮੱਸਿਆਵਾਂ ਸੁਣਨ ਨੂੰ ਡੀ ਸੀ ਕੋਲ ਕੋਈ ਟਾਇਮ ਨਹੀਂ। ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਡੀਸੀ ਮਾਨਸਾ ਦੀ ਜਲਦੀ ਬਦਲੀ ਕੀਤੀ ਜਾਵੇ।ਇਸ ਰੋਸ ਪ੍ਰਦਰਸ਼ਨ ਵਿੱਚ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਲਿਬਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਬਲਵਿੰਦਰ ਘਰਾਂਗਣਾਂ ਜ਼ਿਲ੍ਹਾ ਆਗੂ ਕਾਮਰੇਡ ਗੁਰਸੇਵਕ ਸਿੰਘ ਮਾਨਬੀਬੜੀਆਂ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਮਜ਼ਦੂਰਾਂ ਦੇ ਮਨਰੇਗਾ ਦੇ ਕੰਮ ਬੰਦ ਹੋਣ 'ਤੇ ਹਾਲੇ ਤੱਕ ਕੋਈ ਬਿਆਨ ਜਾਰੀ ਨਹੀਂ ਕੀਤਾ ਅਤੇ ਨਾ ਹੜ੍ਹਾਂ ਮੀਹਾਂ ਦੀ ਮਾਰ ਵਾਲੇ ਘਰਾਂ ਨੂੰ ਮੁਆਵਜ਼ਾ ਦਿੱਤਾ ਅਤੇ ਪਿੰਡਾਂ ਵਿੱਚ ਵਿਤਕਰੇਬਾਜ਼ੀ ਕੀਤੀ ਜਾ ਰਹੀ ਹੈ।ਇਸ ਧਰਨੇ ਵਿੱਚ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਲਿਬਰੇਸ਼ਨ ਦੇ ਜ਼ਿਲ੍ਹਾ ਆਗੂ ਕਾਮਰੇਡ ਗੁਰਮੀਤ ਸਿੰਘ ਨੰਦਗੜ੍ਹ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਪ੍ਰਧਾਨ ਮਹਿੰਦਰ ਸਿੰਘ ਭੈਣੀਬਾਘਾ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਕਾਮਰੇਡ ਗੁਰਨਾਮ ਸਿੰਘ ਭੀਖੀ, ਮਜ਼ਦੂਰ ਆਗੂ ਕਾਮਰੇਡ ਕਾਮਰੇਡ ਹਰਮੇਸ ਭੰਮੇ, ਕਾਮਰੇਡ ਦਰਸ਼ਨ ਸਿੰਘ ਦਾਨੇਵਾਲਾ, ਕਾਮਰੇਡ ਬਿੰਦਰ ਕੌਰ ਉੱਡਤ ਭਗਤ ਰਾਮ, ਤਰਸੇਮ ਸਿੰਘ ਖਾਲਸਾ ਬਹਾਦਰਪੁਰ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਆਗੂ ਬਲਜੀਤ ਸਿੰਘ ਭੈਣੀਬਾਘਾ, ਕਾਮਰੇਡ ਭੋਲਾ ਸਿੰਘ ਬਹਾਦਰਪੁਰ, ਮੇਟ ਰਣਜੀਤ ਸਿੰਘ ਆਕਲੀਆਂ, ਜੀਤ ਸਿੰਘ ਬੋਹਾ, ਮੇਟ ਮਨਜੀਤ ਕੌਰ ਆਕਲੀਆਂ, ਮੇਟ ਰਾਜ ਸਿੰਘ ਭੈਣੀਬਾਘਾ ਕਾਮਰੇਡ ਅਜੈਬ ਸਿੰਘ ਭੈਣੀਬਾਘਾ, ਕਾਮਰੇਡ ਭੋਲਾ ਸਿੰਘ ਗੜ੍ਹੱਦੀ, ਕਾਮਰੇਡ ਨੀਟਾ ਭੀਖੀ, ਕਾਮਰੇਡ ਦਨੇਸ਼ ਭੀਖੀ, ਕਾਮਰੇਡ ਰਘਵੀਰ ਸਿੰਘ ਭੀਖੀ, ਕਾਮਰੇਡ ਬੂਟਾ ਸਿੰਘ ਭੁਪਾਲ, ਕਾਮਰੇਡ ਅੰਗਰੇਜ਼ ਸਿੰਘ ਘਰਾਂਗਣਾਂ, ਮੇਟ ਕਰਮਜੀਤ ਕੌਰ ਬੁਰਜ ਹਰੀ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਮੀਹਾਂ ਨੇ ਮਹਿਣਾ ਦੇ ਗਰੀਬਾਂ ਕੋਲੋਂ ਖੋਹੀ ਛੱਤ, ਲੋਕ ਖੁੱਲ੍ਹੇ ਅਸਮਾਨ ਹੇਠ ਰਹਿਣ ਲਈ ਮਜਬੂਰ

**ਸਰਕਾਰ, ਪ੍ਰਸ਼ਾਸਨ ਨੇ ਕੋਈ ਸਾਰ ਨਹੀਂ ਲਈ : ਨੌਜਵਾਨ ਭਾਰਤ ਸਭਾ**



**ਮੋਗਾ (ਇਕਬਾਲ ਸਿੰਘ ਖਹਿਰਾ)**-ਨੌਜਵਾਨ ਭਾਰਤ ਸਭਾ ਨੇ ਪਿੰਡ ਮਹਿਣਾ ਦਾ ਦੌਰਾ ਕਰਕੇ ਮੀਂਹਾਂ ਨਾਲ ਲੋਕਾਂ ਦੀਆਂ ਡਿੱਗ ਚੁੱਕੀਆਂ ਛੱਤਾਂ ਦਾ ਜਾਇਜ਼ਾ ਲਿਆ।ਨੌਜਵਾਨ ਭਾਰਤ ਸਭਾ ਦੇ ਸੂਬਾ ਮੀਤ ਪ੍ਰਧਾਨ ਕਰਮਜੀਤ ਮਾਣੂੰਕੇ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਗੁਰਚਰਨ ਸਿੰਘ ਮਹਿਣਾ ਨੇ ਦੱਸਿਆ ਕਿ ਲੋਕਾਂ ਦੀਆਂ ਛੱਤਾਂ ਡਿੱਗ ਕੇ, ਕੰਧਾਂ ਪਾਟ ਕੇ ਘਰਾਂ ਦਾ ਬੁਰੇ ਤਰੀਕੇ ਨਾਲ ਨੁਕਸਾਨ ਹੋ ਚੁੱਕਾ ਹੈ, ਜਿਸ ਕਰਕੇ ਘਰ ਦਾ ਸਾਮਾਨ ਖੁੱਲ੍ਹੇ ਆਸਮਾਨ ਹੇਠਾਂ ਪਿਆ ਖਰਾਬ ਹੋ ਰਿਹਾ ਹੈ।ਪਰਵਾਰ ਖੁੱਲ੍ਹੇ ਆਸਮਾਨ ਹੇਠਾਂ ਰਹਿ ਰਹੇ ਹਨ।ਕਈ ਘਰਾਂ ਦਾ ਜਾਨੀ ਨੁਕਸਾਨ ਹੋਣੋਂ ਮਸਾਂ ਬਚਿਆ ਹੈ।ਕਈ ਘਰਾਂ ਦੀਆਂ ਛੱਤਾਂ ਡਿੱਗਣ ਦੀ ਕਗਾਰ 'ਤੇ ਹਨ, ਪਰ ਲਗਭਗ ਮਹੀਨਾਂ ਬੀਤ ਜਾਣ 'ਤੇ ਵੀ ਲੋਕਾਂ ਦੇ ਘਰਾਂ ਦੀਆਂ ਛੱਤਾਂ ਪਵਾਉਣ, ਯੋਗ ਮੁਆਵਜ਼ਾ ਦੇਣ ਦੀ ਬਜਾਏ ਹਾਲੇ ਤੱਕ ਲੋਕਾਂ ਨੂੰ ਇਹ ਹੀ ਨਹੀਂ ਦੱਸਿਆ ਕਿ ਮੁਆਵਜ਼ਾ ਕਿਹੜਾ ਦਫਤਰ ਦੇਵੇਗਾ।ਪਿਛਲੇ ਕਈ ਦਿਨਾਂ ਤੋਂ ਪਟਵਾਰੀ ਘਰਾਂ ਦੀਆਂ ਰਿਪੋਰਟਾਂ ਤਿਆਰ ਕਰ ਰਹੇ ਸੀ।ਅੱਜ ਜਦੋਂ ਸਭਾ ਦੇ ਆਗੂਆਂ ਨੇ ਮਹਿਣਾ ਦੇ ਪਟਵਾਰੀ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਨੇ ਨਵੀਆਂ ਹਦਾਇਤਾਂ ਜਾਰੀ ਕਰਕੇ ਸਾਡੇ ਤੋਂ ਅਖਤਿਆਰ ਵਾਪਸ ਲੈ ਲਿਆ ਹੈ।ਹੁਣ ਕਿਹੜੇ ਮਹਿਕਮੇ ਤੋਂ ਮੰਗ ਕਰੀਏ ਇਸ ਦਾ ਉਹ ਜਵਾਬ ਨਹੀਂ ਦੇ ਪਾਏ।ਸਾਡੀ ਮੰਗ ਹੈ ਕਿ ਸਰਕਾਰ ਖੁਦ ਪੱਕੇ ਮਕਾਨਾਂ ਦੀ ਉਸਾਰੀ ਕਰਵਾ ਕੇ ਦੇਵੇ, ਰੇਤਾਂ, ਬੱਜਰੀ, ਸੀਮਿੰਟ, ਸਰੀਆ, ਇੱਟਾਂ ਦੇ ਰੇਟ, ਲੇਬਰ ਦੀ ਦਿਹਾੜੀ ਦੇ ਮੁਤਾਬਿਕ ਪੈਸੇ ਤੇ ਇਸ ਤੋਂ ਅਲਹਿਦਾ ਮੁਆਵਜ਼ਾ ਦਿੱਤਾ ਜਾਵੇ।ਕੇਂਦਰ ਸਰਕਾਰ ਦਾਅਵੇ ਕਰ ਰਹੀ ਹੈ ਕਿ ਅਸੀਂ 820 ਕਰੋੜ ਸਮੇਤ 1600 ਕਰੋੜ ਹੜ੍ਹ ਪ੍ਰਭਾਵਿਤ ਲੋਕਾਂ ਲਈ ਜਾਰੀ ਕੀਤਾ ਹੈ, ਨਾ ਤਾਂ ਉਨ੍ਹਾਂ ਲੋਕਾਂ ਨੂੰ ਇੱਕ ਦਿਵਾਨੀ ਮਿਲੀ ਹੈ ਤੇ ਨਾ ਹੀ ਕੇਂਦਰ ਸਮੇਤ ਪੰਜਾਬ ਸਰਕਾਰ ਨੇ ਜਿੱਥੇ ਹੜ੍ਹ ਨਹੀਂ ਆਏ, ਉਨ੍ਹਾਂ ਲਈ ਕਿਸੇ ਵਿਸ਼ੇਸ਼ ਮੁਆਵਜ਼ਾ ਯੋਜਨਾ ਦਾ ਐਲਾਨ ਕੀਤਾ ਹੈ।ਜੇਕਰ ਸਰਕਾਰ ਨੇ ਗਰੀਬਾਂ ਨੂੰ ਇਨਸਾਫ ਨਾ ਦਿੱਤਾ ਤਾਂ ਇਸ ਖਿਲਾਫ ਡੀ ਸੀ ਮੋਗਾ ਨੂੰ ਸ਼ਕਾਇਤ ਦਰਜ ਕਰਵਾ ਕੇ ਅਗਲੀ ਵਿਉਂਤਬੰਦੀ ਉਲੀਕੀ ਜਾਵੇਗੀ।ਇਸ ਮੌਕੇ ਅਜੇ ਸਿੰਘ, ਪ੍ਰਭੂ ਸਿੰਘ, ਜਗਸੀਰ ਸਿੰਘ, ਚੰਦ ਸਿੰਘ, ਚਮਕੌਰ ਸਿੰਘ, ਦੀਸ਼ਾ ਆਦਿ ਹਾਜ਼ਰ ਸਨ।

# ਮਜ਼ਦੂਰ ਜਥੇਬੰਦੀਆਂ ਵੱਲੋਂ ਡੀ ਸੀ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ

**ਮਨਰੇਗਾ ਕੰਮ ਤੇ ਹੜ੍ਹਾਂ ਦੇ ਮੁਆਵਜ਼ੇ ਦੀ ਕੀਤੀ ਮੰਗ**



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**
ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਤੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਸਮੇਤ ਕਈ ਮਜ਼ਦੂਰ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਆਪਣੀਆਂ ਮੁੱਖ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫ਼ਤਰ ਸਾਹਮਣੇ ਇੱਕ ਭਰਪੂਰ ਰੋਸ ਧਰਨਾ ਦਿੱਤਾ ਗਿਆ।ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਗੁਰਤੇਜ ਸਿੰਘ ਹਰੀਨੌ, ਗੁਰਪਾਲ ਸਿੰਘ ਨੰਗਲ, ਗੋਰਾ ਸਿੰਘ ਪਿਪਲੀ, ਸਿਕੰਦਰ ਸਿੰਘ ਔਲਖ, ਸਿਕੰਦਰ ਸਿੰਘ ਅਜਿਤ ਗਿੱਲ, ਕਰਮਜੀਤ ਸਿੰਘ ਪੱਕਾ ਆਦਿ ਆਗੂਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮਜ਼ਦੂਰਾਂ ਦੇ ਗੀਤ ਗਾ ਕੇ ਸੱਤਾ ਵਿੱਚ ਆਉਣ ਵਾਲੀ ਸਰਕਾਰ ਨੇ ਹੜ੍ਹਾਂ ਤੇ ਬਾਰਿਸ਼ ਦੌਰਾਨ ਹੋਏ ਨੁਕਸਾਨ ਦਾ ਮਜ਼ਦੂਰ ਪਰਵਾਰਾਂ ਨੂੰ ਇੱਕ ਧੇਲਾ ਵੀ ਨਹੀਂ ਦਿੱਤਾ।

ਆਗੂਆਂ ਨੇ ਕਿਹਾ ਕਿ ਬਾਰਿਸ਼ਾਂ ਤੇ ਉਸ ਤੋਂ ਬਾਅਦ ਲਗਾਤਾਰ ਕੰਮ ਠੱਪ ਰਹਿਣ ਕਾਰਨ ਮਜ਼ਦੂਰ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਚੁੱਕੇ ਹਨ।ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਮਕਾਨਾਂ ਦੀ ਮੁਰੰਮਤ ਜਾਂ ਨਿਰਮਾਣ ਲਈ ਪੰਜ-ਪੰਜ ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਜਾਵੇ।ਨੁਕਸਾਨ ਕਾਰਨ ਨਰੇਗਾ ਮਜ਼ਦੂਰਾਂ ਨੂੰ 200 ਦਿਨ ਦਾ ਕੰਮ ਤੇ 1000 ਰੁਪਏ ਦਿਹਾੜੀ ਦਿੱਤੀ ਜਾਵੇ।ਕੰਮ ਮੰਗਦੇ ਸਾਰੇ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ ਤੇ ਕੰਮ ਦੀ ਅਰਜ਼ੀ ਫੜ ਕੇ ਰਸੀਦ ਦਿੱਤੀ ਜਾਵੇ।ਜੇਕਰ ਕੰਮ ਨਹੀਂ ਮਿਲਦਾ ਤਾਂ ਬੇਰੁਜ਼ਗਾਰੀ ਭੱਤੇ ਦਾ ਪ੍ਰਬੰਧ ਕੀਤਾ ਜਾਵੇ।ਨੀਲੇ ਰਾਸ਼ਨ ਕਾਰਡਾਂ ਵਿੱਚੋਂ ਕੱਟੇ ਹੋਏ ਨਾਮ ਤੁਰੰਤ ਚੜ੍ਹਾਏ ਜਾਣ ਤੇ ਪੂਰੇ ਪਰਵਾਰ ਨੂੰ ਪੂਰਾ ਰਾਸ਼ਨ ਮਿਲੇ।ਜਥੇਬੰਦੀਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਅਜੇ ਵੀ ਉਨ੍ਹਾਂ ਦੀਆਂ ਮੰਗਾਂ 'ਤੇ ਵਿਚਾਰ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਮਜ਼ਦੂਰ ਜਥੇਬੰਦੀਆਂ ਭੁੱਖ ਹੜਤਾਲ 'ਤੇ ਬੈਠਣਗੀਆਂ ਤੇ ਜਾਮ ਲਾਉਣਗੀਆਂ, ਜਿਸ ਦੀ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।ਧਰਨੇ ਦੇ ਅਖੀਰ ਵਿੱਚ ਜਥੇਬੰਦੀਆਂ ਵੱਲੋਂ ਏ.ਡੀ.ਸੀ. ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਦੌਰਾਨ ਮਜ਼ਦੂਰਾਂ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਸੀਟੂ ਦੇ ਆਗੂ ਅਸ਼ਵਨੀ ਕੁਮਾਰ, ਬਲਕਾਰ ਸਿੰਘ ਔਲਖ, ਪੱਪੀ ਸਿੰਘ ਢਿਲਵਾਂ, ਰਾਮ ਸਿੰਘ ਚੈਨਾ, ਕਾਲਾ ਸਿੰਘ ਕਾਬਲ ਵਾਲਾ, ਕਮਲਜੀਤ ਕੌਰ ਚੰਦ ਬਾਜਾ, ਪੰਜਾਬ ਇਸਤਰੀ ਸਭਾ ਦੇ ਆਗੂ ਮਨਜੀਤ ਕੌਰ ਨੱਥੇ ਵਾਲਾ, ਚਰਨਜੀਤ ਸਿੰਘ ਚਮੇਲੀ, ਬਲਜੀਤ ਕੌਰ ਸਿੱਖਾਂ ਵਾਲਾ, ਰੁਪਿੰਦਰ ਕੌਰ ਔਲਖ ਅਤੇ ਜਸਵੰਤ ਸਿੰਘ ਨਿੱਕਾ ਔਲਖ ਆਦਿ ਆਗੂ ਤੇ ਵਰਕਰ ਹਾਜ਼ਰ ਸਨ।

## ਕਾਤਰਾਂ

### ਭਾਰਤੀ ਜੀਵਨ ਬੀਮਾ ਨਿਗਮ ਵੱਲੋਂ ਪਲੇਸਮੈਂਟ ਕੈਂਪ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਸੰਗਰੂਰ ਵੱਲੋਂ ਭਾਰਤੀ ਜੀਵਨ ਬੀਮਾ ਨਿਗਮ ਕੰਪਨੀ ਨਾਲ ਤਾਲਮੇਲ ਕਰਕੇ 1 ਅਕਤੂਬਰ ਬੁੱਧਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਤੇ ਸਿਖਲਾਈ ਦਫ਼ਤਰ ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਕੰਪਨੀ ਵੱਲੋਂ ਸੁਪਰਵਾਈਜ਼ਰ ਏਜੰਟ (ਕੇਵਲ ਲੜਕੀਆਂ ਲਈ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ, ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ 10ਵੀਂ ਪਾਸ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਪ੍ਰਾਰਥੀ ਆਪਣਾ ਆਧਾਰ ਕਾਰਡ ਤੇ ਪੈਨ ਕਾਰਡ ਨਾਲ ਲੈ ਕੇ ਆਉਣਾ ਯਕੀਨੀ ਬਣਾਉਣ।ਚਾਹਵਾਨ ਤੇ ਯੋਗ ਪ੍ਰਾਰਥੀ ਰਜ਼ਿਊਮ ਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ।

### ਸਨੌਰ ਦੇ ਸਰਵਪੱਖੀ ਵਿਕਾਸ ਦੀ ਬੱਝੀ ਆਸ : ਦੀਪਾਂਸ਼ੂ ਸਨੌਰ



**ਸਨੌਰ/ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**
ਵਿਧਾਨ ਸਭਾ ਹਲਕਾ ਸਨੌਰ ਦਾ ਇੰਚਾਰਜ ਨਿਯੁਕਤ ਕਰਨ 'ਤੇ 'ਆਪ' ਦੇ ਯੂਥ ਵਿੰਗ ਦੇ ਆਗੂ ਦੀਪਾਸ਼ੂ ਸਨੌਰ ਵੱਲੋਂ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਗਿਆ ਕਿ ਰਣਜੋਧ ਸਿੰਘ ਹਡਾਣਾ ਦੀ ਅਗਵਾਈ ਹੇਠ ਵਿਧਾਨ ਸਭਾ ਹਲਕੇ ਦੇ ਵਿਕਾਸ ਕਾਰਜਾਂ 'ਚ ਤੇਜ਼ੀ ਆਵੇਗੀ ਅਤੇ ਹਲਕੇ ਦੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਜਲਦ ਨਿਜ਼ਾਤ ਮਿਲੇਗੀ। ਉਨ੍ਹਾਂ ਕਿਹਾ ਕਿ ਹਲ਼ਕਾ ਸਨੌਰ ਦੀਆਂ ਸਾਰੀਆਂ ਸੜਕਾਂ ਨੂੰ ਮੁੜ ਨਵੇਂ ਸਿਰੇ ਤੋ ਬਣਾਉਣ ਦਾ ਕੰਮ 31 ਮਾਰਚ ਤੱਕ ਮੁਕੰਮਲ ਕੀਤਾ ਜਾਵੇਗਾ।

### ਮਹਿਲ ਕਲਾਂ 'ਚ ਇਸ ਵਾਰ ਦੁਸਹਿਰਾ ਮੇਲਾ ਨਹੀਂ ਲੱਗੇਗਾ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਹਰ ਸਾਲ ਪੂਰੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਣ ਵਾਲਾ ਦੁਸਹਿਰਾ ਮੇਲਾ ਇਸ ਵਾਰ ਮਹਿਲ ਕਲਾਂ 'ਚ ਨਹੀਂ ਮਨਾਇਆ ਜਾਵੇਗਾ।ਦੁਸਹਿਰਾ ਕਮੇਟੀ ਆਗੂ ਸਰਪੰਚ ਸਰਬਜੀਤ ਸਿੰਘ ਸ਼ੰਭੂ, ਗੁਰਸੇਵਕ ਸਿੰਘ ਸਹੋਤਾ, ਅਜਮੇਰ ਸਿੰਘ ਭੱਠਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਹਲਕੇ ਅੰਦਰ ਭਾਰੀ ਮੀਂਹ ਕਾਰਨ ਤੇ ਮਹਿਲ ਕਲਾਂ ਅੰਦਰ ਪਿਛਲੇ ਦਿਨਾਂ 'ਚ ਹੋਈਆਂ ਕਈ ਨੌਜਵਾਨਾਂ ਦੀਆਂ ਦੁਖਦਾਈ ਮੌਤਾਂ ਦੇ ਦੁੱਖ 'ਚ ਸ਼ਾਮਲ ਹੁੰਦਿਆਂ ਇਸ ਵਾਰ 2 ਅਕਤੂਬਰ ਨੂੰ ਮਹਿਲ ਕਲਾਂ ਵਿਖੇ ਲੱਗਣ ਵਾਲਾ ਦੁਸਹਿਰਾ ਮੇਲਾ ਰੱਦ ਕਰਨ ਦਾ ਫੈਸਲਾ ਕੀਤਾ ਗਿਆ।

# ਜੋਗੀ ਨਾਥ ਪਰਵਾਰਾਂ ਨਾਲ ਧੋਖਾਦੇਹੀ ਕਰਨ ਵਾਲੇ ਖਿਲਾਫ਼ ਪਰਚਾ ਦਰਜ ਕੀਤਾ ਜਾਵੇ : ਖੁਸ਼ੀਆ ਸਿੰਘ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜੋਗੀ ਨਾਥ ਬਸਤੀ ਵਿਖੇ ਜੋਗੀ ਨਾਥ ਬਰਾਦਰੀ ਦੀ ਮੀਟਿੰਗ ਸੀ ਪੀ ਆਈ ਆਗੂ ਕਾਮਰੇਡ ਖੁਸ਼ੀਆ ਸਿੰਘ ਦੀ ਅਗਵਾਈ ਹੇਠ ਹੋਈ।ਕਾਮਰੇਡ ਖੁਸ਼ੀਆ ਸਿੰਘ ਨੇ ਤਿੰਨ ਜੋਗੀ ਨਾਥ ਪਰਵਾਰਾਂ ਨਾਲ ਪਿੰਡ ਦੇ ਇਕ ਕਿਸਾਨ ਵੱਲੋਂ ਥਾਂ ਵੇਚਣ ਨੂੰ ਲੈ ਕੇ ਸਾਢੇ ਬਾਰਾਂ ਲੱਖ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਲਾਇਆ ਹੈ।ਉਨ੍ਹਾਂ ਦੱਸਿਆ ਕਿ ਜੋਗੀ ਨਾਥ ਬਰਾਦਰੀ ਦੀ ਬਸਤੀ ਖਿਆਲੀ ਰੋਡ ਮਹਿਲ ਕਲਾਂ ਦੇ ਨਾਲ ਲੱਗਦੀ ਜਗਾਂ ਵਿੱਚ ਰਿਹਾਇਸ਼ੀ ਮਕਾਨ ਬਣਾਉਣ ਲਈ ਜੋਗੀ ਨਾਥ ਮੀਤਾ ਨਾਥ ਪੁੱਤਰ ਕਾਲੂ, ਦਰਵੇਸ਼ ਨਾਥ ਪੁੱਤਰ ਨਰਾਤਾ ਰਾਮ, ਅਤੇ ਮੇਵਾ ਨਾਥ ਪੁੱਤਰ ਚਿਬੜ ਨਾਥ ਨੇ 65 ਹਜ਼ਾਰ ਰੁਪਏ ਵਿਸਵੇ ਦੇ ਹਿਸਾਬ ਨਾਲ ਸਾਢੇ 19 ਵਿਸਵੇ ਜਗ੍ਹਾ ਦਾ ਬਿਆਨਾ ਕਰਨ ਸਮੇਂ ਥਾਂ ਮਾਲਕ ਜਗਸੀਰ ਸਿੰਘ ਪੁੱਤਰ ਨਛੱਤਰ ਸਿੰਘ ਨੂੰ ਸਾਢੇ ਤਿੰਨ ਲੱਖ ਰੁਪਏ ਦਿੱਤੇ ਗਏ।ਥਾਂ ਦੀ ਰਜਿਸਟਰੀ 15 ਅਗਸਤ 2024 ਨੂੰ ਕਰਾਉਣ ਦੀ ਗੱਲ ਤਹਿ ਕੀਤੀ ਗਈ ਸੀ।ਜੋਗੀ ਨਾਥਾਂ ਵੱਲੋਂ ਸਮੇਂ ਸਿਰ ਰਜਿਸਟਰੀ ਕਰਾਉਣ ਲਈ ਥਾਂ ਮਾਲਕ ਅਤੇ ਸਬੰਧਤ ਤਹਿਸੀਲਦਾਰ ਨੂੰ ਵੀ ਮਿਲਿਆ ਗਿਆ, ਪਰ ਉਨ੍ਹਾਂ ਅਜੇ ਰਜਿਸਟਰੀਆਂ ਬੰਦ ਹੋਣ ਬਾਰੇ ਕਹਿ ਦਿਤਾ।ਥਾਂ ਮਾਲਕ ਜਗਸੀਰ ਸਿੰਘ ਨੇ ਕਿਹਾ ਕਿ ਮੈਨੂੰ ਪੈਸਿਆਂ ਦੀ ਲੋੜ ਹੈ, ਰਜਿਸਟਰੀ ਜਦੋਂ ਖੁਲ੍ਹਣਗੀਆਂ ਕਰਾ ਲੈਣੀਆਂ ਤਾਂ ਖਰੀਦਦਾਰ ਜੋਗੀ ਨਾਥਾਂ ਨੇ 19 ਅਗਸਤ 2024 ਨੂੰ 6 ਲੱਖ ਪੰਝੀ ਹਜ਼ਾਰ ਲਿਖਤ ਕਰਕੇ ਹੋਰ ਦੇ ਦਿੱਤੇ।ਥਾਂ ਦੀ ਰਜਿਸਟਰੀ ਫੇਰ ਵੀ ਨਹੀਂ ਕਰਾਈ ਗਈ।ਬਾਅਦ ਵਿੱਚ ਜੋਗੀ ਨਾਥ ਪਰਵਾਰਾਂ ਨੇ ਬਾਕੀ ਰਹਿੰਦੇ 2 ਲੱਖ 60 ਹਜ਼ਾਰ ਰੁਪਏ 26 ਅਗਸਤ 2024 ਨੂੰ ਵੀ ਦੇ ਦਿੱਤੇ ।ਤਹਿ ਕੀਤੇ ਅਨੁਸਾਰ ਪੂਰੀ ਰਕਮ 12 ਲੱਖ 35 ਹਜ਼ਾਰ ਰੁਪਏ ਦੇਣ ਦੇ ਬਾਵਜੂਦ ਥਾਂ ਦਾ ਮਾਲਕ ਰਜਿਸਟਰੀ ਕਰਾਉਣ ਤੋਂ ਆਨਾਕਾਨੀ ਕਰ ਰਿਹਾ ਹੈ।ਖਰੀਦਦਾਰ ਜੋਗੀ ਨਾਥ ਪਰਵਾਰਾਂ ਨੇ ਮਾਲਕ ਵੱਲੋਂ ਪੂਰੇ ਪੈਸੇ ਲੈ ਲੈਣ ਤੇ ਬਾਵਜੂਦ ਜਗਾਂ ਦੀ ਰਜਿਸਟਰੀ ਉਨ੍ਹਾਂ ਦੇ ਨਾਂਅ ਕਰਾਉਣ ਦੀ ਥਾਂ ਕਿਸੇ ਹੋਰ ਦੇ ਨਾਂਅ ਤੇ ਕਰਵਾਉਣ ਦਾ ਖਦਸ਼ਾ ਵੀ ਪ੍ਰਗਟ ਕੀਤਾ ਹੈ।ਕਾਮਰੇਡ ਖੁਸ਼ੀਆ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਨੂੰ ਲੈ ਕੇ ਉਨ੍ਹਾਂ ਪੁਲਸ ਅਧਿਕਾਰੀਆਂ ਨੂੰ ਲਿਖਤੀ ਤੌਰ 'ਤੇ ਜਾਣੂ ਕਰਾ ਕੇ ਝੁੱਗੀਆਂ ਵਿੱਚ ਰਹਿ ਕੇ ਪਰਵਾਰ ਪਾਲ ਰਹੇ ਜੋਗੀ ਨਾਥ ਪਰਵਾਰਾਂ ਨਾਲ ਧੋਖਾਧੜੀ ਕਰਨ ਵਾਲੇ ਖਿਲਾਫ਼ ਪਰਚਾ ਦਰਜ ਕਰਨ ਦੀ ਮੰਗ ਕੀਤੀ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਪੁਲਸ ਨੇ ਪੀੜਤ ਗ਼ਰੀਬ ਜੋਗੀ ਨਾਥ ਪਰਵਾਰਾਂ ਨੂੰ ਇਨਸਾਫ ਨਾ ਦੁਆਇਆ ਤਾਂ ਭਾਰਤੀ ਕਮਿਊਨਿਸਟ ਪਾਰਟੀ ਸੀ ਪੀ ਆਈ ਵੱਲੋਂ ਇਨਸਾਫ ਪਸੰਦ ਜਥੇਬੰਦੀਆਂ ਨੂੰ ਨਾਲ ਲੈ ਕੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਸਿਰ ਹੋਵੇਗੀ।

# ਸੀਟੂ ਦੇ ਸੂਬਾਈ ਅਜਲਾਸ ਲਈ ਸਵਾਗਤੀ ਕਮੇਟੀ ਦੀ ਚੋਣ

**ਅਜਲਾਸ ਸੰਗਰੂਰ 'ਚ ਹੋਣਾ ਸਾਡੇ ਲਈ ਮਾਣ ਵਾਲੀ ਗੱਲ : ਮੇਜਰ ਪੁੰਨਾਂਵਾਲ**




**ਸੰਗਰੂਰ (ਫ਼ਤਿਹ ਪ੍ਰਭਾਕਰ)**-ਸੈਂਟਰ ਆਫ ਇੰਡੀਆ ਟਰੇਡ ਯੂਨੀਅਨ (ਸੀਟੂ) ਦੀ ਮੀਟਿੰਗ ਲਹਿਰਾ ਭਵਨ ਸੰਗਰੂਰ ਵਿਖੇ ਜੋਗਿੰਦਰ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਕਿਰਤੀ ਜਮਾਤ ਦੀ ਸਿਰਮੌਰ ਜਥੇਬੰਦੀ ਸੀਟੂ ਦੇ 25 ਤੇ 26 ਨਵੰਬਰ ਨੂੰ ਸੰਗਰੂਰ ਵਿਖੇ ਹੋ ਰਹੇ 17ਵੇਂ ਸੂਬਾਈ ਅਜਲਾਸ ਦੇ ਇੰਤਜ਼ਾਮ ਲਈ ਸਵਾਗਤੀ ਕਮੇਟੀ ਦੀ ਚੋਣ ਕੀਤੀ ਗਈ।ਇਸ ਮੀਟਿੰਗ ਵਿੱਚ ਸੀਟੂ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਚੰਦਰ ਸ਼ੇਖਰ ਤੇ ਸੀਟੂ ਆਲ ਇੰਡੀਆ ਦੇ ਸਕੱਤਰ ਊਸ਼ਾ ਰਾਣੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਸਵਾਗਤੀ ਕਮੇਟੀ ਵਿੱਚ ਕਾਮਰੇਡ ਮੇਜਰ ਸਿੰਘ ਪੁੰਨਾਂਵਾਲ ਨੂੰ ਚੇਅਰਮੈਨ ਤੇ ਊਸ਼ਾ ਰਾਣੀ ਨੂੰ ਜਨਰਲ ਕੋਆਰਡੀਨੇਟਰ ਚੁਣਿਆ ਗਿਆ ਤੇ ਜੋਗਿੰਦਰ ਸਿੰਘ ਔਲਖ ਨੂੰ ਪ੍ਰਧਾਨ, ਇੰਦਰਪਾਲ ਪੁੰਨਾਂਵਾਲ ਜਰਨਲ ਸਕੱਤਰ, ਮਨਦੀਪ ਕੁਮਾਰੀ ਖਜ਼ਾਨਚੀ, ਸਤਵੀਰ ਤੁੰਗਾਂ ਪ੍ਰੈੱਸ ਸਕੱਤਰ ਅਤੇ ਇਨ੍ਹਾਂ ਸਮੇਤ 27 ਮੈਂਬਰੀ ਸਵਾਗਤੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ।

ਸਵਾਗਤੀ ਕਮੇਟੀ ਨੇ ਆਪਣੀ ਮੀਟਿੰਗ ਕਰਕੇ ਇਸ ਡੈਲੀਗੇਟ ਅਜਲਾਸ ਲਈ 8 ਲੱਖ ਰੁਪਏ ਦਾ ਬੱਜਟ ਪਾਸ ਕੀਤਾ।ਸਵਾਗਤੀ ਕਮੇਟੀ ਨੇ ਅਜਲਾਸ ਤੇ ਰਿਹਾਇਸ਼ ਲਈ ਥਾਵਾਂ ਬੁੱਕ ਕਰਵਾ ਦਿੱਤੀਆਂ, ਨਾਲ ਹੀ ਸਵਾਗਤੀ ਕਮੇਟੀ ਨੇ ਵੱਖ ਵੱਖ ਕੰਮ ਨੇਪਰੇ ਚਾੜ੍ਹਨ ਲਈ 6 ਸਬ ਕਮੇਟੀਆਂ ਦਾ ਗਠਨ ਕੀਤਾ ਤੇ ਉਨ੍ਹਾਂ ਦੇ ਕਨਵੀਨਰ ਵੀ ਸਰਬਸੰਮਤੀ ਨਾਲ ਚੁਣੇ ਗਏ।ਇਸ ਮੌਕੇ ਸੰਕੂਤਲ ਧੂਰੀ, ਅਮਰੀਕ ਸਿੰਘ ਕਾਂਝਲਾ, ਤ੍ਰਿਸ਼ਨਜੀਤ ਕੌਰ, ਕੁਲਵਿੰਦਰ ਸਿੰਘ ਭੂਦਨ, ਰਘਵਿੰਦਰ ਸਿੰਘ ਭਵਾਨੀਗੜ੍ਹ, ਰਾਮ ਸਿੰਘ ਸੋਹੀਆ, ਐਡਵੋਕੇਟ ਮਿੱਤ ਸਿੰਘ ਜਨਾਲ, ਸੇਰ ਸਿੰਘ ਫਰਵਾਹੀ, ਮਾਨ ਸਿੰਘ ਗੁਰਮ, ਨਵਤੇਜ ਸਿੰਘ ਭੱਠਲ, ਸ਼ਿੰਗਾਰਾ ਸਿੰਘ ਹੁਰਾਂ ਦੀ ਵੀ ਵੱਖ ਵੱਖ ਕਾਰਜਾਂ ਲਈ ਡਿਊਟੀ ਲਗਾਈ ਗਈ।ਇਸੇ ਤਰ੍ਹਾਂ ਸ਼ਿੰਦਰ ਕੌਰ ਬਲੀ, ਗੁਰਦੇਵ ਸਿੰਘ ਮੰਡੇਰ, ਕਿਰਪਾਲ ਸਿੰਘ, ਸੁਖਵੀਰ ਸਿੰਘ, ਜੁਗਰਾਜ ਸਿੰਘ ਮਹੇਰਨਾ, ਹਰਭਗਵਾਨ ਸ਼ਰਮਾ ਸੁਨਾਮ, ਦਰਬਾਰਾ ਸਿੰਘ ਬੇਨੜਾ, ਦਰਸ਼ਨ ਸਿੰਘ ਕੁਠਾਲਾ, ਜਗਰੂਪ ਸਿੰਘ ਬੇਦੀ ਲੌਂਗੋਵਾਲ, ਹਰਪਾਲ ਕੌਰ ਨੂੰ ਵੀ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਇਸ ਮੌਕੇ ਸਵਾਗਤੀ ਕਮੇਟੀ ਦੇ ਚੇਅਰਮੈਨ ਤੇ ਆਲ ਇੰਡੀਆ ਕਿਸਾਨ ਸਭਾ ਦੇ ਕੌਮੀ ਆਗੂ ਮੇਜਰ ਸਿੰਘ ਪੁੰਨਾਂਵਾਲ ਨੇ ਕਿਹਾ ਕਿ ਪੰਜਾਬ ਦੀ ਮਿਹਨਤਕਸ਼ ਮਜ਼ਦੂਰ ਜਮਾਤ ਦੀ ਅਗਵਾਈ ਕਰਨ ਵਾਲੀ ਸਿਰਮੌਰ ਜਥੇਬੰਦੀ ਸੀਟੂ ਦਾ ਸੂਬਾਈ ਅਜਲਾਸ ਸੰਗਰੂਰ ਵਿੱਚ ਹੋਣਾ ਸਾਡੇ ਲਈ ਮਾਣ ਵਾਲੀ ਗੱਲ ਹੈ ਤੇ ਸੰਗਰੂਰ ਜ਼ਿਲ੍ਹੇ ਦੇ ਸਾਥੀ ਪੂਰੀ ਤਾਨਦੇਹੀ ਨਾਲ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ 'ਚ ਕੋਈ ਕਸਰ ਬਾਕੀ ਨਹੀਂ ਛੱਡਣਗੇ।ਮੀਟਿੰਗ ਦੇ ਅਖੀਰ ਵਿੱਚ ਜ਼ਿਲ੍ਹਾ ਸਕੱਤਰ ਇੰਦਰਪਾਲ ਪੁੰਨਾਂਵਾਲ ਨੇ ਪਹੁੰਚੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

# ਸਫਾਈ ਕਰਮਚਾਰੀ ਯੂਨੀਅਨ ਦੀ ਹੜਤਾਲ ਦੂਜੇ ਦਿਨ ਵੀ ਜਾਰੀ

*ਰੋਸ ਵਜੋਂ ਨਗਰ ਕੌਂਸਲ ਦਫਤਰ 'ਚ ਦਿੱਤਾ ਧਰਨਾ*

**ਜਲਾਲਾਬਾਦ (ਜੀਤ ਕੁਮਾਰ)**-ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ 'ਤੇ ਮੰਗਲਵਾਰ ਦੂਸਰੇ ਦਿਨ ਵੀ ਨਗਰ ਕੌਂਸਲ ਜਲਾਲਾਬਾਦ ਦੇ ਸਮੂਹ ਕੱਚੇ ਮੁਲਾਜ਼ਮ, ਡਰਾਈਵਰ, ਸੀਵਰਮੈਨ ਤੇ ਰੈਗੂਲਰ ਸਫਾਈ ਕਰਚਾਰੀਆਂ ਦੀ ਕੰਮ ਛੱਡ ਹੜਤਾਲ ਜਾਰੀ ਰਹੀ। ਇਸ ਹੜਤਾਲ ਦੇ ਦੌਰਾਨ ਨਗਰ ਕੌਂਸਲ ਜਲਾਲਾਬਾਦ ਦਫਤਰ ਅੱਗੇ ਇਕੱਠੇ ਹੋ ਕੇ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਧਰਨਾਕਾਰੀਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਆਪਣੇ ਕਾਲੇ ਕਾਨੂੰਨ ਵਾਪਸ ਨਾ ਲਾਏ ਤਾਂ ਸਮੂਹ ਕਰਮਚਾਰੀ ਹੋਰ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਉਨ੍ਹਾਂ ਮੰਗ ਕੀਤੀ ਕਿ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ ਤੇ ਰੈਗੂਲਰ ਭਰਤੀ ਕੀਤੀ ਜਾਵੇ। ਸਫਾਈ ਸੇਵਕ ਯੂਨੀਅਨ ਜਲਾਲਾਬਾਦ ਦੀ ਮੰਗ ਹੈ ਕਿ ਹਰ ਮਹੀਨੇ ਤਨਖਾਹਾਂ ਦਿੱਤੀਆਂ ਜਾਣ, ਕਿਉਂਕਿ ਤਿੰਨ-ਤਿੰਨ ਮਹੀਨੇ ਬਾਅਦ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ, ਜਿਸ ਨਾਲ ਪੱਕੇ ਤੇ ਕੱਚੇ ਮੁਲਾਜਮਾਂ, ਡਰਾਈਵਰ, ਸੀਵਰਮੈਨ ਨੂੰ ਗੁਜ਼ਾਰਾ ਕਰਨਾ ਮੁਸ਼ਕਲ ਹੋ ਜਾਦਾ ਹੈ। ਕੱਚੇ ਸਫਾਈ ਸੇਵਕ, ਡਰਾਈਵਰ, ਸੀਵਰਮੈਨ ਤੇ ਰੈਗੂਲਰ ਸਫਾਈ ਸੇਵਕ ਸੀਵਰਮੈਨ ਮੁਲਾਜ਼ਮਾਂ ਦਾ ਈ.ਪੀ.ਐੱਫ./ਪੀ.ਐੱਫ. ਵੀ ਹਰ ਮਹੀਨੇ ਜਮ੍ਹਾਂ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਸਫ਼ਾਈ ਸੇਵਕ ਯੂਨੀਅਨ ਪੰਜਾਬ ਦਾ ਇਕੋ ਨਾਅਰਾ ਹੈ ਕਿ ਰੁਜ਼ਗਾਰ ਪੱਕਾ ਹੋਵੇ। ਇਸ ਮੌਕੇ ਰੈਗੂਲਰ ਮੁਲਾਜ਼ਮ ਪ੍ਰਧਾਨ ਅਜੇ ਕੁਮਾਰ, ਵਾਇਸ ਪ੍ਰਧਾਨ ਰਵੀ ਕੁਮਾਰ, ਸਲਾਹਕਾਰ ਗੁਰਬਖ਼ਸ਼ ਲਾਲ, ਕੱਚੇ ਮੁਲਾਜ਼ਮ ਪ੍ਰਧਾਨ ਸੰਨੀ ਕੁਮਾਰ, ਵਾਇਸ ਪ੍ਰਧਾਨ ਵਿਕਾਸ ਵਿੱਕੀ ਤੇ ਸਮੂਹ ਮੈਂਬਰ ਸਫ਼ਾਈ ਸੇਵਕ ਯੂਨੀਅਨ ਮੌਜੂਦ ਸਨ।

# ਸੁਤੰਤਰਤਾ ਸੰਗਰਾਮੀ ਦਲੀਪ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

**ਪ੍ਰਸ਼ਾਸਨਕ ਤੇ ਪੁਲਸ ਅਧਿਕਾਰੀਆਂ ਵੱਲੋਂ ਨਿੱਘੀ ਸ਼ਰਧਾਂਜਲੀ ਭੇਟ**



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਦੀ ਆਜ਼ਾਦੀ ਲਹਿਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣ ਵਾਲੇ ਸੁਤੰਤਰਤਾ ਸੰਗਰਾਮੀ ਸਵ. ਦਲੀਪ ਸਿੰਘ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਅਮਲੋਹ ਰੋਡ ਸਥਿਤ ਸ਼ਮਸ਼ਾਨਘਾਟ ਵਿਖੇ ਪੂਰੀਆਂ ਧਾਰਮਿਕ ਰਹੁ-ਰੀਤਾਂ ਤੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ।ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੇ ਪੋਤਰੇ ਪਰਮਿੰਦਰ ਸਿੰਘ ਨੇ ਦਿਖਾਈ।

ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ, ਪ੍ਰਸ਼ਾਸਨਕ ਤੇ ਪੁਲਸ ਅਧਿਕਾਰੀਆਂ ਨੇ ਵਿੱਛੜੀ ਰੂਹ ਨੂੰ ਅੰਤਿਮ ਵਿਦਾਇਗੀ ਦਿੱਤੀ।ਇਸ ਮੌਕੇ ਪੰਜਾਬ ਪੁਲਸ ਦੀ ਟੁੱਕੜੀ ਵੱਲੋਂ ਹਥਿਆਰ ਪੁੱਠੇ ਕਰਕੇ ਸ਼ੋਕ ਸਲਾਮੀ ਵੀ ਦਿੱਤੀ ਗਈ।ਜ਼ਿਕਰਯੋਗ ਹੈ ਕਿ ਸਵ. ਦਲੀਪ ਸਿੰਘ ਪੁੱਤਰ ਸਵ. ਉਜਾਗਰ ਸਿੰਘ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਦੌਰਾਨ ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਲਿਆ ਸੀ ਤੇ ਕਈ ਮਹੀਨੇ ਜੇਲ੍ਹ ਕੱਟੀ ਸੀ।ਅੰਤਿਮ ਸਸਕਾਰ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਉਪ ਮੰਡਲ ਮੈਜਿਸਟਰੇਟ ਅਮਲੋਹ ਚੇਤਨ ਬੰਗੜ ਤੇ ਜ਼ਿਲ੍ਹਾ ਪੁਲਸ ਦੀ ਤਰਫੋਂ ਡੀ.ਐੱਸ.ਪੀ. ਗੁਰਦੀਪ ਸਿੰਘ ਨੇ ਦੁਸ਼ਾਲੇ ਤੇ ਰੀਥ ਰੱਖ ਕੇ ਵਿੱਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਪੀੜਤ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਐੱਸ.ਡੀ.ਐੱਮ. ਚੇਤਨ ਬੰਗੜ ਨੇ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਪੀੜਤ ਪਰਵਾਰ ਦੇ ਨਾਲ ਖੜ੍ਹਾ ਹੈ।ਅੰਤਿਮ ਵਿਦਾਇਗੀ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ 'ਚ ਨਾਇਬ ਤਹਿਸੀਲਦਾਰ ਹਰਪਾਲ ਸਿੰਘ, ਕਾਨੂੰਗੋ ਕਰਮਜੀਤ ਸਿੰਘ, ਐੱਮ ਸੀ ਰਜਿੰਦਰ ਕੁਮਾਰ, ਰਿਸ਼ਤੇਦਾਰ ਤੇ ਸਨੇਹੀ, ਸੰਗਠਨਾਂ ਦੇ ਨੁਮਾਇੰਦੇ ਤੇ ਸ਼ਹਿਰੀ ਪਤਵੰਤੇ ਵੱਡੀ ਗਿਣਤੀ 'ਚ ਸ਼ਾਮਲ ਸਨ।

# ਹੱਕੀ ਮੰਗਾਂ ਨੂੰ ਲੈ ਕੇ ਸਫਾਈ ਸੇਵਕ ਯੂਨੀਅਨ ਨਗਰ ਕੌਂਸਲ ਵੱਲੋਂ ਹੜਤਾਲ




**ਮੋਗਾ (ਇਕਬਾਲ ਸਿੰਘ ਖਹਿਰਾ)**-ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ 'ਤੇ ਸਫ਼ਾਈ ਸੇਵਕ ਯੂਨੀਅਨ ਨਗਰ ਨਿਗਮ ਮੋਗਾ ਵੱਲੋਂ 29 ਤੇ 30 ਸਤੰਬਰ 2025 ਨੂੰ ਦੋ ਦਿਨਾਂ ਮੁਕੰਮਲ ਹੜਤਾਲ ਸ਼ੁਰੂ ਕਰ ਦਿੱਤੀ ਹੈ, ਜਿਸ ਵਿੱਚ ਸਫ਼ਾਈ ਸੇਵਕ ਯੂਨੀਅਨ ਦੇ ਨੁਮਾਇੰਦੇ, ਮਿਊਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਨੁਮਾਇੰਦੇ, ਵਾਟਰ ਸਪਲਾਈ ਯੂਨੀਅਨ, ਸੀਵਰੇਜ ਯੂਨੀਅਨ, ਬੇਲਦਾਰ ਯੂਨੀਅਨ, ਸੰਯੁਕਤ ਆਫ਼ਿਸਰਜ਼ ਇੰਪਲਾਈਜ਼ ਐਸੋਸੀਏਸ਼ਨ, ਫ਼ਾਇਰ ਬ੍ਰਿਗੇਡ ਯੂਨੀਅਨ ਦੇ ਨੁਮਾਇੰਦੇ ਤੇ ਮੋਟੀਵੇਟਰ ਸ਼ਾਮਲ ਹੋਏ।ਸਫ਼ਾਈ ਸੇਵਕ ਯੂਨੀਅਨ ਦੇ ਪ੍ਰਧਾਨ ਸੋਮਨਾਥ ਚੌਂਬੜ ਤੇ ਜਨਰਲ ਸਕੱਤਰ ਵਿਸ਼ਵਨਾਥ ਜੌਨੀ ਨੇ ਸੰਬੋਧਨ ਕਰਦੇ ਹੋਏ ਮੁਲਾਜ਼ਮਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਬਾਰੇ ਜਾਣੂ ਕਰਵਾਇਆ।

ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸਮੂਹ ਮਿਊਂਸਪਲ ਕਰਮਚਾਰੀਆਂ ਦੀਆਂ ਮੰਗਾਂ ਜਿਵੇਂ ਕਿ ਠੇਕੇਦਾਰੀ ਸਿਸਟਮ ਬੰਦ ਕਰਕੇ ਕਰਮਚਾਰੀਆਂ ਦੀ ਪੱਕੀ ਭਰਤੀ ਕਰਨਾ, ਡੋਰ-ਟੂ-ਡੋਰ ਕੂੜੇ ਕਲੈਕਸ਼ਨ ਦਾ ਕੰਮ ਪ੍ਰਾਈਵੇਟ ਕੰਪਨੀ ਨੂੰ ਨਾ ਦੇ ਕੇ ਇਹ ਕੰਮ ਨਿਗਮ ਦੇ ਅਧੀਨ ਕਰਨਾ, ਕੰਟ੍ਰੈਕਟ 'ਤੇ ਰੱਖੇ ਗਏ ਨਿਗਮ ਕਰਮਚਾਰੀਆਂ ਨੂੰ ਪੱਕਾ ਕਰਨ ਲਈ ਤਿੰਨ ਸਾਲ ਦੀ ਸ਼ਰਤ ਨੂੰ ਸਰਕਾਰ ਨੇ 10 ਸਾਲ ਕਰ ਦਿੱਤਾ ਗਿਆ ਹੈ। ਇਸ ਨੂੰ ਖ਼ਤਮ ਕਰਨਾ, ਸਾਲ 2004 ਤੋਂ ਬਾਅਦ ਭਰਤੀ ਕੀਤੇ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਸਕੀਮ ਦੇਣਾ, ਤਰਸ ਦੇ ਆਧਾਰ 'ਤੇ ਨੌਕਰੀ ਬਿਨਾਂ ਸ਼ਰਤ ਦੇਣਾ, ਐਕਸ ਗ੍ਰੇਸ਼ੀਆ ਗ੍ਰਾਂਟ ਨੂੰ 4-ਗੁਣਾ ਕਰਨਾ, ਨਿਗਮ ਦੀ ਤਰਜ਼ 'ਤੇ ਤਨਖਾਹਾਂ ਦੀ ਅਦਾਇਗੀ ਕਰਨਾ ਆਦਿ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ, ਜਿਸ ਦੇ ਵਿਰੋਧ ਵਿੱਚ ਸਫ਼ਾਈ ਸੇਵਕ ਯੂਨੀਅਨ, ਪੰਜਾਬ ਨੇ ਦੋ ਦਿਨਾਂ ਦੀ ਮੁਕੰਮਲ ਹੜਤਾਲ ਕਰਨ ਦਾ ਫ਼ੈਸਲਾ ਲਿਆ, ਜਿਸ ਵਿੱਚ ਸਫ਼ਾਈ ਸੇਵਕ ਯੂਨੀਅਨ ਨਗਰ ਨਿਗਮ ਮੋਗਾ ਨੇ ਮੁਕੰਮਲ ਤੌਰ 'ਤੇ ਕੰਮ ਬੰਦ ਕਰਕੇ ਸਰਕਾਰ ਦੀਆਂ ਮੁਲਾਜ਼ਮ-ਵਿਰੋਧੀ ਨੀਤੀਆਂ ਦਾ ਡੱਟ ਕੇ ਵਿਰੋਧ ਕੀਤਾ।ਇਸ ਮੌਕੇ ਮਿਉਂਸਪਲ ਇੰਪਲਾਈਜ਼ ਫ਼ੈਡਰੇਸ਼ਨ ਦੇ ਪ੍ਰਧਾਨ ਜਸਵੀਰ ਸਿੰਘ ਗਿੱਲ, ਸਕੱਤਰ ਵਿੱਕੀ ਬੋਹਤ, ਚੇਅਰਮੈਨ ਸਿਕੰਦਰ ਗੁੱਲੂ, ਚੀਫ਼ ਸਕੱਤਰ ਨਿਰੋਤਮ ਬੋਹਤ, ਕੈਸ਼ੀਅਰ ਜੋਗਿੰਦਰ ਸਿੰਘ ਭੁੱਲਰ, ਸਫ਼ਾਈ ਸੇਵਕ ਯੂਨੀਅਨ ਦੇ ਸਰਪ੍ਰਸਤ ਹਰਕਿਸ਼ਨ ਬੋਹਤ, ਸੁਰੇਸ਼ ਸੌਂਦਾ, ਸੀਨੀਅਰ ਵਾਈਸ ਪ੍ਰਧਾਨ ਸੁਰੇਸ਼ ਸੰਗੇਲੀਆ, ਅਨਿਲ ਚਾਂਵਰੀਆ, ਚੇਅਰਮੈਨ ਰਜਿੰਦਰ ਗੰਗੂ, ਵਾਈਸ ਪ੍ਰਧਾਨ ਸੰਦੀਪ ਸੰਗੇਲੀਆ, ਕੈਸ਼ੀਅਰ ਅਜੈ ਪਾਨਤਮੋਲੀ, ਦਫ਼ਤਰੀ ਸਕੱਤਰ ਅਸ਼ੋਕ ਪਾਨਤਮੋਲੀ, ਜੁਆਇੰਟ ਸਕੱਤਰ ਸੁਰੇਸ਼ ਰਾਜਪੂਤ, ਡਿਪਟੀ ਚੇਅਰਮੈਨ ਰਘੂਵੀਰ ਅਨਾਰਿਆ, ਸ਼ਿਵ ਚਾਂਵਰੀਆ, ਸੋਨੂੰ ਸਾਂਵਰੀਆ, ਅਜੈ ਚਾਂਵਰੀਆ, ਸੀਵਰੇਜ ਯੂਨੀਅਨ ਦੇ ਪ੍ਰਧਾਨ ਮੰਗਤ ਰਾਮ, ਬੇਲਦਾਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ, ਜਨਰਲ ਸਕੱਤਰ ਸਲਵਿੰਦਰ ਸਿੰਘ, ਫ਼ਾਇਰ ਬ੍ਰਿਗੇਡ ਯੂਨੀਅਨ ਦੇ ਪ੍ਰਧਾਨ ਜਗਤਾਰ ਸਿੰਘ, ਸਕੱਤਰ ਬੇਅੰਤ ਸਿੰਘ, ਸੰਯੁਕਤ ਆਫ਼ਿਸਰਜ਼/ਇੰਪਲਾਈਜ਼ ਐਸੋਸੀਏਸ਼ਨ ਦੇ ਪ੍ਰਧਾਨ ਰਵੀ ਚਾਂਵਰੀਆ, ਸਕੱਤਰ ਗੁਰਪ੍ਰੀਤ ਸਿੰਘ, ਸੀਨੀਅਰ ਆਗੂ ਸਤਪਾਲ ਅੰਜਾਨ, ਰਵੀ ਸਾਰਵਾਣ, ਸੁਰੇਸ਼ ਕਰੋਤੀਆ, ਰਾਜੂ ਖੈਰਾਲੀਆ ਆਦਿ ਮੁਲਾਜ਼ਮ ਸਾਥੀ ਸ਼ਾਮਲ ਹੋਏ।

# ਅੰਤਰਰਾਜੀ ਚੋਰ ਗਰੋਹ ਦਾ ਪਰਦਾ ਫਾਸ਼, 61 ਤੋਲੇ ਸੋਨਾ ਬਰਾਮਦ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਚੀਮਾ ਦੇ ਏਰੀਆ ਵਿੱਚ ਚੋਰੀ ਹੋਇਆ 61 ਤੋਲੇ ਸੋਨਾ ਬ੍ਰਾਮਦ ਕਰਕੇ ਇੱਕ ਮੁਲਜ਼ਮ ਔਰਤ ਨੂੰ ਕਾਬੂ ਕੀਤਾ ਗਿਆ।



ਇਸ ਸਬੰਧੀ ਐੱਸ.ਐੱਸ.ਪੀ. ਸ੍ਰੀ ਸਰਤਾਜ ਸਿੰਘ ਚਾਹਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 02.08.2025 ਦੀ ਦੇਰ ਰਾਤ ਨੂੰ ਨਾਮਾਲੂਮ ਵਿਅਕਤੀਆਂ ਵੱਲੋਂ ਘਰ ਨੂੰ ਨਿਸ਼ਾਨਾ ਬਣਾ ਕੇ ਘਰ ਵਿੱਚੋਂ ਸੋਨੇ ਦੇ ਗਹਿਣੇ, ਚਾਂਦੀ, ਕੁਝ ਰੁਪਏ ਨਗਦ ਤੇ ਵਿਦੇਸ਼ੀ ਕਰੰਸੀ ਚੋਰੀ ਕਰ ਲਏ ਸਨ, ਜਿਸ ਉਤੇ ਮੁਕੱਦਮਾ ਨੰਬਰ 89 ਮਿਤੀ 03.08.2025 ਅ/ਧ 331(4),305 ਬੀ.ਐੱਨ.ਐੱਸ. ਥਾਣਾ ਚੀਮਾ ਬਰਬਿਆਨ ਚੂਹੜ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਗੁੱਜਰ ਮੱਲ ਪੱਤੀ, ਨਮੋਲ ਬਰਖਿਲਾਫ ਨਾਮਲੂਮ ਵਿਅਕਤੀਆਂ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

ਸ੍ਰੀ ਦਵਿੰਦਰ ਅੱਤਰੀ ਕਪਤਾਨ ਪੁਲਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਨਿਗਰਾਨੀ ਹੇਠ ਸ੍ਰੀ ਦਲਜੀਤ ਸਿੰਘ ਵਿਰਕ, ਉੱਪ ਕਪਤਾਨ ਪੁਲਸ (ਡਿਟੈਕਟਿਵ) ਸੰਗਰੂਰ ਦੀ ਅਗਵਾਈ ਹੇਠ ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ.ਆਈ.ਏ. ਬਹਾਦਰ ਸਿੰਘ ਵਾਲਾ ਸਮੇਤ ਪੁਲਸ ਪਾਰਟੀ ਵੱਲੋਂ ਟੈਕਨੀਕਲ ਢੰਗ ਨਾਲ ਤਫਤੀਸ਼ ਅਮਲ ਵਿੱਚ ਲਿਆਉਂਦੇ ਹੋਏ ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ ਮੁਕੱਦਮਾ ਨੂੰ ਟਰੇਸ ਕਰਕੇ ਦੋਸ਼ੀਆਂ ਗੀਟਾ ਰਾਣੀ ਪਤਨੀ ਹਰਬੰਸ ਸਿੰਘ ਵਾਸੀ ਅੰਦਰਲਾ ਵਿਹੜਾ, ਇੰਦਰਾ ਬਸਤੀ ਸੁਨਾਮ, ਜੱਸੀ ਪੁੱਤਰ ਹਰਬੰਸ ਸਿੰਘ ਵਾਸੀ ਅੰਦਰਲਾ ਵਿਹੜਾ, ਇੰਦਰਾ ਬਸਤੀ ਸੁਨਾਮ ਤੇ ਸੰਦੀਪ ਪੁੱਤਰ ਸੂਬਾ ਵਾਸੀ ਗਨੇਸ਼ ਕਲੌਨੀ, ਹੰਸੀ ਹਰਿਆਣਾ ਨੂੰ ਨਾਮਜ਼ਦ ਕਰਕੇ ਮੁਲਜ਼ਮ ਗੀਟਾ ਰਾਣੀ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 61 ਤੋਲੇ ਸੋਨਾ ਬ੍ਰਾਮਦ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਮਾਮਲੇ ਦੀ ਤਫਤੀਸ਼ ਜਾਰੀ ਹੈ, ਹੋਰ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਬੀੜ ਭਮਾਰਸੀ 'ਚ 91 ਲੱਖ ਦੀ ਲਾਗਤ ਨਾਲ ਬਣਨ ਵਾਲੀ ਟੈਂਕੀ ਦਾ ਨੀਂਹ ਪੱਥਰ ਰੱਖਿਆ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਪਿੰਡ ਬੀੜ ਭਮਾਰਸੀ ਵਿਖੇ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਕਰੀਬ 91 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਟੈਂਕੀ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਤੋਂ ਇਲਾਵਾ ਇੱਕ ਕੱਚੇ ਰਸਤੇ ਨੂੰ 6 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕ ਟਾਇਲਾਂ ਦੇ ਨਾਲ ਪੱਕਾ ਕੀਤਾ ਗਿਆ।ਇਹ ਕਾਰਜ ਸ਼ੁਰੂ ਹੋਣ ਦੇ ਨਾਲ ਜਿੱਥੇ ਵਿਧਾਇਕ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਉਥੇ ਪਿੰਡ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ, ਕਿਉਂਕਿ ਲੰਮੇ ਅਰਸੇ ਉਪਰੰਤ ਹੀ ਪਿੰਡ ਦੇ ਵਿੱਚ ਵਿਕਾਸ ਕਾਰਜ ਸ਼ੁਰੂ ਹੋਏ ਹਨ।ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਸੂਬੇ ਦੇ ਅੰਦਰ ਨੈਗਟਿਵਿਟੀ ਫੈਲਾਉਣ ਵਾਲੇ ਜ਼ਿਆਦਾ ਹਨ।ਸਰਕਾਰ ਵੱਲੋਂ ਕੀਤੇ ਗਏ ਕੰਮਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਤਿੰਨ ਸਾਲਾਂ ਦੇ ਕਾਰਜ ਕਾਲ ਦੇ ਵਿੱਚ ਉਹ ਕਾਰਜ ਹੋਏ ਹਨ, ਜੋ ਪਿਛਲੀਆਂ ਸਰਕਾਰਾਂ 10-10 ਸਾਲਾਂ ਦੇ ਵਿੱਚ ਵੀ ਨਹੀਂ ਕਰ ਸਕੀਆਂ।ਉਨ੍ਹਾਂ ਕਿਹਾ ਕਿ 1985 ਤੋਂ ਪਹਿਲਾਂ ਸੂਬਾ ਸਰਪਲੱਸ ਸੀ, ਪ੍ਰੰਤੂ ਜਦੋਂ ਤੋਂ ਅਕਾਲੀ ਤੇ ਕਾਂਗਰਸ ਨੇ ਵਾਰੀ ਬੰਨੀ ਹੈ, ਉਦੋਂ ਤੋਂ ਸੂਬੇ ਨੂੰ ਕਰਜ਼ਈ ਕਰਕੇ ਰੱਖ ਦਿੱਤਾ ਗਿਆ। ਪਿਛਲੀਆਂ ਸਰਕਾਰਾਂ ਵੱਲੋਂ ਲਏ ਕਰਜ਼ੇ ਨੂੰ ਉਤਾਰਨ ਦੇ ਲਈ ਹੀ ਬਹੁਤ ਸਾਰੀ ਆਮਦਨ ਲੱਗ ਰਹੀ ਹੈ, ਪ੍ਰੰਤੂ ਫਿਰ ਵੀ ਮਾਨ ਸਰਕਾਰ ਵੱਲੋਂ ਕਦੇ ਇਹ ਨਹੀਂ ਕਿਹਾ ਗਿਆ ਕਿ ਖਜ਼ਾਨਾ ਖਾਲੀ ਹੈ, ਸਗੋਂ ਅੱਗੇ ਵਧ ਕੇ ਵਿਕਾਸ ਕਾਰਜਾਂ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਰਹਿਣਗੇ, ਵਿਕਾਸ ਪੱਖੋਂ ਪਿੰਡ ਦੀ ਨੁਹਾਰ ਬਦਲੀ ਜਾਵੇਗੀ।

ਸਰਪੰਚ ਬਲਕਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਪੀਣ ਵਾਲੇ ਪਾਣੀ ਲਈ ਟੈਂਕੀ ਦੇ ਲਈ ਥਾਂ ਪਿਛਲੇ 25-30 ਸਾਲਾਂ ਤੋਂ ਛੱਡਿਆ ਹੋਇਆ ਹੈ, ਪ੍ਰੰਤੂ ਕਿਸੇ ਵੀ ਸਰਕਾਰ ਵੱਲੋਂ ਇਸ ਨੂੰ ਸਿਰੇ ਨਹੀਂ ਚੜ੍ਹਾਇਆ ਗਿਆ।ਉਨ੍ਹਾਂ ਕਿਹਾ ਕਿ ਉਹ ਵਿਧਾਇਕ ਲਖਬੀਰ ਸਿੰਘ ਰਾਏ ਦੇ ਧੰਨਵਾਦੀ ਹਨ, ਜਿਨ੍ਹਾਂ ਦੇ ਯੋਗ ਯਤਨਾਂ ਸਦਕਾ ਪਾਣੀ ਵਾਲੀ ਟੈਂਕੀ ਦਾ ਨੀਂਹ ਪੱਥਰ ਰੱਖਿਆ ਗਿਆ ਹੈ, ਜਦੋਂ ਇਹ ਬਣ ਕੇ ਤਿਆਰ ਹੋ ਜਾਵੇਗੀ ਤਾਂ ਪਿੰਡ ਵਾਸੀਆਂ ਨੂੰ ਸਾਫ ਸੁਥਰਾ ਤੇ ਸ਼ੁੱਧ ਪਾਣੀ ਮਿਲੇਗਾ।ਇਸ ਮੌਕੇ ਗ੍ਰਾਮ ਪੰਚਾਇਤ ਬੀੜ ਭਮਾਰਸੀ ਵੱਲੋਂ ਵਿਧਾਇਕ ਲਖਬੀਰ ਸਿੰਘ ਰਾਏ ਤੇ ਆਏ ਮਹਿਮਾਨਾਂ ਦਾ ਸਿਰੋਪਾਓ ਦੇ ਨਾਲ ਸਨਮਾਨ ਕੀਤਾ ਗਿਆ।

# ਕੰਬੋਜ ਮਹਾਂ ਸਭਾ ਵੱਲੋਂ ਹਲਕਾ ਸਨੌਰ ਦੇ ਇੰਚਾਰਜ ਰਣਯੋਧ ਹਡਾਣਾ ਸਨਮਾਨਤ



**ਦੇਵੀਗੜ੍ਹ/ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**
ਵਿਧਾਨ ਸਭਾ ਹਲਕਾ ਸਨੌਰ ਤੋਂ ਪੀਆਰਟੀਸੀ ਦੇ ਚੈਅਰਮੈਨ ਰਣਯੋਧ ਸਿੰਘ ਹਡਾਣਾ ਆਮ ਆਦਮੀ ਪਾਰਟੀ ਵੱਲੋਂ ਹਲਕਾ ਸਨੌਰ ਦਾ ਇੰਚਾਰਜ ਲਾਉਣ 'ਤੇ ਹਲਕੇ ਅੰਦਰ ਖ਼ੁਸ਼ੀ ਦਾ ਮਹੌਲ ਪਾਇਆ ਜਾ ਰਿਹਾ ਹੈ। ਹਡਾਣਾ ਦੇ ਇੰਚਾਰਜ ਲੱਗਣ ਦੀ ਖ਼ੁਸ਼ੀ 'ਚ ਕੰਬੋਜ ਮਹਾਂ ਸਭਾ ਬਲਾਕ ਭੁੱਨਰਹੇੜੀ ਦੇ ਸਮੂਹ ਆਗੂਆਂ ਤੇ ਮੈਂਬਰਾਂ ਵੱਲੋਂ ਹਡਾਣਾ ਨੂੰ ਸਭਾ ਦੇ ਪ੍ਰਧਾਨ ਸਵਿੰਦਰ ਸਿੰਘ ਧੰਜੂ ਦੀ ਅਗਵਾਈ ਹੇਠ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਹਡਾਣਾ ਨੇ ਆਏ ਹੋਏ ਸਮੂਹ ਕੰਬੋਜ ਮਹਾਂਸਭਾ ਦੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਵੀ ਹਲਕੇ ਦੇ ਵਿਕਾਸ ਵਿੱਚ ਉਨ੍ਹਾਂ ਦਾ ਸਾਥ ਦੇਣ ਤਾਂ ਜੁ ਹਲਕਾ ਸਨੌਰ ਦੇ ਅਧੂਰੇ ਪਏ ਵਿਕਾਸ ਦੇ ਕੰਮਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾ ਸਕੇ।ਹਡਾਣਾ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪਾਰਟੀ ਪ੍ਰਧਾਨ ਪੰਜਾਬ ਅਮਨ ਅਰੋੜਾ ਵੱਲੋਂ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਤੇ ਹਲਕੇ ਦੇ ਵਿਕਾਸ ਵਿੱਚ ਅਹਿਮ ਰੋਲ ਅਦਾ ਕਰਨਗੇ। ਪ੍ਰਿਤਪਾਲ ਸਿੰਘ ਧਾਂਦੀਆਂ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਬਲਵੰਤ ਸਿੰਘ ਜੋਸਨ, ਹਰਲਾਲ ਸਿੰਘ, ਮੋਹਣ ਸਿੰਘ ਪ੍ਰਧਾਨ, ਗੋਲਡੀ ਸਰਪੰਚ, ਗੁਰਮੇਜ ਸਿੰਘ ਭੁੱਨਰਹੇੜੀ, ਮਲਕੀਤ ਸਿੰਘ ਜਲਾਹਖੇੜੀ, ਗੁਰਜੀਤ ਸਿੰਘ ਕੱਟਕੇਹੜੀ, ਪਰਮਿੰਦਰ ਸਿੰਘ ਜੱਜ ਪਟਿਆਲਾ ਤੇ ਹੋਰ ਵੀ ਸਭਾ ਦੇ ਮੈਂਬਰਾਂ ਵੱਲੋਂ ਆਮ ਆਦਮੀ ਪਾਰਟੀ ਵੱਲੋਂ ਕੰਬੋਜ ਭਾਈਚਾਰੇ ਨੂੰ ਸਰਕਾਰ ਅਤੇ ਪਾਰਟੀ 'ਚ ਦਿੱਤੀ ਨੁਮਾਇੰਦਗੀ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਹਦਾਣਾ ਨੂੰ ਪੂਰਨ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਾ ਕੇ ਹਲਕਾ ਸਨੌਰ ਦੇ ਵਿਕਾਸ ਵਿੱਚ ਉਨ੍ਹਾਂ ਨਾਲ ਖੜੇ ਹਨ।

# ਪਰਜਾਪਤ ਸਮਾਜ ਸੇਵਾ ਸੁਸਾਇਟੀ ਵੱਲੋਂ ਨਵੀਂਆਂ ਨਿਯੁਕਤੀਆਂ

**ਰਾਜੂ ਦਲੀਪ ਕੁਮਾਰ ਜ਼ਿਲ੍ਹਾ ਮੀਡੀਆ ਇੰਚਾਰਜ ਤੇ ਵਿੱਕੀ ਵਰਮਾ ਉਪ ਯੂਥ ਪ੍ਰਧਾਨ ਨਿਯੁਕਤ**



**ਕੋਟਕਪੂਰਾ (ਰਛਪਾਲ ਭੁੱਲਰ)**
ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਦੀ ਜ਼ਰੂਰੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਜੈ ਚੰਦ ਬੇਂਵਾਲ, ਚੌਧਰੀ ਹੰਸ ਰਾਜ ਤੇ ਯੂਥ ਪ੍ਰਧਾਨ ਹਰਵਿੰਦਰ ਪਾਲ ਹਨੀ ਦੀ ਅਗਵਾਈ ਹੇਠ ਹੋਈ, ਜਿਸ ਦਾ ਆਗਾਜ਼ ਐਡਵੋਕੇਟ ਅਜੀਤ ਵਰਮਾ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਕੀਤਾ।ਮੀਟਿੰਗ ਵਿੱਚ ਸੀਨੀਅਰ ਮੈਂਬਰ ਓਮ ਪ੍ਰਕਾਸ਼ ਰੋਡਵੇਜ਼ ਵਾਲੇ, ਮੁਰਾਰੀ ਲਾਲ, ਧਰਮਵੀਰ ਭਾਰਤੀ, ਰੋਸ਼ਨ ਲਾਲ ਕਾਲਾ, ਮਿੰਟੂ ਪ੍ਰਜਾਪਤੀ, ਅਸ਼ੋਕ ਕੁਮਾਰ, ਵਿਜੈ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਐਡਵੋਕੇਟ ਅਜੀਤ ਵਰਮਾ ਨੇ ਦੱਸਿਆ ਕਿ ਮੀਟਿੰਗ ਵਿੱਚ ਸਰਬਸੰਮਤੀ ਸਹਿਮਤੀ ਨਾਲ ਸਮਾਜ ਦੇ ਸੀਨੀਅਰ ਮੈਂਬਰ ਰਾਜ ਕੁਮਾਰ ਰਾਜੂ ਪੱਤਰਕਾਰ ਤੇ ਟੀ.ਵੀ. ਰਿਪੋਰਟਰ ਦਲੀਪ ਕੁਮਾਰ ਨੂੰ ਸੁਸਾਇਟੀ ਦਾ ਜ਼ਿਲ੍ਹਾ ਮੀਡੀਆ ਇੰਚਾਰਜ ਲਾਇਆ ਗਿਆ।ਯੂਥ ਪ੍ਰਧਾਨ ਹਰਵਿੰਦਰ ਪਾਲ ਵੱਲੋਂ ਆਪਣੀ ਟੀਮ ਵਿੱਚ ਵਾਧਾ ਕਰਦੇ ਹੋਏ ਨੌਜਵਾਨ ਵਿੱਕੀ ਵਰਮਾ ਨੂੰ ਯੂਥ ਉਪ ਪ੍ਰਧਾਨ ਐਲਾਨਿਆ ਗਿਆ।ਯੁਵਾ ਟੀਮ ਵੱਲੋਂ ਰਮਨ ਕੁਮਾਰ, ਅਭੀ ਕੁਮਾਰ, ਵਿਕੀ ਕੁਮਾਰ, ਟਿੰਕੂ ਕੁਮਾਰ, ਅਜੂ, ਗੌਰੀ ਸ਼ੰਕਰ ਤੇ ਹੋਰ ਯੁਵਾ ਮੈਂਬਰ ਹਾਜ਼ਰ ਸਨ।ਯੁਵਾ ਲੀਡਰ ਤੇਜਿੰਦਰ ਪਾਲ ਵੱਲੋਂ ਸਾਰੇ ਨਵੇ ਅਹੁਦੇਦਾਰਾਂ ਨੂੰ ਹਾਰ ਪਾ ਕੇ ਸਨਮਾਨਤ ਕਰਕੇ ਵਧਾਈਆਂ ਦਿੱਤੀਆਂ ਗਈਆਂ।

ਪ੍ਰਧਾਨ ਜੈ ਚੰਦ ਬੇਂਵਾਲ, ਚੌਧਰੀ ਹੰਸ ਰਾਜ, ਯੂਥ ਪ੍ਰਧਾਨ ਹਰਵਿੰਦਰ ਪਾਲ ਹਨੀ ਅਤੇ ਐਡਵੋਕੇਟ ਅਜੀਤ ਵਰਮਾ ਨੇ ਦੱਸਿਆ ਕਿ ਸੁਸਾਇਟੀ ਵਿੱਚ ਦਿਨੋ-ਦਿਨ ਨਵੇਂ ਮੈਂਬਰ ਜੁੜ ਰਹੇ ਹਨ ਤੇ ਇਨ੍ਹਾਂ ਸਾਰਿਆਂ ਦੇ ਸਾਥ ਨਾਲ ਸਮਾਜ ਭਲਾਈ ਦੇ ਕੰਮ ਕਰਨ ਵਿੱਚ ਹੋਰ ਮੱਦਦ ਮਿਲੇਗੀ।ਉਹਨਾਂ ਦੱਸਿਆ ਕਿ ਸੁਸਾਇਟੀ ਦਾ ਮੁੱਖ ਮਕਸਦ ਆਪਣੇ ਸਮਾਜ ਨੂੰ ਆ ਰਹੀਆਂ ਮੁਸ਼ਕਲਾਂ, ਪ੍ਰੇਸ਼ਾਨੀਆਂ ਤੇ ਚੁਣੌਤੀਆਂ ਨੂੰ ਦੂਰ ਕਰਨਾ ਹੈ।

ਨਵ-ਨਿਯੁਕਤ ਸੀਨੀਅਰ ਮੈਂਬਰ ਰਾਜ ਕੁਮਾਰ ਰਾਜੂ ਪੱਤਰਕਾਰ ਤੇ ਟੀ.ਵੀ. ਰਿਪੋਰਟਰ ਦਲੀਪ ਕੁਮਾਰ ਜ਼ਿਲ੍ਹਾ ਮੀਡੀਆ ਇੰਚਾਰਜ ਨੇ ਆਖਿਆ ਕਿ ਉਹ ਪ੍ਰਜਾਪਤ ਸਮਾਜ ਨੂੰ ਆ ਰਹੀਆਂ ਮੁਸ਼ਕਿਲਾਂ ਤੇ ਸਮੱਸਿਆਵਾਂ ਦੇ ਹੱਲ ਲਈ ਸਰਕਾਰੇ ਦਰਬਾਰੇ ਪੁਚਾਉਣ ਲਈ ਲਗਾਤਾਰ ਯਤਨਸ਼ੀਲ ਹਨ।ਉਨ੍ਹਾਂ ਕਿਹਾ ਕਿ ਇਸ ਨਵੀਂ ਨਿਯੁਕਤੀ ਨੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿੱਚ ਹੋਰ ਵਾਧਾ ਕਰ ਦਿੱਤਾ ਹੈ ਤੇ ਉਹ ਪਹਿਲਾਂ ਨਾਲੋਂ ਸਮਾਜ ਦੀਆਂ ਮੰਗਾਂ ਸਰਕਾਰ ਅਤੇ ਪ੍ਰਸ਼ਾਸ਼ਨ ਤੱਕ ਪੁਚਾਉਣ ਲਈ ਕੰਮ ਕਰਨਗੇ।

# ਜਾਗਰੂਕਤਾ ਵੈਨ ਪਿੰਡ-ਪਿੰਡ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਕਿਸਾਨਾਂ ਨੂੰ ਕਰੇਗੀ ਪ੍ਰੇਰਿਤ : ਕੰਵਰਜੀਤ ਸਿੰਘ ਮਾਨ



**ਜਲਾਲਾਬਾਦ (ਜੀਤ ਕੁਮਾਰ)**-ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਤਿਆਰ ਕੀਤੀ ਜਾਗਰੂਕਤਾ ਵੈਨ ਨੂੰ ਐਸ.ਡੀ.ਐਮ. ਜਲਾਲਾਬਾਦ ਕੰਵਰਜੀਤ ਸਿੰਘ ਮਾਨ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹ ਜਾਗਰੂਕਤਾ ਵੈਨ ਬਲਾਕ ਅਧੀਨ ਆਉਂਦੇ ਪਿੰਡਾਂ ਵਿਚ ਪ੍ਰਚਾਰ ਕਰੇਗੀ ਅਤੇ ਪਰਾਲੀ ਸਾੜਨ ਦੇ ਰੁਝਾਨ ਨੂੰ ਖਤਮ ਕਰਨ ਲਈ ਕਿਸਾਨਾਂ ਅੰਦਰ ਜਾਗਰੂਕਤਾ ਪੈਦਾ ਕਰੇਗੀ। ਐਸ.ਡੀ.ਐਮ. ਨੇ ਕਿਹਾ ਕਿ ਜਾਗਰੂਕਤਾ ਵੈਨਾ ਚਲਾਉਣ ਦਾ ਮਕਸਦ ਕਿਸਾਨ ਅੰਦਰ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨਾ ਹੈ ਤਾਂ ਜੋ ਕਿਸਾਨ ਪਰਾਲੀ ਨੂੰ ਅੱਗ ਨਾ ਲਗਾ ਕੇ ਜ਼ਮੀਨ ਵਿਚ ਹੀ ਜਜ਼ਬ ਕਰਨ ਅਤੇ ਵਾਤਾਵਰਣ ਨੂੰ ਬਚਾਉਣ ਵਿਚ ਆਪਣਾ ਯੋਗਦਾਨ ਪਾ ਸਕਣ। ਉਨ੍ਹਾਂ ਕਿਹਾ ਕਿ ਜਾਗਰੂਕਤਾ ਵੈਨ ਵਿਚ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਆਡੀਓ ਸੰਦੇਸ਼ ਤਿਆਰ ਕੀਤਾ ਗਿਆ ਜੋ ਕਿ ਚੱਲਦਾ ਰਹੇਗਾ ਅਤੇ ਵੈਨ ਚਲਦੇ ਹੋਏ ਇਹ ਸੰਦੇਸ਼ ਕਿਸਾਨਾਂ ਤੱਕ ਪਹੁੰਚਾਏਗੀ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਦੀ ਸੰਭਾਲ ਕੀਤੀ ਜਾਵੇ ਅਤੇ ਵਿਭਾਗ ਵੱਲੋਂ ਮੁਹੱਈਆ ਕਰਵਾਏ ਜਾ ਰਹੇ ਖੇਤੀਬਾੜੀ ਸੰਦਾਂ ਰਾਹੀਂ ਇਸ ਨੂੰ ਜ਼ਮੀਨ ਵਿਚ ਵਹਾਇਆ ਜਾਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਰਾਲੀ ਨੂੰ ਅੱਗ ਨਾ ਲਗਾ ਕੇ ਵਾਤਾਵਰਣ ਪ੍ਰੇਮੀ ਬਣਨ ਤੇ ਆਪਣੀ ਆਉਣ ਵਾਲੀ ਪੀੜ੍ਹੀ ਲਈ ਸ਼ੁੱਧ ਵਾਤਾਵਰਣ ਮੁਹੱਈਆ ਕਰਵਾਉਣ।

## ਮਾਮਲਾ ਪੱਤਰਕਾਰ ਭਾਰਤ ਭੂਸ਼ਣ ਖ਼ਿਲਾਫ਼ ਕੇਸ ਦਰਜ ਕਰਨ ਦਾ

# ਬਠਿੰਡਾ ਪ੍ਰੈੱਸ ਕਲੱਬ ਦੇ ਵਫ਼ਦ ਵੱਲੋਂ ਡੀ ਸੀ ਨੂੰ 48 ਘੰਟੇ ਦਾ ਅਲਟੀਮੇਟਮ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਠਿੰਡਾ ਤੋਂ ਪੱਤਰਕਾਰ ਭਾਰਤ ਭੂਸ਼ਣ ਮਿੱਤਲ ਖਿਲਾਫ ਦਰਜ ਮਾਮਲੇ ਰੱਦ ਕਰਨ ਦੀ ਮੰਗ ਨੂੰ ਲੈ ਕੇ ਬਠਿੰਡਾ ਪ੍ਰੈੱਸ ਕਲੱਬ ਦਾ ਵਫਦ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੂੰ ਮਿਲਿਆ।ਵਫ਼ਦ ਨੇ ਜਿੱਥੇ ਪੱਤਰਕਾਰ ਖਿਲਾਫ ਦਰਜ ਕੀਤਾ ਝੂਠਾ ਕੇਸ ਰੱਦ ਕਰਨ ਦੀ ਮੰਗ ਕੀਤੀ, ਉਥੇ ਚਿਤਾਵਨੀ ਦਿੱਤੀ ਕਿ ਜੇਕਰ 48 ਘੰਟਿਆਂ ਦੇ ਅੰਦਰ ਅੰਦਰ ਕੇਸ ਰੱਦਨਾ ਕੀਤਾ ਗਿਆ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।ਪ੍ਰੈੱਸ ਕਲੱਬ ਦੇਪ੍ਰਧਾਨ ਬਖਤੌਰ ਸਿੰਘ ਢਿੱਲੋਂ, ਸੀਨੀਅਰ ਮੀਤ ਪ੍ਰਧਾਨ ਸੁਖਮੀਤ ਸਿੰਘਭਸੀਨ, ਜਨਰਲ ਸਕੱਤਰ ਸਵਰਨ ਸਿੰਘ ਦਾਨੇਵਾਲੀਆ, ਸੰਯੁਕਤ ਸਕੱਤਰਬਿਕਰਮ ਬਿੰਨੀ, ਐਡੀਸ਼ਨਲ ਸੈਕਟਰੀ ਕੁਲਬੀਰ ਬੀਰਾ ਨੇ ਡਿਪਟੀਕਮਿਸ਼ਨਰ ਨੂੰ ਜਾਣੂ ਕਰਵਾਇਆ ਕਿ ਅਮਰ ਉਜਾਲਾ ਦੇ ਪੱਤਰਕਾਰ ਭਾਰਤਭੂਸ਼ਣ ਮਿੱਤਲ ਨੇ ਗੋਡਿਆਂ ਦੀ ਸਰਜਰੀ ਦੇ ਹੋਏ ਵੱਡੇ ਘੁਟਾਲੇ ਸਬੰਧੀ ਇੱਕ ਆਰ ਟੀ ਆਈ ਪਾ ਕੇ ਜਾਣਕਾਰੀ ਮੰਗੀ ਸੀ, ਪਰ ਸਿਹਤ ਵਿਭਾਗ ਦੇ ਅਧਿਕਾਰੀ ਲਗਾਤਾਰ ਆਰ ਟੀ ਆਈ ਦੇਣ ਤੋਂ ਆਨਾਕਾਨੀ ਕਰ ਰਹੇ ਸਨ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਸਿਵਲ ਹਸਪਤਾਲ ਦੀ ਐੱਸ ਐੱਮ ਓਡਾਕਟਰ ਸੋਨੀਆ ਗੁਪਤਾ ਦੇ ਦਫਤਰ ਵੱਲੋਂ ਭਾਰਤ ਭੂਸ਼ਣ ਨੂੰ ਆਰ ਟੀ ਆਈ ਦੇ ਖਰਚੇ ਬਦਲੇ 10,000 ਜਮ੍ਹਾਂ ਕਰਵਾਉਣ ਲਈ ਕਿਹਾ।ਇਸ ਤੋਂ ਪਹਿਲਾਂ ਆਰ ਟੀ ਆਈ ਤਹਿਤ ਜਾਣਕਾਰੀ ਲੈਣ ਲਈ ਰਿਕਾਰਡ ਚੈੱਕ ਕਰਨ ਖਾਤਰ ਪੱਤਰਕਾਰ ਤੋਂ ਪੈਸੇ ਜਮ੍ਹਾਂ ਕਰਵਾਏ ਗਏ।ਉਨ੍ਹਾਂ ਮਸਲਾ ਉਠਾਇਆ ਕਿ ਜਦੋਂ ਆਰ ਟੀ ਆਈ ਤਿਆਰ ਹੀ ਨਹੀਂ ਕੀਤੀ ਗਈ ਸੀ ਤਾਂ ਫਿਰ ਪੈਸੇ ਕਿਸ ਗੱਲ ਤੋਂ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ, ਜਿਹੜਾ ਕਿ ਇਸ ਮਾਮਲੇ ਵਿੱਚ ਵੱਡਾ ਸ਼ੱਕ ਪੈਦਾ ਕਰਦਾ ਹੈ।ਹਾਲਾਂਕਿ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਉਮੀਦ ਸੀ ਕਿ ਪੱਤਰਕਾਰ ਇੰਨ੍ਹੇ ਪੈਸੇ ਜਮ੍ਹਾਂ ਨਹੀਂ ਕਰਵਾ ਸਕੇਗਾ।ਗੋਡਿਆਂ ਦੀ ਸਰਜਰੀ ਵਿੱਚ ਹੋਏ ਘੁਟਾਲੇ ਸਬੰਧੀ ਪੱਤਰਕਾਰ ਭਾਰਤ ਭੂਸ਼ਨ ਵੱਲੋਂ ਆਪਣੇ ਅਖਬਾਰ ਅਮਰ ਉਜਾਲਾ ਵਿੱਚ ਖਬਰ ਵੀ ਪ੍ਰਕਾਸ਼ਤ ਕੀਤੀ ਗਈ ਸੀ, ਜਿਸ ਵਿੱਚ ਬਕਾਇਦਾ ਐੱਸ ਐੱਮ ਓ ਸੋਨੀਆ ਗੁਪਤਾ ਦਾ ਪੱਖ ਵੀ ਪਾਇਆ ਗਿਆ ਸੀ।ਉਨ੍ਹਾਂ ਡਿਪਟੀ ਕਮਿਸ਼ਨਰ ਬਠਿੰਡਾ ਰਾਜੇਸ਼ ਧੀਮਾਨ ਤੋਂ ਮੰਗ ਕੀਤੀ ਹੈ ਕਿ ਪੱਤਰਕਾਰ ਖਿਲਾਫ ਦਰਜ ਕੀਤਾ ਝੂਠਾ ਕੇਸ ਤੁਰੰਤ ਰੱਦ ਕੀਤਾ ਜਾਵੇ।ਉਨ੍ਹਾਂ ਅਲਟੀਮੇਟਮ ਦਿੱਤਾ ਕਿ ਜੇਕਰ 48 ਘੰਟਿਆਂ ਅੰਦਰ ਦਰਜ ਕੀਤਾ ਕੇਸ ਵਾਪਸ ਨਾ ਲਿਆ ਗਿਆ ਤਾਂ ਪੱਤਰਕਾਰ ਭਾਈਚਾਰਾ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗਾ।ਇਸ ਮੌਕੇ ਵੱਡੀ ਗਿਣਤੀ ਵਿੱਚ ਪੱਤਰਕਾਰ ਭਾਈਚਾਰਾ ਹਾਜ਼ਰ ਰਿਹਾ।ਡਿਪਟੀ ਕਮਿਸ਼ਨਰ ਨੂੰ ਮਿਲਣ ਤੋਂ ਪਹਿਲਾਂ ਪ੍ਰੈੱਸ ਕਲੱਬ ਵਿੱਚ ਇਕ ਹੰਗਾਮੀ ਮੀਟਿੰਗ ਪ੍ਰਧਾਨ ਬਖਤੌਰ ਢਿੱਲੋਂ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ 48 ਘੰਟਿਆਂ ਦਾ ਅਲਟੀਮੇਟਮ ਦਿੰਦਿਆਂ ਤੁਰੰਤ ਇਸ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।ਦੂਜੇ ਪਾਸੇ ਪ੍ਰੈੱਸ ਕਲੱਬ ਅੱਗੇ ਸਵੇਰੇ ਹੀ ਐੱਸ ਐੱਚ ਓ ਕੋਤਵਾਲੀ ਦੀ ਅਗਵਾਈ ਹੇਠ ਵੱਡੀ ਗਿਣਤੀ ਪੁਲਸ ਫੋਰਸ ਲਗਾ ਦਿੱਤੀ ਗਈ, ਪਰ ਜਦੋਂ ਪੱਤਰਕਾਰਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਪੁਲਸ ਉਥੋਂ ਚਲੀ ਗਈ।

# ਜੱਗਾ ਸਿੰਘ ਬਾਬੇ ਕਾ ਨੂੰ ਸਰਕਲ ਪ੍ਰਧਾਨ ਚੁਣਿਆ ਗਿਆ



**ਭੀਖੀ (ਗੁਰਿੰਦਰ ਸਿੰਘ ਔਲਖ)**-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਸਰਕਲ ਭੀਖੀ ਦੇ ਜਥੇਦਾਰ (ਸਰਕਲ ਪ੍ਰਧਾਨ) ਦੀ ਚੋਣ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਚੋਣ ਅਬਜ਼ਰਵਰ ਗਗਨਜੀਤ ਸਿੰਘ ਬਰਨਾਲਾ, ਜ: ਹਰਦੇਵ ਸਿੰਘ ਰੋਗਲਾ ਮੈਂਬਰ ਤੇ ਜ: ਰਾਮਪਾਲ ਸਿੰਘ ਬੈਹਣੀਵਾਲ ਮੈਂਬਰ ਧਰਮ ਪ੍ਰਚਾਰ ਦੀ ਪ੍ਰਧਾਨਗੀ ਹੇਠ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਜ: ਜਗਸੀਰ ਸਿੰਘ ਢਿੱਲੋਂ (ਜੱਗਾ ਬਾਬੇ ਕਾ) ਨੂੰ ਸਰਬਸੰਮਤੀ ਨਾਲ ਸਰਕਲ ਜਥੇਦਾਰ (ਸਰਕਲ ਪ੍ਰਧਾਨ) ਚੁਣਿਆ ਗਿਆ।ਇਸ ਸਮੇਂ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ, ਮਨਜੀਤ ਸਿੰਘ ਬੱਪੀਆਣਾ, ਮਾ. ਮਿੱਠੂ ਸਿੰਘ ਕਾਹਨੇਕੇ, ਦਰਸ਼ਨ ਸਿੰਘ ਝੰਡੇਲ, ਜ. ਪਰਮਜੀਤ ਸਿੰਘ ਭੀਖੀ, ਜ. ਹਰਦੇਵ ਸਿੰਘ ਬਾਦਲ ਫਫੜੇ ਭਾਈਕੇ, ਜ:ਹਿਤ ਸਿੰਘ ਅਤਲਾ, ਮੇਜਰ ਸਿੰਘ ਹੀਰੋ ਕਲਾਂ, ਜ: ਜਗਸੀਰ ਸਿੰਘ ਲੀਲਾ ਮਿਰਗ, ਨੰਬਰਦਾਰ ਜਗਸੀਰ ਸਿੰਘ ਸਾਬਕਾ ਪ੍ਰਧਾਨ ਨਗਰ ਪੰਚਾਇਤ ਭੀਖੀ, ਭਾਈ ਸੁਰਿੰਦਰ ਸਿੰਘ ਹੀਰੋ, ਰਾਜ ਸਿੰਘ ਹੀਰੋ, ਸ਼ਿੰਦਰ ਸ਼ਰਮਾ ਤੇ ਸਮੂਹ ਡੈਲੀਗੇਟ ਸਰਕਲ ਭੀਖੀ ਹਾਜ਼ਰ ਸਨ।


**Capital Small Finance Bank**

**Capital Small Finance Bank Limited**

**H.O: MIDAS Corporate Park, 3rd Floor, 37 G.T. Road, JALANDHAR CITY**

**ਕਬਜ਼ਾ ਨੋਟਿਸ [ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8 (1) ਅਧੀਨ]**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 25.10.2024 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ 1. ਸ੍ਰੀ ਜਸਵੀਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਰਾਜੇਵਾਲ, ਤਲਵੰਡੀ ਬੂਟੀਆਂ, ਜਲੰਧਰ, ਪੰਜਾਬ-144702 2. ਸ੍ਰੀ ਗੁਰਜੰਟ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਪਿੰਡ ਰਾਜੇਵਾਲ, ਡਾਕ. ਤਲਵੰਡੀ ਬੂਟੀਆਂ, ਜਲੰਧਰ, ਪੰਜਾਬ-144702 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਪਰਮਜੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਤਲਵੰਡੀ ਬੂਟੀਆਂ, ਜਲੰਧਰ, ਪੰਜਾਬ-144702 4. ਸ੍ਰੀਮਤੀ ਰਾਜਵਿੰਦਰ ਕੌਰ ਪਤਨੀ ਜਸਵੀਰ ਸਿੰਘ ਵਾਸੀ ਪਿੰਡ ਰਾਜੇਵਾਲ, ਡਾਕ. ਤਲਵੰਡੀ ਬੂਟੀਆਂ, ਜਲੰਧਰ, ਪੰਜਾਬ-144702 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਨੋਟਿਸ 'ਚ ਦਰਸਾਈ ਐੱਚ ਐੱਲ/073611000011 'ਚ ਬਕਾਇਆ ਰੁਪਏ 21,94,179.60 (ਇੱਕੀ ਲੱਖ ਚੌਰਾਨਵੇਂ ਹਜ਼ਾਰ ਇੱਕ ਸੌ ਉਨਾਸੀ ਰੁਪਏ ਅਤੇ ਸੱਠ ਪੈਸੇ ਕੇਵਲ) ਸਮੇਤ 01.10.2024 ਭਵਿਖੀ ਵਿਆਜ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਮਿਤੀ 30 ਸਤੰਬਰ 2025 ਨੂੰ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਮਿਤੀ ਤੋਂ (ਵਸੂਲੀ ਜੇਕਰ ਕੋਈ ਹੈ ਘਟਾ ਕੇ) ਐੱਚ ਐੱਲ/073611000011 'ਚ ਬਕਾਇਆ ਰੁਪਏ 21,94,179.60 (ਇੱਕੀ ਲੱਖ ਚੌਰਾਨਵੇਂ ਹਜ਼ਾਰ ਇੱਕ ਸੌ ਉਨਾਸੀ ਰੁਪਏ ਅਤੇ ਸੱਠ ਪੈਸੇ ਕੇਵਲ) ਸਮੇਤ ਭਵਿਖੀ ਵਿਆਜ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਲਈ ਦੇਣਦਾਰੀ ਦਾ ਵਿਸ਼ਾ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 545 ਮਿਤੀ 18-06-2013 ਅਨੁਸਾਰ ਸ੍ਰੀ ਜਸਵੀਰ ਸਿੰਘ ਪੁੱਤਰ ਅਜੀਤ ਸਿੰਘ ਦੀ ਮਲਕੀਅਤ ਜਾਇਦਾਦ 10 ਮਰਲੇ, ਪਿੰਡ ਤਲਵੰਡੀ ਬੂਟੀਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। (ਮੌਜੂਦਾ ਪਤਾ : ਪਿੰਡ ਰਾਜੇਵਾਲ, ਡਾਕ. ਤਲਵੰਡੀ ਬੂਟੀਆਂ, ਜ਼ਿਲ੍ਹਾ ਜਲੰਧਰ)

ਸਥਾਨ : ਸ਼ਾਹਕੋਟ ਮਿਤੀ : 30.09.2025 ਸਹੀ/-ਅਧਿਕਾਰਤ ਅਫਸਰ


# ਦਮਨ ਬਾਜਵਾ ਨੇ ਜੀ ਐੱਸ ਟੀ ਦਰਾਂ ਦੀ ਕਟੌਤੀ ਬਾਰੇ ਲੋਕਾਂ ਨੂੰ ਦਿੱਤੀ ਜਾਣਕਾਰੀ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਕੇਂਦਰ ਸਰਕਾਰ ਵੱਲੋਂ ਜੀ.ਐੱਸ.ਟੀ. ਦਰਾਂ ਵਿੱਚ ਕੀਤੀ ਵੱਡੀ ਕਟੌਤੀ ਦੇ ਫ਼ੈਸਲੇ ਤੋਂ ਬਾਅਦ ਅੱਜ ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਥਿੰਦ ਬਾਜਵਾ ਦੀ ਅਗਵਾਈ ਹੇਠ ਪੁਰਾਣੀ ਦਾਣਾ ਮੰਡੀ ਬਜ਼ਾਰ ਵਿੱਚ ਡੋਰ-ਟੂ-ਡੋਰ ਸੰਪਰਕ ਮੁਹਿੰਮ ਸ਼ੁਰੂ ਕੀਤੀ ਗਈ।ਇਸ ਦੌਰਾਨ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਤੇ ਭਾਜਪਾ ਟੀਮ ਵੱਲੋਂ ਦੁਕਾਨਦਾਰਾਂ ਤੇ ਸਥਾਨਕ ਨਾਗਰਿਕਾਂ ਨੂੰ ਪੱਤਰ ਵੰਡ ਕੇ ਜੀ.ਐੱਸ.ਟੀ. ਦਰਾਂ ਵਿੱਚ ਕਟੌਤੀ ਨਾਲ ਮਿਲਣ ਵਾਲੀ ਵੱਡੀ ਰਾਹਤ ਬਾਰੇ ਜਾਣਕਾਰੀ ਦਿੱਤੀ ਗਈ।ਦਾਮਨ ਬਾਜਵਾ ਨੇ ਕਿਹਾ ਕਿ ਜੀ.ਐੱਸ.ਟੀ. ਸੁਧਾਰ ਛੋਟੇ ਵਪਾਰੀਆਂ ਦੇ ਕਾਰੋਬਾਰ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਆਮ ਜਨਤਾ ਲਈ ਵੀ ਮਹਿੰਗਾਈ ਦਾ ਬੋਝ ਘਟਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਨਵੀਂ ਜੀ.ਐੱਸ.ਟੀ. ਨੀਤੀ ਦੀ ਜਾਣਕਾਰੀ ਹੋਰ ਲੋਕਾਂ ਨਾਲ ਸਾਂਝੀ ਕਰਕੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਦਾ ਲਾਭ ਲੈਣ ਲਈ ਪ੍ਰੇਰਿਤ ਕਰਨ।ਇਸ ਫੈਸਲੇ ਦਾ ਵਪਾਰੀਆਂ, ਦੁਕਾਨਦਾਰਾਂ ਭਰਾਵਾਂ ਵੱਲੋਂ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਰਾਜੀਵ ਮੱਖਣ, ਅੰਕਿਤ ਕਾਂਸਲ, ਸ਼ੰਕਰ ਬਾਂਸਲ, ਜੀਵਨ ਸਿੰਗਲਾ, ਡਾ. ਜਗਮਿੰਦਰ ਸੈਣੀ, ਜਰਨੈਲ ਢੋਟ, ਗੁਰਸੇਵਕ ਸਿੰਘ ਆਦਿ ਹਾਜ਼ਰ ਸਨ।

# ਕੇਨਰਾ ਬੈਂਕ ਦੀ ਨਵੀਂ ਬਰਾਂਚ ਦਾ ਉਦਘਾਟਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਖੇਤੀਬਾੜੀ, ਵਪਾਰ ਤੇ ਉਦਯੋਗ ਦੇ ਖੇਤਰ ਵਿੱਚ ਉਦਮੀਆਂ ਨੂੰ ਉਤਸ਼ਾਹਤ ਕਰਨ ਤੇ ਸਹਾਇਤਾ ਪ੍ਰਦਾਨ ਕਰਨ ਲਈ ਵੱਡੇ ਪੱਧਰ ਉੱਤੇ ਕਾਰਜ ਕਰ ਰਹੇ ਕੇਨਰਾ ਬੈਂਕ ਵੱਲੋਂ ਸ਼ਹਿਰ ਵਿੱਚ ਨਵੀਂ ਬਰਾਂਚ ਖੋਲ੍ਹੀ ਗਈ ਹੈ।ਸ਼ਹਿਰ ਦੇ ਜਾਖਲ ਰੋਡ ਉੱਤੇ ਖੋਲ੍ਹੀ ਗਈ 383ਵੀਂ ਬ੍ਰਾਂਚ ਦਾ ਉਦਘਾਟਨ ਕੇਨਰਾ ਬੈਂਕ ਚੰਡੀਗੜ੍ਹ ਦੇ ਜਨਰਲ ਮੈਨੇਜਰ ਸ੍ਰੀ ਮਨੋਜ ਕੁਮਾਰ ਦਾਸ, ਤਹਿਸੀਲਦਾਰ ਪਾਤੜਾਂ ਸਵਪਨਦੀਪ ਕੌਰ, ਡੀਜੀਐੱਮ ਚੰਡੀਗੜ੍ਹ ਰਵੀ ਬੀ, ਏਜੀਐੱਮ ਨਵੀਨ ਕੁਮਾਰ ਆਦਿ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ।ਜਾਣਕਾਰੀ ਦਿੰਦਿਆਂ ਬੈਂਕ ਦੇ ਬ੍ਰਾਂਚ ਮੈਨੇਜਰ ਆਸ਼ੀਸ਼ ਬਰੋਟੀਆ ਨੇ ਦੱਸਿਆ ਕਿ ਦੇਸ਼ ਭਰ ਵਿੱਚ ਜਿੱਥੇ ਬੈਂਕ ਦੀਆਂ 10 ਹਜ਼ਾਰ ਤੋਂ ਵੱਧ ਬਰਾਂਚਾਂ ਚੱਲ ਰਹੀਆਂ ਹਨ, ਉੱਥੇ ਪੰਜਾਬ ਵਿੱਚ 382 ਬਰਾਂਚਾਂ ਕਾਰਜਸ਼ੀਲ ਹਨ।ਕੇਨਰਾ ਬੈਂਕ ਵੱਲੋਂ ਹਰ ਤਰ੍ਹਾਂ ਦੇ ਵਪਾਰਕ ਅਦਾਰਿਆਂ ਦੇ ਨਾਲ ਨਾਲ ਖੇਤੀਬਾੜੀ ਤੇ ਆਟੋ ਮੋਬਾਈਲ ਉਪਭੋਗਤਾਵਾਂ ਰਿਜ਼ਰਵ ਬੈਂਕ ਦੀਆਂ ਹਦਾਇਤਾਂ ਮੁਤਾਬਕ ਕਰਜ਼ਾ ਮੁਹੱਈਆ ਕਰਵਾਇਆ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਬੈਂਕ ਕਰਮਚਾਰੀਆਂ ਵੱਲੋਂ ਬਰਾਂਚ ਵਿੱਚ ਆਏ ਗਾਹਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇਗਾ ਤੇ ਹਰ ਇੱਕ ਗਾਹਕ ਨਾਲ ਨਿਮਰਤਾ, ਸਹਿਣਸ਼ੀਲਤਾ ਤੇ ਪਿਆਰ ਭਾਵਨਾ ਨਾਲ ਪੇਸ਼ ਆਉਣਾ ਕਰਮਚਾਰੀਆਂ ਦੀ ਪਹਿਲ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਗੋਇਲ, ਰਾਜ ਕੁਮਾਰ ਖੇਤਲੇ ਵਾਲੇ, ਡਾ. ਕਰਨ ਭਟਨਾਗਰ, ਅਮਰਦੀਪ ਸਿੰਘ ਜੰਮੂ, ਰਾਜ ਕੁਮਾਰ ਗੋਇਲ, ਕ੍ਰਿਪਾਲ ਸਿੰਘ ਕੰਬੋਜ ਆਦਿ ਹਾਜ਼ਰ ਸਨ।

# ਸ.ਫਾਈ ਸੇਵਕਾਂ ਨੇ ਦੂਜੇ ਦਿਨ ਵੀ ਕੰਮ ਛੱਡੋ ਹੜਤਾਲ ਕੀਤੀ

**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ 'ਤੇ ਸਥਾਨਕ ਸਫ਼ਾਈ ਸੇਵਕ ਯੂਨੀਅਨ ਵੱਲੋਂ ਦੂਜੇ ਦਿਨ ਵੀ ਕੰਮ ਛੱਡੋ ਹੜਤਾਲ ਕੀਤੀ ਗਈ।ਹੜਤਾਲ ਦੌਰਾਨ ਯੂਨੀਅਨ ਆਗੂਆਂ ਤੇ ਸਫ਼ਾਈ ਸੇਵਕਾਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਆਪਣੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ।ਯੂਨੀਅਨ ਦੀ ਪ੍ਰਧਾਨ ਮਨੋਜ ਰਾਣੀ, ਜਨਰਲ ਸੈਕਟਰੀ ਸੰਜੇ ਕੁਮਾਰ, ਰਮੇਸ਼ ਕੁਮਾਰ ਤੇ ਅਸ਼ੋਕ ਕੁਮਾਰ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਸਰਕਾਰ ਸਫ਼ਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਅਣਗੌਲਿਆ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਸੁਣਨ ਵਿੱਚ ਆਇਆ ਹੈ ਕਿ ਸਰਕਾਰ ਸੂਬੇ ਭਰ ਦੀ ਸਫ਼ਾਈ ਸੇਵਾ ਦਾ ਠੇਕਾ ਇੱਕ ਨਿੱਜੀ ਕੰਪਨੀ ਨੂੰ ਦੇਣ ਦੀ ਤਿਆਰੀ ਕਰ ਰਹੀ ਹੈ, ਜਿਸ ਨੂੰ ਸਫ਼ਾਈ ਸੇਵਕ ਜਥੇਬੰਦੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।ਯੂਨੀਅਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦੀ ਹੀ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਸਫ਼ਾਈ ਸੇਵਕ ਆਪਣਾ ਸੰਘਰਸ਼ ਹੋਰ ਤੇਜ਼ ਕਰਨਗੇ।



# ਆਂਗਣਵਾੜੀ ਮੁਲਾਜ਼ਮਾਂ ਦੀ ਸੀ ਡੀ ਪੀ ਓ ਦਫਤਰ ਵਿਖੇ ਮੀਟਿੰਗ



**ਲਹਿਰਾਗਾਗਾ (ਪਵਨ ਸ਼ਰਮਾ)**-ਆਂਗਣਵਾੜੀ ਮੁਲਾਜ਼ਮ ਬਲਾਕ ਲਹਿਰਾ ਗੱਗਾ ਪੰਜਾਬ ਸੀਟੂ ਦੀ ਪ੍ਰਧਾਨ ਬਲਵਿੰਦਰ ਕੌਰ ਤੇ ਉੱਪ ਪ੍ਰਧਾਨ ਰਜਵੰਤ ਕੌਰ ਡਸਕਾ ਦੀ ਪ੍ਰਧਾਨਗੀ ਹੇਠ ਸੀਡੀਪੀਓ ਦਫਤਰ ਲਹਿਰਾਗਾਗਾ ਵਿਖੇ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ ਤੇ ਵਧ ਰਹੇ ਆਨਲਾਈਨ ਪੋਸ਼ਣ ਟਰੈਕਰ ਤੇ ਕੰਮ ਬਾਰੇ ਚਰਚਾ ਕੀਤੀ ਗਈ, ਜਿਸ ਵਿੱਚ ਦੱਸਿਆ ਗਿਆ ਕਿ ਲਗਾਤਾਰ ਪੰਜ ਮਹੀਨਿਆਂ ਤੋਂ ਸਾਰੇ ਵਰਕਰ ਹੈਲਪਰ ਦੀ ਤਨਖਾਹ ਨਹੀਂ ਪਈ, ਇਸ ਕਰਕੇ ਸਾਰੇ ਪੰਜਾਬ ਵੱਲੋਂ ਸਮੂਹਕ ਹੜਤਾਲ 'ਤੇ ਜਾਣ ਦਾ ਫੈਸਲਾ ਕੀਤਾ ਗਿਆ। ਸੈਂਟਰ ਦੀ ਪੋਸ਼ਣ ਟਰੈਕਰ ਐਪ ਉੱਤੇ ਲਹਿਰਾਗਾਗਾ ਵੱਲੋਂ ਇਸ ਟਰੈਕ ਨੂੰ ਬੰਦ ਕਰਨ ਲਈ ਪੂਰਾ ਸਮਰਥਨ ਦਿੱਤਾ ਜਾਵੇਗਾ।ਇਸ ਮੀਟਿੰਗ ਵਿੱਚ ਕੁਲਦੀਪ ਕੌਰ, ਪਾਲ ਕੌਰ ਗੁਰਨਾ, ਮਨਜੀਤ ਕੌਰ ਘੋੜੇ ਨਾਵ, ਗਾਗਾ ਸਰਕਲ ਤੋਂ ਕਮਲਜੀਤ, ਰਾਜਵਿੰਦਰ ਰਾਜਵਿੰਦਰ ਹਰਿਆਊ, ਸੁਨੇਤਾ ਚੰਗਾਲੀ ਵਾਲਾ, ਮੂਣਕ ਤੋਂ ਪਰਮਜੀਤ ਕੌਰ ਪਿੰਕੀ, ਬੱਲਾ ਰਾ ਤੋਂ ਤਰਨ ਦੀਪ ਕੌਰ, ਲਹਿਰੇ ਤੋਂ ਅਰਵਿੰਦਰ ਕੌਰ, ਸੰਦੀਪ ਕੌਰ, ਸਤਿੰਦਰ ਕੌਰ, ਮਨਜੀਤ ਕੌਰ ਭਟਾਲ, ਪਿੰਕੀ, ਕਿਰਨ ਵਾਲਾ ਮੂਣਕ, ਬਗੁਰਨੇ ਤੋਂ ਜਸਪ੍ਰੀਤ ਕੌਰ, ਰਾਜਵਿੰਦਰ ਕੌਰ ਆਦਿ ਹਾਜ਼ਰ ਸਨ।

# ਆਰ ਐੱਸ ਡੀ ਸਕੂਲ ਨੂੰ ਰਾਸ਼ਟਰਪਤੀ ਸਕਾਊਟ ਅਵਾਰਡ ਪ੍ਰਮਾਣ ਪੱਤਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਰ ਐੱਸ ਡੀ ਰਾਜ ਰਤਨ ਪਬਲਿਕ ਸਕੂਲ ਦੇ ਵਿਦਿਆਰਥੀ ਆਰਿਅਨ ਧਵਨ ਨੇ ਸਕਾਊਟ ਤੇ ਗਾਈਡ ਕੈਂਪ ਵਿਚ ਪਿਛਲੇ ਕਈ ਸਾਲਾਂ ਦੌਰਾਨ ਬਹੁਤ ਸਾਰੀਆਂ ਗਤੀਵਿਧੀਆਂ ਵਿੱਚ ਮਾਨਮੱਤੀਆਂ ਉਪਲਬੱਧੀਆਂ ਹਾਸਲ ਕੀਤੀਆਂ ਸਨ, ਜਿਸ ਕਰਕੇ ਇਸ ਵਿਦਿਆਰਥੀ ਨੂੰ ਦਿੱਲੀ ਵਿਖੇ ਰਾਸ਼ਟਰਪਤੀ ਭਵਨ ਵਿਖੇ ਸਨਮਾਨਤ ਕੀਤਾ ਗਿਆ। ਸਕੂਲ ਪਹੁੰਚਣ 'ਤੇ ਸਮੇਂ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥੀ ਨੂੰ ਟਰਾਫੀ ਤੇ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਧਾਨ ਐੱਸਸੀ ਸਾਵਲਕਾ, ਸੈਕਟਰੀ ਰਜ਼ਨੀਸ ਸਾਂਵਲਕਾ, ਡਾਇਰੈਕਟਰ ਐੱਸ ਪੀ ਆਨੰਦ, ਪ੍ਰਿੰਸੀਪਲ ਡਾ. ਪ੍ਰਵੀਨ ਔਲ ਵਿਦਿਆਰਥੀ ਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਬੱਚੇ ਦੇ ਉਚੇਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਉੱਚੀਆਂ ਬੁਲੰਦੀਆਂ ਹਾਸਲ ਕਰਨ ਦੀ ਪ੍ਰੇਰਣਾ ਦਿੱਤੀ।

# ਪਰਾਲੀ ਸਾੜਨ ਵਿਰੁੱਧ ਜਾਗਰੂਕਤਾ ਰੈਲੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਕਾਲਜ ਪ੍ਰਿੰਸੀਪਲ ਗੁਰਵੀਨ ਕੌਰ ਦੀ ਅਗਵਾਈ ਹੇਠ ਐੱਨ ਐੱਸ ਐੱਸ ਵਿਭਾਗ ਦੁਆਰਾ ਲਗਾਏ ਜਾ ਰਹੇ ਸੱਤ ਰੋਜ਼ਾ ਕੈਂਪ ਵਿੱਚ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਰਾਲੀ ਨਾ ਸਾੜਨ ਦੇ ਮਿਸ਼ਨ ਅਧੀਨ ਨਿਆਲ ਪਿੰਡ ਤੋਂ ਪਾਤੜਾਂ ਸ਼ਹਿਰ ਤੱਕ ਰੈਲੀ ਦਾ ਆਯੋਜਨ ਕੀਤਾ ਗਿਆ।ਪ੍ਰਿੰਸੀਪਲ ਗੁਰਵੀਨ ਕੌਰ ਨੇ ਕਾਲਜ ਕੈਂਪਸ ਤੋਂ ਹਰੀ ਝੰਡੀ ਦੇ ਕੇ ਰੈਲੀ ਨੂੰ ਰਵਾਨਾ ਕੀਤਾ ਤੇ ਉਨ੍ਹਾਂ ਕਿਹਾ ਕਿ ਇਹ ਵਿਸ਼ਾ ਸਮਕਾਲੀ ਸਮੇਂ ਲਈ ਬਹੁਤ ਹੀ ਮਹੱਤਵਪੂਰਨ ਹੈ, ਕਿਉਂਕਿ ਅਸੀਂ ਕੇਵਲ ਪਰਾਲੀ ਸਾੜਨ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਲੈ ਕੇ ਹੀ ਨਹੀਂ ਚੱਲੇ ਸਗੋਂ ਮਨੁੱਖੀ ਨਸਲ ਦੇ ਸੁਨਹਿਰੇ ਭਵਿੱਖ ਨੂੰ ਲੈ ਕੇ ਚੱਲੇ ਹਾਂ।ਇਹ ਰੈਲੀ ਪ੍ਰੋਗਰਾਮ ਅਫਸਰ ਹਰਮੀਤ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ ਤੇ ਪਿੰਡ ਤੇ ਲੋਕਾਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਨੂੰ ਪਰਾਲੀ ਨਾ ਸਾੜਨ ਤੇ ਪਰਾਲੀ ਸਾੜਨ ਤੋਂ ਉਪਜਦੀਆਂ ਸਮੱਸਿਆਂ ਪ੍ਰਤੀ ਜਾਗਰੂਕ ਕੀਤਾ ਗਿਆ।ਪਿੰਡਾਂ ਦੇ ਲੋਕਾਂ ਵੱਲੋਂ ਵੱਧ ਚੜ੍ਹ ਕੇ ਉਤਸ਼ਾਹ ਦਿਖਾਉਂਦਿਆਂ ਪਰਾਲੀ ਨਾ ਸਾੜਨ ਦਾ ਪ੍ਰਣ ਕੀਤਾ।ਇਸ ਮੌਕੇ ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਪ੍ਰੋ. ਰੇਨੂੰ ਰਾਣੀ ਤੇ 100 ਵਲੰਟੀਅਰਾਂ ਨੇ ਭਾਗ ਲਿਆ।

# ਪੈਰਾਡਾਈਜ਼ ਸਕੂਲ ਵੱਲੋਂ ਫੈਂਸੀ ਡਰੈੱਸ ਮੁਕਾਬਲੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਵਿਖੇ ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਦੇ ਫੈਂਸੀ ਡਰੈੱਸ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਤਕਰੀਬਨ 200 ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਆਪਣੇ-ਆਪਣੇ ਕਿਰਦਾਰਾਂ ਨੂੰ ਬਾਖੂਬੀ ਨਿਭਾਇਆ।ਵਿਦਿਆਰਥੀਆਂ ਨੇ ਵੱਖ-ਵੱਖ ਪੁਸ਼ਾਕਾਂ ਵਿੱਚ ਸੱਜ ਕੇ ਕਈ ਮਹੱਤਵਪੂਰਨ ਸੁਨੇਹੇ ਦਿੱਤੇ ਜਿਵੇਂ ਕਿ ਧਰਤ, ਪਾਣੀ ਤੇ ਦਰੱਖਤ ਬਚਾਉ, ਸਿਹਤਮੰਦ ਖਾਣਾ ਖਾਉ, ਬੇਟੀ ਬਚਾਉ ਆਦਿ ਜਿਨ੍ਹਾਂ ਨੂੰ ਸਰੋਤਿਆਂ ਨੇ ਬਹੁਤ ਸਰਾਹਿਆ।ਵਿਦਿਆਰਥੀਆਂ ਵੱਲੋਂ ਵੱਖ-ਵੱਖ ਪ੍ਰਾਂਤਾਂ ਨੂੰ ਦਰਸਾਉਂਦੀਆਂ ਪੁਸ਼ਾਕਾਂ ਤੇ ਨਾਚਾਂ ਦੀ ਪੇਸ਼ਕਾਰੀ ਨੇ ਮਾਪਿਆਂ ਤੇ ਮਹਿਮਾਨਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਤੋਂ ਇਲਾਵਾਂ ਇਨ੍ਹਾਂ ਛੋਟੇ ਬੱਚਿਆਂ ਵੱਲੋਂ ਸੂਰਬੀਰ ਯੋਧਿਆਂ ਦੀ ਪਾਤਰਤਾ ਨੂੰ ਵੀ ਦਰਸਾਇਆ ਜਿਵੇਂ ਕਿ ਟੀਪੂ ਸੁਲਤਾਨ, ਬੰਦਾ ਸਿੰਘ ਬਹਾਦਰ, ਭਗਤ ਸਿੰਘ, ਰਾਣੀ ਲਕਸ਼ਮੀ ਬਾਈ ਆਦਿ।ਇਸ ਮੌਕੇ ਡਾ. ਗਨਜਿੰਦਰ ਕੌਰ ਮੁਖੀ ਹਿਊਮਨ ਜੈਨੇਟਿਕਸ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ।ਉਨ੍ਹਾਂ ਦੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਦੀ ਪੇਸ਼ਕਾਰੀ ਨੂੰ ਖੂਬ ਸਰਾਹਿਆ ਤੇ ਅਧਿਆਪਕਾਂ ਤੇ ਮਾਪਿਆਂ ਦੀ ਮਿਹਨਤ ਦੀ ਵੀ ਪ੍ਰਸੰਸਾ ਕੀਤੀ।ਸਕੂਲ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਜੇਤੂ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਵੱਲੋਂ ਇਨਾਮ ਵੀ ਵੰਡੇ ਗਏ।ਅਖੀਰ ਵਿੱਚ ਸਕੂਲ ਦੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਮੁੱਖ ਮਹਿਮਾਨ ਤੇ ਮਾਪਿਆਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਵਧੀਆ ਕਾਰਗੁਜ਼ਾਰੀ ਲਈ ਉਨ੍ਹਾਂ ਦੀ ਪ੍ਰਸੰਸਾ ਕੀਤਾ।

# ਮੰਗਤ ਰਾਮ ਪਾਸਲਾ ਨੇ ਸੁਰਜੀਤ ਦਿਹੜ ਦਾ ਹਾਲ-ਚਾਲ ਪੁੱਛਿਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**

ਆਰ ਐੱਮ ਪੀ ਆਈ ਦੇ ਕੌਮੀ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਆਪਣੇ ਸਾਥੀਆਂ ਸਮੇਤ ਪਿੰਡ ਠੀਕਰੀਵਾਲ ਪਹੁੰਚ ਕੇ ਪੁਰਾਣੇ ਕਮਿਊਨਿਸਟ ਆਗੂ ਇਨਕਲਾਬੀ ਕਵੀ ਸੁਰਜੀਤ ਦਿਹੜ ਦਾ ਹਾਲ-ਚਾਲ ਜਾਣਿਆ।ਕਵੀ ਦਿਹੜ ਪਿਛਲੇ ਕਈ ਮਹੀਨੇ ਤੋਂ ਬਿਮਾਰ ਚੱਲ ਰਹੇ ਹਨ।ਕਾਮਰੇਡ ਪਾਸਲਾ ਨੇ ਸਾਥੀ ਸੁਰਜੀਤ ਦਿਹੜ ਆਰ.ਐੱਮ.ਪੀ ਆਈ ਦੀਆਂ ਹਰ ਸਰਗਰਮੀਆਂ, ਲੋਕ ਪੱਖੀ ਲਹਿਰਾਂ ਅਤੇ ਇਨਕਲਾਬੀ ਸਾਹਿਤ ਸਿਰਜਣ ਲਈ ਪਾਏ ਅਹਿਮ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਨਿਸ਼ਕਾਮ ਸੇਵਕ ਸਿਰੜੀ, ਇਮਾਨਦਾਰ ਆਗੂਆਂ ਦੀ ਅਗਵਾਈ ਲਈ ਪਾਰਟੀ ਨੂੰ ਇਸ ਵੇਲੇ ਵੱਡੀ ਲੋੜ ਹੈ।ਉਨ੍ਹਾਂ ਸਾਥੀ ਦਿਹੜ ਦੀ ਸਿਹਤਯਾਬੀ ਤੇ ਲੰਮੀ ਉਮਰ ਲਈ ਕਾਮਨਾ ਕਰਦਿਆਂ ਕਿਹਾ ਕਿ ਸਾਥੀ ਦਿਹੜ ਵੱਲੋਂ ਆਪਣੀ ਜ਼ਿੰਦਗੀ ਦੇ ਮਹਿੰਗੇ ਪਲ ਜਬਰ ਜ਼ੁਲਮ ਖਿਲਾਫ ਲੋਕ ਲਹਿਰਾਂ ਤੇ ਦੱਬੇ ਕੁੱਚਲੇ ਲੋਕਾਂ ਆਵਾਜ਼ ਬਣ ਕੇ ਸਮਾਜ ਸੇਵਾ ਦੇ ਲੇਖੇ ਲਾਉਣ ਦਾ ਪਾਰਟੀ ਹਮੇਸ਼ਾ ਮਾਣ ਰਹੇਗਾ।ਉਨ੍ਹਾਂ ਦਾ ਸਮੁੱਚਾ ਪਰਵਾਰ ਵੀ ਕਮਿਊਨਿਸਟ ਵਿਚਾਰਧਾਰਾ ਨੂੰ ਸਮਰਪਤ ਹੈ, ਜੋ ਸਾਡੇ ਲਈ ਵੱਡੇ ਮਾਣ ਵਾਲੀ ਗੱਲ ਹੈ।ਇਸ ਸਮੇਂ ਕਾਮਰੇਡ ਗੁਰਦਰਸ਼ਨ ਸਿੰਘ ਬੀਕਾ ਆਦਿ ਵੀ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਉਤਸ਼ਾਹ ਨਾਲ ਮਨਾਇਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਸ਼ਹੀਦ ਭਗਤ ਸਿੰਘ ਪਬਲਿਕ ਹਾਈ ਸਕੂਲ ਵਿਚ ਭਾਰਤ ਦੇ ਮਹਾਨ ਸਪੂਤ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ 118ਵਾਂ ਜਨਮ ਦਿਨ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸ਼ੁਭ ਅਵਸਰ 'ਤੇ ਵਿਦਿਆਰਥੀਆਂ ਲਈ ਦੇਸ਼ੀ ਭਗਤੀ ਸਬੰਧੀ ਭਾਸ਼ਣ ਪ੍ਰਤੀਯੋਗਤਾ, ਕਵਿਤਾ ਉਚਾਰਨ ਤੇ ਗੀਤ ਗਾਉਣ ਦੇ ਮੁਕਾਬਲਿਆਂ ਦੇ ਨਾਲ-ਨਾਲ ਫੈਂਸੀ ਡਰੈੱਸ ਦਾ ਵੀ ਆਯੋਜਨ ਕੀਤਾ ਗਿਆ। ਇਸ ਮੌਕੇ ਸਕੂਲ ਵੱਲੋਂ ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਤੇ ਹਸਪਤਾਲ ਜਮਾਲਪੁਰ (ਲੁਧਿਆਣਾ) ਦੇ ਡਾਕਟਰਾਂ ਦੀ ਟੀਮ ਬੁਲਾ ਕੇ ਸਾਰੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕਰਵਾਈ ਗਈ। ਬੱਚਿਆਂ ਵੱਲੋਂ ਦੰਦਾਂ ਦੀ ਸਾਂਭ-ਸੰਭਾਲ ਸਬੰਧੀ ਬਣਾਏ ਗਏ ਚਾਰਟ ਵੀ ਖਿੱਚ ਦਾ ਕੇਂਦਰ ਬਣੇ ਰਹੇ। ਡਾ. ਨਵਦੀਪ ਕੌਰ ਵਾਲੀਆ ਪ੍ਰੋਫੈਸਰ ਤੇ ਹੈੱਡ ਆਫ਼ ਹੈਲਥ ਡੈਂਟਿਸਰੀ ਵਿਭਾਗ ਦੀ ਅਗਵਾਈ ਵਿੱਚ ਪਹੁੰਚੀ ਟੀਮ ਵਿੱਚ ਡਾ. ਪ੍ਰੀਤਇੰਦਰ ਸਿੰਘ ਮੋਖਾ ਲੈਕਚਰਰ, ਡਾ. ਗਗਨਦੀਪ ਕੌਰ ਲੈਕਚਰਰ ਤੋਂ ਇਲਾਵਾ 10 ਹੋਰ ਦੰਦਾਂ ਦੇ ਮਾਹਰ ਡਾਕਟਰਾਂ ਨੇ ਸਕੂਲ ਦੇ ਸਾਰੇ ਵਿਦਿਆਰਥੀਆਂ ਦਾ ਡੈਂਟਲ ਚੈੱਕਅਪ ਕਰਨ ਉਪਰੰਤ ਉਨ੍ਹਾਂ ਨੂੰ ਲੋੜੀਂਦੇ ਸੁਝਾਅ ਵੀ ਦਿੱਤੇ। ਮਨੀਸ਼ ਜੈਨ ਵੱਲੋਂ ਡਾਕਟਰਾਂ ਦੀ ਟੀਮ ਦਾ ਸਵਾਗਤ ਕੀਤਾ ਗਿਆ। ਸਕੂਲ ਪ੍ਰਬੰਧਕ ਦਰਸ਼ਨ ਜੈਨ ਨੇ ਬੱਚਿਆਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਦੇਸ਼ ਦੀ ਅਜ਼ਾਦੀ ਲਈ ਜਾਨ ਕੁਰਬਾਨ ਕਰਨ ਵਾਲੇ ਸਾਰੇ ਸੂਰਮਿਆਂ ਦੇ ਦਿਖਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਸਕੂਲ ਦੀ ਪ੍ਰਬੰਧਕੀ ਕਮੇਟੀ ਵਲੋਂ ਵੱਖ-ਵੱਖ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡਣ ਦੇ ਨਾਲ-ਨਾਲ ਡਾਕਟਰਾਂ ਦੀ ਟੀਮ ਨੂੰ ਵੀ ਸਨਮਾਨਤ ਕੀਤਾ ਗਿਆ।




# ਸ਼ਹੀਦ ਲਾਂਸ ਨਾਇਕ ਕਰਨੈਲ ਸਿੰਘ ਦੀ ਪੰਜਵੀਂ ਬਰਸੀ ਮਨਾਈ



**ਲੌਂਗੋਵਾਲ (ਪ੍ਰਦੀਪ ਸੱਪਲ)**-ਨੇੜਲੇ ਪਿੰਡ ਲੋਹਾਖੇੜਾ ਦੇ ਜੰਮਪਲ ਸ਼ਹੀਦ ਲਾਂਸ ਨਾਇਕ ਕਰਨੈਲ ਸਿੰਘ ਦੀ ਪੰਜਵੀਂ ਬਰਸੀ ਗੁਰਦੁਆਰਾ ਬਾਬਾ ਨੰਦ ਸਿੰਘ ਜੀ ਵਿਖੇ ਅਖੰਡ ਪਾਠਾਂ ਦੇ ਭੋਗ ਉਪਰੰਤ ਕੀਰਤਨ ਸਮਾਗਮ ਕੀਤਾ ਗਿਆ।ਸ਼ਹੀਦ ਦੇ ਬੁੱਤ 'ਤੇ ਸਾਬਕਾ ਸੈਨਿਕਾਂ ਵੱਲੋਂ ਫੁੱਲ ਮਾਲਾਵਾਂ ਭੇਂਟ ਕੀਤੀਆਂ ਗਈਆਂ, ਉਪਰੰਤ ਸ਼ਰਧਾਂਜਲੀ ਸਮਾਗਮ ਕੀਤਾ ਗਿਆ, ਜਿਸ ਵਿੱਚ ਪਿੰਡ ਦੀ ਪੰਚਾਇਤ ਤੋਂ ਇਲਾਵਾ ਪਿੰਡ ਦੇ ਪਤਵੰਤੇ ਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ।ਇਸ ਸਮੇਂ ਬਹੁਗਿਣਤੀ ਵਿੱਚ ਸਾਬਕਾ ਸੈਨਿਕ ਵੀ ਪਹੁੰਚੇ ਹੋਏ ਸਨ।ਸੈਨਿਕਾਂ ਦੀਆਂ ਵੱਖੋ ਵੱਖ ਯੂਨਿਟਾਂ ਦੇ ਸਾਬਕਾ ਅਫ਼ਸਰਾਂ ਵੱਲੋਂ ਸ਼ਹੀਦ ਦੀ ਮਾਤਾ ਅਮਰਜੀਤ ਕੌਰ, ਸ਼ਹੀਦ ਦੀ ਪਤਨੀ ਬੀਬੀ ਬਲਜੀਤ ਕੌਰ, ਬੇਟੇ ਹਰਮਨ ਸਿੰਘ ਤੇ ਭਰਾ ਸੇਵਕ ਸਿੰਘ ਨੂੰ ਸਿਰੋਪੇ ਦਿੱਤੇ ਗਏ, ਉੱਥੇ ਹੀ ਪਿੰਡ ਦੀ ਪੰਚਾਇਤ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਸ਼ਹੀਦ ਦੇ ਪਰਵਾਰ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਵੀ ਆਪਣੀ ਹਾਜ਼ਰੀ ਲਗਵਾਈ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਅਮਰਜੀਤ ਸਿੰਘ ਗਿੱਲ, ਭਾਜਪਾ ਦੇ ਭਦੌੜ ਹਲਕੇ ਦੇ ਗੁਰਵਿੰਦਰ ਸਿੰਘ ਸਿੱਧੂ ਸਾਬਕਾ ਨੇਵੀ ਅਫ਼ਸਰ, ਕੈਪਟਨ ਗੁਲਾਬ ਸਿੰਘ, ਆਤਮਾ ਸਿੰਘ, ਬਲਵਿੰਦਰ ਸਿੰਘ, ਗੁਰਜੰਟ ਸਿੰਘ, ਬਲਵੀਰ ਸਿੰਘ, ਨਮੋਲ ਤੇ ਦੁੱਗਾਂ ਤੋਂ ਵੀ ਬਹੁਗਿਣਤੀ ਵਿੱਚ ਸਾਬਕਾ ਸੈਨਿਕ ਪਹੁੰਚੇ ਹੋਏ ਸਨ।ਬਾਬਾ ਸੁਖਬੀਰ ਸਿੰਘ ਬਰੇਟੇ ਵਾਲੇ ਦੇ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਆਪਣੀ ਹਾਜ਼ਰੀ ਭਰੀ।

# ਕੁੱਟਮਾਰ ਦੇ ਮਾਮਲੇ 'ਚ 8 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇੱਕ ਵਿਅਕਤੀ ਨੂੰ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 4 ਬਾਈ ਨੇਮ ਵਿਅਕਤੀ ਤੇ 4 ਅਣਪਛਾਤਿਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਖਵਿੰਦਰ ਸਿੰਘ ਪੁੱਤਰ ਅਜਾਇਬ ਸਿੰਘ ਵਾਸੀ ਪਿੰਡ ਅੱਕੂ ਮਸਤੇ ਕੇ ਥਾਣਾ ਆਰਿਫ ਕੇ ਹਾਲ ਗੋਲਡਨ ਇੰਨਕਲੇਵ ਫੇਸ-2 ਫਿਰੋਜ਼ਪੁਰ ਨੇ ਦੱਸਿਆ ਕਿ 25 ਸਤੰਬਰ 2025 ਨੂੰ ਕਰੀਬ 7 ਵਜੇ ਸ਼ਾਮ ਉਹ ਆਪਣੇ ਘਰ ਦੇ ਬਾਹਰ ਗਲੀ ਵਿਚ ਸੈਰ ਕਰ ਰਿਹਾ ਸੀ, ਜਿੱਥੇ ਇੱਕ ਸਕਾਰਪਿਓ ਗੱਡੀ ਨੰਬਰ ਪੀਬੀ 11 ਡੀਐੱਫ 1744 ਇਕ ਦਮ ਆ ਕੇ ਰੁਕੀ। ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸਕਾਰਪਿਓ ਗੱਡੀ ਵਿਚ ਬਲਵਾਨ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਨਾਦਾਮਪੁਰ ਥਾਣਾ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ, ਖੁਸ਼ਪ੍ਰੀਤ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਭਨਰਾ ਥਾਣਾ ਪਸਿਆਣਾ ਜ਼ਿਲ੍ਹਾ ਪਟਿਆਲਾ, ਸੁਖਵਿੰਦਰ ਸਿੰਘ ਸੇਖੋਂ ਵਾਸੀ ਪਿੰਡ ਲਖਿਆਲਾ ਥਾਣਾ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਤੇ 4 ਅਣਪਛਾਤੇ ਨੌਜਵਾਨ, ਜਿਨ੍ਹਾਂ ਪਾਸ ਕਿਰਪਾਨਾਂ ਤੇ ਬੇਸਬਾਲ ਸਨ, ਇਕ ਦਮ ਗੱਡੀ ਵਿੱਚੋਂ ਨਿਕਲੇ ਤੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਵਜਾ ਰੰਜਿਸ਼ ਇਹ ਹੈ ਕਿ ਉਸ ਦੇ ਲੜਕਿਆਂ ਦਾ ਵਿਦੇਸ਼ ਕੈਨੇਡਾ ਵਿਖੇ ਪਾਰਸਲ ਡਲਿਵਰੀ ਦਾ ਕੰਮ ਹੈ। ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸੁਖਬੀਰ ਕੌਰ ਜੋ ਬਲਵਾਨ ਸਿੰਘ ਦੀ ਪਤਨੀ ਹੈ, ਉਹ ਵੀ ਉਥੇ ਕੰਮ ਕਰਦੀ ਹੈ। ਬਲਵਾਨ ਸਿੰਘ ਨੂੰ ਗਲਤ ਫਹਿਮੀ ਸੀ ਕਿ ਸੁਖਬੀਰ ਕੌਰ ਉਸ ਦੀ ਕੈਨੇਡਾ ਦੀ ਫਾਇਲ ਉਸ ਦੇ ਲੜਕਿਆਂ ਦੇ ਕਹਿਣ 'ਤੇ ਨਹੀਂ ਲਗਾ ਰਹੀ, ਜਦਕਿ ਬਲਵਾਨ ਸਿੰਘ ਤੇ ਸੁਖਬੀਰ ਕੌਰ ਨੇ ਆਪਸੀ ਮੈਟਰ ਵਿੱਚ ਉਸ ਦੇ ਲੜਕਿਆਂ ਦਾ ਕੋਈ ਰੋਲ ਨਹੀਂ ਹੈ। ਇਸੇ ਰੰਜਿਸ਼ ਕਰਕੇ ਬਲਵਾਨ ਸਿੰਘ ਹੋਰਾਂ ਨੇ ਮਾਰ ਦੇਣ ਦੀ ਨੀਅਤ ਲਾਲ ਉਸ ਦੇ ਗੰਭੀਰ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਭਾਰਤ ਨਗਰ ਚੌਕ ਨਿੱਜੀ ਫਾਰਮ ਨੂੰ ਸੌਂਪਣ ਦਾ ਮਾਮਲਾ ਗਰਮਾਇਆ



**ਲੁਧਿਆਣਾ (ਰੈਕਟਰ ਕਥੂਰੀਆ)**

ਪੀ ਏ ਸੀ ਮੱਤੇਵਾੜਾ ਨੇ ਭਾਰਤ ਨਗਰ ਚੌਕ ਲੁਧਿਆਣਾ ਵਿਖੇ ਇੱਕ ਪ੍ਰੈੱਸ ਕਾਨਫਰੰਸ ਕੀਤੀ, ਜਿਸ ਵਿੱਚ ਮੀਡੀਆ ਪ੍ਰਤੀਨਿਧੀਆਂ ਨੇ ਭਰਪੂਰ ਸ਼ਮੂਲੀਅਤ ਕੀਤੀ।ਸੰਗਠਨ ਨੇ ਲੁਧਿਆਣਾ ਦੀ ਇਤਿਹਾਸਕ ਪਛਾਣ ਨੂੰ ਜਾਣਬੁੱਝ ਕੇ ਮਿਟਾਉਣ ਤੇ ਸਾਡੇ ਸ਼ਹੀਦਾਂ ਪ੍ਰਤੀ ਦਿਖਾਏ ਗਏ ਅਪਮਾਨ 'ਤੇ ਸਖ਼ਤ ਚਿੰਤਾ ਪ੍ਰਗਟ ਕੀਤੀ।ਡਾ. ਅਮਨਦੀਪ ਸਿੰਘ ਬੈਂਸ ਤੇ ਇੰਜੀਨੀਅਰ ਕਪਿਲ ਅਰੋੜਾ ਨੇ ਦੱਸਿਆ ਕਿ ਮੇਜਰ ਭੁਪਿੰਦਰ ਸਿੰਘ ਦਾ ਬੁੱਤ ਤੇ ਲੜਾਈ ਵਿੱਚ ਪਾਕਿਸਤਾਨ ਦਾ ਜਿੱਤ ਕੇ ਲਿਆਂਦਾ ਟੈਂਕ, ਜੋ ਕਦੇ ਭਾਰਤ ਨਗਰ ਚੌਕ 'ਤੇ ਬੜੇ ਮਾਣ ਨਾਲ ਖੜ੍ਹਾ ਸੀ ਅਤੇ ਜੋ ਸ਼ਹਿਰ ਦੇ ਇਤਿਹਾਸ ਦਾ ਇੱਕ ਅਟੁੱਟ ਹਿੱਸਾ ਸਨ, ਗਾਇਬ ਹਨ।ਉਨ੍ਹਾਂ ਦੀ ਜਗ੍ਹਾ 'ਤੇ ਹੀਰੋ ਸਾਈਕਲਜ਼ ਨੇ ਆਪਣਾ ਸਾਈਕਲ ਮਾਡਲ ਤੇ ਨਿਸ਼ਾਨ ਅਚਨਚੇਤ ਰਾਤੋ ਰਾਤ ਲਾ ਦਿੱਤਾ ਹੈ।ਉਨ੍ਹਾਂ ਇਹ ਵੀ ਉਜਾਗਰ ਕੀਤਾ ਕਿ ਗੋਲ ਚੱਕਰ ਦੇ ਸਾਈਨੇਜ ਤੋਂ 'ਭਾਰਤ ਨਗਰ ਚੌਕ' ਨਾਮ ਹਟਾ ਦਿੱਤਾ ਗਿਆ ਹੈ, ਜਿਸ ਨਾਲ ਇਸ ਖੇਤਰ ਨੂੰ ਹੌਲੀ-ਹੌਲੀ 'ਹੀਰੋ ਸਾਈਕਲ ਚੌਕ' ਵਜੋਂ ਜਾਣਿਆ ਜਾਣ ਲਈ ਰਾਹ ਪੱਧਰ ਕੀਤਾ ਜਾ ਰਿਹਾ ਹੈ।ਮੈਂਬਰਾਂ ਨੇ ਕਿਹਾ ਕਿ ਇਹ ਸ਼ਹਿਰ ਦੇ ਅਸਲ ਹੀਰੋ ਦੀ ਯਾਦ ਨੂੰ ਮਿਟਾਉਣ ਦੀ ਇੱਕ ਜਾਣਬੁੱਝ ਕੇ ਕੋਸ਼ਿਸ਼ ਤੇ ਸਾਜ਼ਿਸ਼ ਹੈ।ਇਸ ਦੌਰਾਨ ਪਬਲਿਕ ਐਕਸ਼ਨ ਕਮੇਟੀ ਨੇ ਲੁਧਿਆਣਾ ਦੇ ਨਗਰ ਕਮਿਸ਼ਨਰ ਦੇ ਨਾਲ-ਨਾਲ ਹੀਰੋ ਸਾਈਕਲਜ਼ ਦੇ ਮਾਲਕ ਨੂੰ ਮਾਣਹਾਨੀ ਨੋਟਿਸ ਦੇਣ ਦੀ ਤਿਆਰੀ ਕਰ ਲਈ ਹੈ ਤੇ ਆਉਣ ਵਾਲੀ ਤਿੰਨ ਤਾਰੀਖ਼ ਤੋਂ ਪਹਿਲਾਂ ਨੋਟਿਸ ਭੇਜ ਦਿੱਤਾ ਜਾਏਗਾ।ਕਮੇਟੀ ਨੇ ਮੇਜਰ ਭੁਪਿੰਦਰ ਸਿੰਘ ਐੱਮਵੀਸੀ ਦੀ 60ਵੀਂ ਸ਼ਹੀਦੀ ਵਰ੍ਹੇਗੰਢ ਮੌਕੇ ਪੀਏਸੀ ਮੱਤੇਵਾੜਾ ਸਾਰੇ ਨਾਗਰਿਕਾਂ, ਸਾਬਕਾ ਸੈਨਿਕਾਂ, ਵਿਦਿਆਰਥੀਆਂ ਤੇ ਨਾਗਰਿਕ ਸਮੂਹਾਂ ਨੂੰ 3 ਅਕਤੂਬਰ 2025 ਨੂੰ ਸਵੇਰੇ 11 ਵਜੇ ਭਾਰਤ ਨਗਰ ਚੌਕ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਟੈਂਡਰ ਸੂਚਨਾ ਪੱਤਰ ਨੰ:- 146 & 147-2025-26-ADEN-1-FZR ਮਿਤੀ : 26.09.2025

ਮੰਡਲ ਇੰਜੀਨੀਅਰ - ਹੈਂਡ., ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ 17.10.2025 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਪੈਕੇਟ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਟੈਂਡਰ ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
| 25.09.2025 | 03.10.2025 | 17.10.2025/ 15:00 ਵਜੇ |

| ਲ. ਨੰ: | ਟੈਂਡਰ ਨੰਬਰ | ਟੈਂਡਰਾ ਦਾ ਵੇਰਵਾ | | | |
|---|---|---|---|---|---|
| 1. | 146-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਪਹਿਲੀ/ਫਿਰੋਜ਼ਪੁਰ ਦੇ ਅੰਤਰਗਤ ਸਿਵਿਲ ਕੰਮ ਅਰਥਾਤ ਕਿਲੋਮੀਟਰ 344/078 ਉਤੇ 4.00 x 2.50 ਮੀਟਰ ਆਰਸੀਸੀ ਬਾਕਸ ਦੇ ਨਾਲ ਪੁਲ ਨੰਬਰ 51 ਦਾ ਵਿਸਤਾਰ ਅਤੇ ਕਿਲੋਮੀਟਰ 344/078 ਉਤੇ 6.00x3 ਮੀਟਰ ਆਰਸੀਸੀ ਬਾਕਸ ਦੇ ਨਾਲ ਪੁਲ ਨੰਬਰ 52 ਦਾ ਵਿਸਤਾਰ ਅਤੇ ਜੀਜੇਡਐਸ ਯਾਰਡ ਵਿਚ ਕਿਲੋਮੀਟਰ 343/292 ਉਤੇ ਲੇਵਲ ਕਰੋਸਿੰਗ ਨੰਬਰ 27 ਉਤੇ ਡਯੂਟੀ ਹੱਟ ਦਾ ਸਥਾਨਾਂਤਰਣ, ਪੀਐਸਆਰ ਨੂੰ ਹਟਾਣਾ ਅਤੇ ਜੀਜੇਡਐਸ ਯਾਰਡ ਵਿਚ ਇਕ ਰਿਸੇਪਸ਼ਨ ਦੀ ਸੁਵਿਧਾ ਦੇ ਨਾਲ ਕੰਮ। | | | |
| | | ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 86,85,320.19/- | 1,73,700.00/- | 60 ਦਿਨ | 06 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- "ਕਿਸੀ ਵੀ ਪੁਲ ਦਾ ਨਿਰਮਾਣ ਕੰਮ"। | | | |
| 2. | 147-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਪਹਿਲੀ/ਫਿਰੋਜ਼ਪੁਰ ਦੇ ਅੰਤਰਗਤ ਯਾਰਡ ਵਿਚ ਪੀਐਸਆਰ ਨੂੰ ਹਟਾਣ ਦੇ ਨਾਲ-ਨਾਲ ਟ੍ਰੈਕ ਕੰਮ ਅਤੇ ਇਕ ਨਾਲ ਰਿਸੇਪਸ਼ਨ ਦੀ ਸੁਵਿਧਾ ਦਾ ਕੰਮ। | | | |
| | | ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 1,40,56,194.21/- | 2,20,300.00/- | 60 ਦਿਨ | 06 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- 'ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਉਠਾਣਾ, ਸਕਰੀਨਿੰਗ, ਟ੍ਰੈਕ ਨੂੰ ਤਨਾਵਮੁਕਤ ਕਰਨਾ, ਟ੍ਰੈਕ ਰੱਖ-ਰੱਖਾਵ ਮਸ਼ੀਨ ਜਿਸਤਰ੍ਹਾਂ ਟੈਮਪਿੰਗ ਮਸ਼ੀਨ/ਬੈਲਾਸਟ ਸਕਰੀਨਿੰਗ/ਰੇਗੁਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਦ ਦਾ ਕੰਮ ਸ਼ਾਮਿਲ ਹੈ, ਟੀ-28 ਦੁਵਾਰਾ। | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 3013/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਨਿ. ਪੱਤ੍ਰ ਨੰ. :- 138,144,145-2025-26-ADEN-1-FZR & 142,143-2025-26-ADEN-2-FZR ਮਿਤੀ 25.09.2025

ਸੀਨੀਅਰ ਮੰਡਲ ਇੰਜੀਨੀਅਰ-ਹੈਡਕੁ. ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 16.10.2025 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 24.09.2025 | 02.10.2025 | 16.10.2025 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 138-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਤਹਿਤ ਗੰਗਸਰ ਜੈਤੋਂ ਸਟੇਸ਼ਨ ਉਤੇ ਪੂਰੀ ਲੰਬਾਈ ਲੂਪ ਨੂੰ ਸਮਾਯੋਜਿਤ ਕਰਨ ਦੇ ਲਈ ਮਾਲ ਲਾਈਨ ਵਿਸਤਾਰ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | | 15763813.91/- | 228800.00/- | 60 ਦਿਨ | 06 ਮਹੀਨੇ |
| | | ਕੰਮ ਦੀ ਸਮਾਨ ਨੇਚਰ : "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ/ਸਕ੍ਰੀਨਿੰਗ ਟ੍ਰੈਕ ਨੂੰ ਤਨਾਅਮੁਕਤ ਕਰਨਾ/ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਵਿਚ ਕੰਮ ਸ਼ਾਮਲ ਹਨ, ਟੀ-28 ਦੁਆਰਾ।" | | | |
| 2 | 142-2025-26-ADEN-2-FZR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਅਨੁਭਾਗ ਇੰਜੀਨੀਅਰ/ਪੀ.ਵੇ./ਫਿਰੋਜ਼ਪੁਰ ਦੇ ਅਨੁਭਾਗ ਤਹਿਤ ਵਿਚ ਵਖ-ਵਖ ਪੀ.ਵੇ. ਟ੍ਰੈਕ ਰਖਰਖਾਅ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | | 4962646.47/- | 99300.00/- | 60 ਦਿਨ | 12 ਮਹੀਨੇ |
| | | ਕੰਮ ਦੀ ਸਮਾਨ ਨੇਚਰ: ਕੋਈ ਨਹੀਂ। | | | |
| 3 | 143-2025-26-ADEN-2-FZR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਅਨੁਭਾਗ ਇੰਜੀਨੀਅਰ/ਪੀ.ਵੇ./ਫਾਜ਼ਿਲਕਾ ਦੇ ਅਨੁਭਾਗ ਤਹਿਤ ਵਿਚ ਵਖ-ਵਖ ਪੀ.ਵੇ. ਟ੍ਰੈਕ ਰਖਰਖਾਅ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | | 4993339.88/- | 99900.00/- | 60 ਦਿਨ | 12 ਮਹੀਨੇ |
| | | ਕੰਮ ਦੀ ਸਮਾਨ ਨੇਚਰ: ਕੋਈ ਨਹੀਂ। | | | |
| 4 | 144-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਅਨੁਭਾਗ ਇੰਜੀਨੀਅਰ/ਪੀ.ਵੇ./ਮੁਕਤਸਰ ਦੇ ਅਨੁਭਾਗ ਤਹਿਤ ਵਿਚ ਵਖ-ਵਖ ਪੀ.ਵੇ. ਟ੍ਰੈਕ ਰਖਰਖਾਅ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | | 5493977.52/- | 109900.00/- | 60 ਦਿਨ | 12 ਮਹੀਨੇ |
| | | ਕੰਮ ਦੀ ਸਮਾਨ ਨੇਚਰ : "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ/ਸਕ੍ਰੀਨਿੰਗ ਟ੍ਰੈਕ ਨੂੰ ਤਨਾਅਮੁਕਤ ਕਰਨਾ/ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਵਿਚ ਕੰਮ ਸ਼ਾਮਲ ਹਨ, ਟੀ-28 ਦੁਆਰਾ।" | | | |
| 5 | 145-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਅਨੁਭਾਗ ਇੰਜੀਨੀਅਰ/ਪੀ.ਵੇ./[illegible] ਦੇ ਅਨੁਭਾਗ ਤਹਿਤ ਵਿਚ ਵਖ-ਵਖ ਪੀ.ਵੇ. ਟ੍ਰੈਕ ਰਖਰਖਾਅ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
| | | 5493497.20/- | 109900.00/- | 60 ਦਿਨ | 12 ਮਹੀਨੇ |
| | | ਕੰਮ ਦੀ ਸਮਾਨ ਨੇਚਰ : "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ/ਸਕ੍ਰੀਨਿੰਗ ਟ੍ਰੈਕ ਨੂੰ ਤਨਾਅਮੁਕਤ ਕਰਨਾ/ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਵਿਚ ਕੰਮ ਸ਼ਾਮਲ ਹਨ, ਟੀ-28 ਦੁਆਰਾ।" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 3014/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ




## Change of Name

I, Beero W/O Kashmir Singh R/o Vill Athwal P.O Ladha Munda Teh Batala Distt Gurdaspur. I have changed my name from Beero to Jasbir Kaur. Concerned Note.

I,Veena Kumari W/O Surinder Kumar Sehgal R/O Plot No.2,Gali No.1,Sher Shah Suri Road,Abadi Gobindpura,Amritsar,Punjab have changed my name from Veena Kumari to Veena Kumari Sehgal.Concerned note.

I, Simranjeet Kaur W/O Himanshu Bhasin R/O Ward No.9,Near Old Telephone Exchange, Budhlada Mansa,Punjab have changed my name from Simranjeet Kaur to Simranjeet Kaur Katodia.Concerned note. I,Ranjit Kaur W/O Sarwan Singh R/O Basarke Gillan,Amritsar,Punjab have changed my name from Ranjit Kaur to Ranjeet Kaur .Concerned note.

I, Gurbachan Kaur W/o Beli Ram R/o Village Husainpur Distt. Nawanshahr 144517 Punjab have changed my name from Gurbachan Kaur to Bachno. Concerned note.

I Indu w/o Sh Baldev Singh R/O Ward No 11. kainthan Dasuya Teh Dasuya Distt Hoshiarpur Pb India have changed my name Indu to Indu Bala.

I, KAMALPREET SINGH S/o BALWANT SINGH, Residing at VPO Ramgarh, Ludhiana, Punjab, 141123, have changed the name of my minor Son ARSHDEEP SINGH, aged 16 years and he shall hereafter be known as ARSHPREET SINGH.

I, Tejinder Singh S/o Joginder Singh R/o Vill Gehlan, PO. Danewal, Distt. Jalandhar, Punjab have changed my name to Tejinder Singh. (Surname as Singh).

I, Raj Kumari D/o Gurnand Singh R/o V.P.O. Killi Chahlan, Moga, Punjab, 142053 changed my name Raj as Given Name and Kumari as Surname .

I, Vishal Singh S/o Swaran Singh R/o Village Bopara1 Distt Amritsar have declare that Singh is my Surname Vishal is my given name

I, Jugraj Singh S/o Dilbag Singh R/o Village Bhangwan Distt Amritsar have declare that Singh is my Surname Jugraj is my given name

I, Harman Singh S/o Hardeep Singh R/o Village Bhangwan Distt Amritsar have declare that Singh is my Surname Harman is my given name

I, Jagroop Singh S/o Narinder Singh R/o VPO Bhangwan Tehsil and District Amritsar have declare that Jagroop is my Given name and Singh is my Surname

I, Jagdesh Kaur W/o Late sh. Hardev Singh R/o Naushehra Khurd, Bye pass, Majitha Road, Amritsar-143008 (Pb) have changed my name from Jagdesh Kaur to Jagdish Kaur, plz note.

I Seema Rani W/O Balwinder Singh R/O H.no L-7/141 Gali Bardana, Opp Dear Baba Sant Bhuri Wala, Tarn Taran Road Amritsar have changed my name from Seema Rani to Seema. All concerned may please note.

I, Ramesh Singh S/o Ajaib R/o Village Shakri, P.O. Bhagowal, Tehsil & District Gurdaspur, Punjab-143511 have changed my name from Ramesh Singh to Ramesh Malik. Concerned Note.

I, Harjit Masih S/o Jasbir Masih R/o Village Malikpur, Batala, Tehsil Batala, Distt. Gurdaspur, Punjab-143505 have changed my name from Harjit Masih to Given Name as Harjit & Surname as Masih. Concerned Note.

I, Amandeep Kaur W/O Munish Kainth R/O Dhilwan, Po. Dakoha, Distt. Jalandhar, Punjab, India Declare That I am Known By Two Names Amandeep Kaur Alias Amandeep Kaur Randhawa. Both The Names Are Of One And The Same Person. All Concerned Please Note.

I, Rahul S/o Sunil Kumar R/o H.No. 265/A, Main Road, Railway Lines, Ekta Nagar, Surya Enclave, Jalandhar, Punjab have changed my name from Rahul to Rahul Gaba. All concerned please note.

I, Rajesh S/o Balwinder Sharma R/o H.No. NA 262, Mandir Wali Gali, Kishan Pura, Jalandhar, Punjab, India have changed my name from Rajesh to Rajesh Sharma. All concerned please note.

I, Bamla Devi Wife Of Bhagwan Dass Resident Of H.No. 37, Street No. 9, Kaki Pind, Rama Mandi, Jalandhar, Pin: 144023, Punjab, India Have Changed My Name From Bamla Devi To Bimla Devi. All Concerned Please Note.

I, Harmanpreet Kaur Aujla W/o Manjinder Singh Lally, resident of Vill. Nangal Shama, P.O. Ladhewali, (Jalandhar), have changed my name, Harmanpreet Kaur Aujla to Harmanpreet Kaur Aujla Lally. Concerned may note.

I, Baljeet Kaur w/o Suresh Kumar r/o 408, Basti Peer Dad, Paras Estate, Jalandhar have changed my name from Baljeet Kaur to Baljit Kaur. All Please Note.

I, Malkeet Singh s/o Fazla Singh r/o Datta Road, VPO. Kot Isse Khan, Distt. Moga have changed the spellings of my name as Malkiat Singh. All Please Note.

I, Ankit Sahni s/o Ashwani Kumar r/o 88, Kalgidhar Avenue, 66 ft. Road, Jalandhar have changed my minor daughter name from Kaashvi to Kaashvi Sahni. All Please Note.

I, Surinder S/o Hazara Ram R/o B-9, H.No. 4/2, Durga Vihar, W-6, Santokh Pura, Jalandhar, Punjab have changed my name from Surinder to Surinder Paul. All Please Note.

I, hitherto known as Bawa Sukhdeep Singh S/o Atamjit Singh R/o H.No. 534, Model Town, Jalandhar, Punjab 144003 have changed my name and shall hereafter be known as Sukhdeep Singh Bawa.

I, Monika W/o Manish Arora R/o H.No. 92, Choudhary Wali Gali, Shamsher Nagar, Kale Ghanupur Chheharta, Amritsar have changed my name from Monika to Monika Arora. After marriage. All Please Note.

I, Rohini Bhogal W/o Jatinder Kumar R/o Village Nawa Pind Sardaran, Gurdaspur, Punjab, India have changed my name from Rohini Bhogal to Rohini.

## Change of Name

I, Kirandeep Kaur D/o Nirmal Singh R/o VPO. Sangojla, Distt. Kapurthala have changed my name from Kirandeep Kaur to Kirandeep Kaur Dhinjan. All Please Note.

## PUBLIC NOTICE

I, Gurkaran Singh S/o Daljinder Singh R/o Virk Karyana Store, New Gobind Nagar Batala Road, Gurdaspur, Tehsil/Distt. Gurdaspur Pin-143521, Punjab, India declare that my given name as Gurkaran and my surname as Singh.

I, Jyoti Wife of Mohinder Pal Residing at H.No. 115, Ward No. 9, Hari Darbar Colony, Gurdaspur, Punjab-143521, do hereby declare that I have changed the name of my minor daughter Vanshika, aged 14 Years, from Vanshika to Lakshmi. All nears and dears may note.

## ਨਾਂਅ ਦੀ ਬਦਲੀ

ਮੈਂ, ਮਨਦੀਪ ਸਿੰਘ ਬਾਜਵਾ ਪੁੱਤਰ ਜਗਦੇਵ ਸਿੰਘ ਵਾਸੀ [illegible] ਨੇ ਆਪਣਾ ਨਾਂਅ ਬਦਲ ਕੇ ਮਨਦੀਪ ਸਿੰਘ ਰੱਖ ਲਿਆ ਹੈ।

ਮੈਂ ਦਵਿੰਦਰ ਸਿੰਘ ਉਰਫ ਬਲਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ [illegible] ਬਿਆਨ ਕਰਦਾ ਹਾਂ ਕਿ ਮੈਨੂੰ ਦਵਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। [illegible]

ਮੈਂ, ਅਜਿੰਦਰਪਾਲ ਪੁੱਤਰ [illegible] ਨੇ ਆਪਣਾ ਨਾਮ [illegible] ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

[illegible]

## ਬੇਦਖਲੀ ਨੋਟਿਸ

[illegible]

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਅਸੀਂ ਬੋਧਰਾਜ ਪੁੱਤਰ ਓਮ ਪ੍ਰਕਾਸ਼ ਅਤੇ ਕਮਲੇਸ਼ ਕੁਮਾਰੀ ਪਤਨੀ ਬੋਧਰਾਜ ਪਿੰਡ ਡੀਡਾ ਸੈਣੀਆਂ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਨਵਨੀਤ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ ਜਿਸ ਨੇ ਸਾਡੀ ਮਰਜ਼ੀ ਦੇ ਬਰਖਿਲਾਫ ਕਿਤੇ ਵਿਆਹ ਕਰਵਾ ਲਿਆ। ਅਸੀਂ ਦੋਵੇਂ ਉਸ ਨੂੰ ਆਪਣੀ ਸਾਰੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਮੈਂ ਮੱਖਣ ਸਿੰਘ ਪੁੱਤਰ ਸ਼ਿਵ ਸਿੰਘ ਵਾਸੀ ਪਿੰਡ ਜੰਡਿਆਲੀ ਕਲਾਂ ਜਿਲਾ ਸ਼ਹੀਦ ਭਗਤ ਸਿੰਘ ਨਗਰ ਦਾ ਸੂਚਿਤ ਕਰਦਾ ਹਾਂ ਮੇਰਾ ਲੜਕਾ ਕੁਲਵੀਰ ਸਿੰਘ ਮੇਰੇ ਅਤੇ ਮੇਰੇ ਪਰਿਵਾਰ ਨਾਲ ਲੜਾਈ ਝਗੜਾ ਕਰਦਾ ਰਹਿੰਦਾ ਹੈ। ਮੇਰੇ ਕਹਿਣੇ ਵਿੱਚ ਨਹੀ ਹੈ ਨੂੰ ਆਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਅਸੀਂ, ਸੁਰਿੰਦਰ ਕੁਮਾਰ ਪੁੱਤਰ ਸ੍ਰੀ ਤਾਰਾ ਚੰਦ ( 60 ਸਾਲ) ਅਤੇ ਜਗਦੀਸ਼ ਕੁਮਾਰੀ ਪਤਨੀ ਸੁਰਿੰਦਰ ਕੁਮਾਰ (63 ਸਾਲ) ਵਾਸੀ ਪਿੰਡ ਕੋਟ ਸਦੀਕ, ਬਸਤੀ ਗੁਜ਼ਾਂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਆਰਯਨ ਸੰਧੂ (14 ਸਾਲ) ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਬੁਰੀ ਸੰਗਤ ਵਿਚ ਪੈ ਗਿਆ ਹੈ। ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੇ ਕੋਈ ਉਸ ਦੇ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਤਪਾਲ ਸਿੰਘ ਪੁੱਤਰ ਸੁੱਖ ਰਾਮ, ਵਾਰਡ ਨੰ: 2, ਜੈਨ ਕਾਲੋਨੀ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ, ਉਸ ਦੀ ਪਤਨੀ ਨਵਜੋਤ ਮੇਰੇ ਕਹਿਣੇ ਤੋਂ ਬਾਹਰ ਹਨ। ਘਰ ਦਾ ਅਮਨ ਭੰਗ ਕੀਤਾ ਹੋਇਆ ਹੈ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਉਨ੍ਹਾਂ ਦੇ ਕਿਸੇ ਵੀ ਲੈਣ-ਦੇਣ ਅਤੇ ਮਾੜੇ ਕੰਮਾਂ ਦਾ ਜ਼ਿੰਮੇਵਾਰ ਨਹੀਂ ਹਾਂ। ਉਨ੍ਹਾਂ ਨਾਲ ਮੇਰਾ ਕਿਸੇ ਤਰ੍ਹਾਂ ਦਾ ਵੀ ਲੈਣ-ਦੇਣ ਨਹੀਂ ਹੈ। ਉਹ ਆਪਣੇ ਗਲਤ ਕੀਤੇ ਕੰਮਾਂ ਦੇ ਖੁਦ ਜ਼ਿੰਮੇਵਾਰ ਹੋਣਗੇ। ਸੰਬੰਧਤ ਨੋਟ ਕਰਨ।

ਮੈਂ, ਸ਼ੀਲਾ ਦੇਵੀ ਪਤਨੀ ਬਿਧੀ ਸਿੰਘ, ਵਾਸੀ ਪਿੰਡ ਡੰਡੋਹ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਵੱਡੀ ਲੜਕੀ ਸੁਮਨ ਜਸਵਾਲ ਪਤਨੀ ਯਾਮੀਸ਼ ਜਸਵਾਲ, ਵਾਸੀ ਮਕਾਨ ਨੰ: 135, ਰਮਨ ਇਨਕਲੇਵ, ਰਿਸ਼ੀ ਨਗਰ, ਲੁਧਿਆਣਾ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਸੁਮਨ ਜਸਵਾਲ ਅਤੇ ਇਸ ਦੇ ਸਹੁਰੇ ਪਰਵਾਰ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਦੀਪਕ ਅਗਰਵਾਲ ਪੁੱਤਰ ਨੰਦ ਕਿਸ਼ੋਰ ਵਾ ਨੀਲਮ ਅਗਰਵਾਲ ਪਤਨੀ ਸ੍ਰੀ ਦੀਪਕ ਅਗਰਵਾਲ, ਵਾਸੀਆਨ ਮਕਾਨ ਨੰਬਰ 91, ਨੇੜੇ ਕਲਿਆਣੀ ਪਬਲਿਕ ਸਕੂਲ ਖੁਖਰੈਣ ਕਾਲੋਨੀ ਸਲੇਮਪੁਰ ਮੁਸਲਮਾਨਾਂ, ਡਾਕਖਾਨਾ ਰੰਧਾਵਾ ਮਸੰਦਾਂ, ਤਹਿ. ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਲਿਖਿਲ ਅਗਰਵਾਲ ਵਾ ਇਸ ਦੀ ਪਤਨੀ ਮੁਸਕਾਨ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈ, ਨਾਇਬ ਸਿੰਘ ਪੁੱਤਰ ਜਗਰਾਜ ਸਿੰਘ ਪਿੰਡ ਥੰਮਣਵਾਲਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਧਰਮਿੰਦਰ ਸਿੰਘ ਅਤੇ ਨੂੰਹ ਸਿਮਰਨਜੀਤ ਕੌਰ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਰਿੰਦਰ ਪੁਰੀ ਪੁੱਤਰ ਲੇਟ ਸ੍ਰੀ ਓਮ ਪ੍ਰਕਾਸ਼ ਪੁਰੀ, ਵਾਸੀ ਮਕਾਨ ਨੰ: 8-ਏ/155, ਨਿਊ ਵਿਜੇ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਿਤ ਪੁਰੀ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਅਤੇ ਪਰਵਾਰ ਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰਾ ਪਰਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਜਰੰਗੀ ਮਾਹਤੋ ਪੁੱਤਰ ਰਘੂ ਮਾਹਤੋ ਅਤੇ ਚੰਪਾ ਦੇਵੀ ਪਤਨੀ ਬਜਰੰਗੀ ਮਾਹਤੋ, ਵਾਸੀਆਨ ਪਿੰਡ ਅਤੇ ਡਾਕਖਾਨਾ ਮੰਡ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਨਿਸ਼ੂ ਕੁਮਾਰੀ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਜਸਬੀਰ ਸਿੰਘ ਪੁੱਤਰ ਪੂਰਨ ਸਿੰਘ ਅਤੇ ਪਰਮਿੰਦਰ ਕੌਰ ਪਤਨੀ ਜਸਬੀਰ ਸਿੰਘ ਦੋਨੋਂ ਵਾਸੀ ਮਕਾਨ ਨੰ: 51, ਅਨੂਪ ਨਗਰ, ਬਸਤੀ ਦਾਨਿਸ਼ਮੰਦਾਂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨੀਤਿਨ ਵਾ ਉਸ ਦੀ ਪਤਨੀ ਅਕਾਸ਼ਾ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਾਂ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜੋਗਿੰਦਰ ਸਿੰਘ ਪੁੱਤਰ ਸ੍ਰੀ ਗੁਰਬਖਸ਼ ਸਿੰਘ ਵਾਸੀ ਪਿੰਡ ਬਲਾਲਾ ਥਾਨਾ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਰਮਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਦਰਸ਼ਨ ਪੁੱਤਰ ਲੇਟ ਸ੍ਰੀ ਹਰੀ ਚੰਦ ਪੁੱਤਰ ਲੇਟ ਸ੍ਰੀ ਦੱਤਾ ਰਾਮ ਵਾਸੀ ਪਿੰਡ ਸੱਤੋਵਾਲੀ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਤੁੱਲ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਵਾ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜਸਵਿੰਦਰ ਕੌਰ ਪਤਨੀ ਸੰਤੋਖ ਸਿੰਘ ਵਾਸੀ ਪਿੰਡ ਉੱਚਾ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜਸਬੀਰ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਨਵਾਂ ਰੰਗੜ ਨੰਗਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਹਰਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਅਸੀਂ, ਸ਼ੰਕਰ ਲਾਲ ਪੁੱਤਰ ਲੇਟ ਨਰਾਇਣ ਜੀ ਅਤੇ ਗੀਤਾ ਪਤਨੀ ਸ਼ੰਕਰ ਲਾਲ ਵਾਸੀ ਮਕਾਨ ਨੰ. ਈ. ਐਨ. 199, ਕੱਲੋਵਾਨੀ ਮੁਹੱਲਾ, ਨੇੜੇ ਅਟਾਰੀ ਬਜਾਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪ੍ਰਕਾਸ਼ ਅਤੇ ਉਸਦੀ ਪਤਨੀ ਕਾਂਤਾ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮਨਜੀਤ ਸਿੰਘ ਪੁੱਤਰ ਸੁਦਾਗਰ ਸਿੰਘ ਵਾਸੀ ਪਿੰਡ ਫੁੱਲੇਵਾਲ, ਡਾਕਖਾਨਾ ਲੱਖਨ ਕਲਾਂ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸ਼ੰਮੀ ਕੁਮਾਰ ਅਤੇ ਉਸਦੀ ਪਤਨੀ ਪੂਜਾ ਰਾਣੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਸੁਰਿੰਦਰ ਸਿੰਘ ਪੁੱਤਰ ਸ੍ਰੀ ਸਾਈਂ ਦਾਸ ਅਤੇ ਕਰਮਜੀਤ ਕੌਰ ਪਤਨੀ ਸ੍ਰੀ ਸੁਰਿੰਦਰ ਸਿੰਘ, ਵਾਸੀ ਪਿੰਡ ਖੱਖ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡੀ ਨੂੰਹ ਕਵਲਜੀਤ ਕੌਰ ਪਤਨੀ ਸ੍ਰੀ ਗੁਰਵਿੰਦਰ ਸਿੰਘ, ਜੋ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ -ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਧਨਕੇਸਰ ਸਿੰਘ ਪੁੱਤਰ ਵਰਿਆਮ ਸਿੰਘ ਪੁੱਤਰ ਸੁੱਚਾ ਸਿੰਘ, ਵਾਸੀ ਕੁੱਸਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਖੇਵਟ ਨੰਬਰ 366/347,884/853, 976/941, 883/853,365/346 ਖਤੌਨੀ ਨੰਬਰ 484, 1219-2020, 1335, 1217, 483 ਜਮ੍ਹਾਂਬੰਦੀ ਸਾਲ 2020-2021 ਵਾਕਿਆ ਰਕਬਾ ਕੁੱਸਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 08-10-2025 ਮੁਕੱਰਰ ਹੈ । ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ ।

1) ਆਤਮਾ ਸਿੰਘ ਪੁੱਤਰ ਹਰਨਾਮ ਸਿੰਘ ਪੁੱਤਰ ਸੁੱਚਾ ਸਿੰਘ (2) ਜਗਦੇਵ ਸਿੰਘ ਪੁੱਤਰ ਹਰਬੰਤ ਸਿੰਘ ਪੁੱਤਰ ਸ਼ੇਰ ਸਿੰਘ (3) ਜਗਰੂਪ ਸਿੰਘ ਪੁੱਤਰ ਗੁਲਜਾਰਾ ਸਿੰਘ ਪੁੱਤਰ ਧੀਰ ਸਿੰਘ (4) ਮੇਜਰ ਸਿੰਘ ਪੁੱਤਰ ਹਰਨਾਮ ਸਿੰਘ ਪੁੱਤਰ ਸੁੱਚਾ ਸਿੰਘ (5) ਗੁਰਦੀਪ ਕੌਰ ਪਤਨੀ ਬਲਜਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ (6) ਬਲਕੇਸਰ ਸਿੰਘ ਪੁੱਤਰ ਵਰਿਆਮ ਸਿੰਘ ਪੁੱਤਰ ਸੁੱਚਾ ਸਿੰਘ (7) ਸੰਪੂਰਨ ਸਿੰਘ (8) ਬਚਿੱਤਰ ਸਿੰਘ ਪੁੱਤਰਾਨ ਕਰਨੈਲ ਸਿੰਘ ਪੁੱਤਰਾਨ ਜਵਾਲਾ ਸਿੰਘ (9) ਰਛਪਾਲ ਸਿੰਘ ਪੁੱਤਰ ਬਲਕੇਸਰ ਸਿੰਘ ਪੁੱਤਰ ਵਰਿਆਮ ਸਿੰਘ (10) ਸਿਮਰਜੀਤ ਸਿੰਘ ਪੁੱਤਰ ਇਕਬਾਲ ਸਿੰਘ ਪੁੱਤਰ ਬਲਕੇਸਰ ਸਿੰਘ, ਸਾਰੇ ਵਾਸੀਆਨ ਪਿੰਡ ਕੁੱਸਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, (11) ਮੈਨੇਜਰ ਐੱਚ.ਡੀ.ਐੱਫ.ਸੀ. ਬੈਂਕ ਬੱਧਨੀ ਕਲਾਂ, ਜ਼ਿਲ੍ਹਾ ਮੋਗਾ, (12) ਮੈਨੇਜਰ ਸਟੇਟ ਬੈਂਕ ਆਫ ਪਟਿਆਲਾ ਬੱਧਨੀ ਕਲਾਂ (13) ਮੈਨੇਜਰ ਯੂਨੀਅਨ ਬੈਂਕ ਆਫ ਇੰਡੀਆ ਫੂਲਾਂਵਾਲ, ਜ਼ਿਲ੍ਹਾ ਲੁਧਿਆਣਾ (14) ਮੈਨੇਜਰ ਆਈ.ਸੀ.ਆਈ.ਸੀ. ਆਈ. ਬੈਂਕ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ (ਮੋਗਾ)।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ-ਕਮ- ਨਾਇਬ ਤਹਿਸੀਦਾਲ, ਨੂਰਪੁਰ ਬੇਦੀ ਜ਼ਿਲ੍ਹਾ ਰੂਪਨਗਰ।

ਵਿਸ਼ਾ:- ਮਾਲ ਰਿਕਾਰਡ ਵਿਚ ਨਾਂਅ ਦਰੁਸਤ ਕਰਨ ਸਬੰਧੀ।

ਦ/ਵੱਲੋਂ ਮਹਿੰਦਰਪਾਲ ਪੁੱਤਰ ਸ੍ਰੀ ਊਧਮ ਸਿੰਘ, ਵਾਸੀ ਪਿੰਡ ਅਬਿਆਣਾ ਕਲਾਂ, ਤਹਿਸੀਲ ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਮ ਤੇ ਖਾਸ ਅਤੇ ਜਨ ਸਧਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਹਿੰਦਰਪਾਲ ਪੁੱਤਰ ਸ੍ਰੀ ਊਧਮ ਸਿੰਘ ਵਾਸੀ ਪਿੰਡ ਅਬਿਆਣਾ ਕਲਾਂ, ਤਹਿਸੀਲ ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ ਨੇ ਨਿਮਨ ਹਸਤਾਖਰ ਦੇ ਦਫਤਰ ਵਿਖੇ ਲਿਖਤੀ ਦਰਖਾਸਤ ਪੇਸ਼ ਕੀਤੀ ਹੈ ਕਿ ਉਸ ਦੀ ਪਿੰਡ ਅਬਿਆਣਾ ਕਲਾਂ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਜ਼ਮੀਨ ਪੈਂਦੀ ਹੈ। ਮਾਲ ਰਿਕਾਰਡ ਅਨੁਸਾਰ ਜਮ੍ਹਾਂਬੰਦੀ ਸਾਲ 2022-23 ਪਿੰਡ ਅਬਿਆਣਾ ਕਲਾਂ, ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਦੇ ਮਾਲ ਰਿਕਾਰਡ ਵਿੱਚ ਪ੍ਰਾਰਥੀ ਦਾ ਨਾਂਅ ਹਰਮਿੰਦਰ ਸਿੰਘ ਪੁੱਤਰ ਊਧਮ ਸਿੰਘ ਦਰਜ ਹੈ, ਜਦਕਿ ਪ੍ਰਾਰਥੀ ਦਾ ਅਸਲ ਨਾਂਅ ਮਹਿੰਦਰ ਪਾਲ ਪੁੱਤਰ ਸ੍ਰੀ ਊਧਮ ਸਿੰਘ ਹੈ। ਇਹ ਦੋਵੇਂ ਨਾਂਅ ਇੱਕੋ ਵਿਅਕਤੀ ਦੇ ਹੀ ਹਨ। ਦਰਖਾਸਤ ਕਰਤਾ ਮਾਲ ਰਿਕਾਰਡ ਪਿੰਡ ਅਬਿਆਣਾ ਕਲਾਂ ਵਿੱਚ ਆਪਣਾ ਨਾਂਅ ਹਰਮਿੰਦਰ ਸਿੰਘ ਉਰਫ ਮਹਿੰਦਰਪਾਲ ਪੁੱਤਰ ਊਧਮ ਸਿੰਘ ਕਰਾਉਣਾ ਚਾਹੁੰਦਾ ਹੈ। ਪ੍ਰਾਰਥੀ ਦੀ ਦਰਖਾਸਤ ਸੰਬੰਧੀ ਰਿਪੋਰਟ ਲਈ ਪਟਵਾਰੀ ਹਲਕਾ ਨੂੰ ਲਿਖਿਆ ਗਿਆ। ਪਟਵਾਰੀ ਹਲਕਾ ਵੱਲੋਂ ਪੜਤਾਲ ਉਪਰੰਤ ਲਿਖਿਆ ਗਿਆ ਕਿ ਮਾਲ ਰਿਕਾਰਡ ਪਿੰਡ ਅਬਿਆਣਾ ਕਲਾਂ ਪਿੰਡ ਦਾ ਮਾਲ ਰਿਕਾਰਡ ਵਾਚਿਆ ਗਿਆ, ਜਿਸ ਤੋਂ ਪਾਇਆ ਗਿਆ ਕਿ ਪ੍ਰਾਰਥੀ ਦਾ ਨਾਂਅ ਹਰਮਿੰਦਰ ਸਿੰਘ ਪੁੱਤਰ ਊਧਮ ਸਿੰਘ ਹੈ।ਇਸ ਸੰਬੰਧੀ ਪੰਜਾਬ ਸਰਕਾਰ ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਭੌਂ ਮਾਲੀਆ ਸ਼ਾਖਾ) ਚੰਡੀਗੜ੍ਹ ਜੀ ਦੇ ਦਫਤਰ ਦੇ ਮੀਮੋ ਨੰਬਰ 25/78/2012-ਭ.ਮ.-2/12445-71 ਮਿਤੀ 26-07-2013 ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਪਿੰਡ ਅਬਿਆਣਾ ਕਲਾਂ ਦੇ ਮਾਲ ਰਿਕਾਰਡ ਵਿੱਚ ਉਕਤ ਦਰੁਸਤੀ ਕਰਨ ਸੰਬੰਧੀ ਕਿਸੇ ਆਮ ਅਤੇ ਖਾਸ ਨੂੰ ਵੀ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਇਸ ਪਬਲਿਕ ਨੋਟਿਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਦੇ 15 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿਚ ਪੇਸ਼ ਕਰ ਸਕਦਾ ਹੈ। ਸਮਾਂ ਗੁਜ਼ਰਨ ਤੋਂ ਬਾਅਦ ਕਿਸੇ ਦੇ ਵੀ ਇਤਰਾਜ਼ 'ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ।

ਸਹੀ/-ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ, ਨੂਰਪੁਰ ਬੇਦੀ।

ਨੰਬਰ 782/ਰੀਡਰ ਮਿਤੀ : 30.09.2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਮਨਿੰਦਰ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ

ਮਿਸਲ ਨੰ : 17/ਟੀ ਦਾਇਰ ਮਿਤੀ : 19.04.2024

ਪਿੰਡ : ਗੜ੍ਹੀ ਭਾਰਟੀ ਤਾਰੀਖ ਪੇਸ਼ੀ : 27.10.2025

ਕਿਸਮ ਕੇਸ : ਤਕਸੀਮ

1. ਬਲਵੀਰ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਮੇਲਾ ਸਿੰਘ ਵਾਸੀ ਪਿੰਡ ਬਜੀਦਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। .......ਫਰੀਕ ਅੱਵਲ

ਬਨਾਮ

(1) ਚੈਂਚਲ ਸਿੰਘ 2. ਮੇਜਰ ਸਿੰਘ 3. ਸ਼ਮਸ਼ੇਰ ਸਿੰਘ 4. ਸਾਧਾ ਸਿੰਘ ਪੁੱਤਰਾਨ ਨਰੰਜਣ ਸਿੰਘ ਪੁੱਤਰ ਬੰਤਾ ਸਿੰਘ 5. ਗਿਆਨ ਸਿੰਘ 6. ਗੁਰਮੀਤ ਸਿੰਘ ਪੁੱਤਰਾਨ ਹਰਨਾਮ ਸਿੰਘ ਪੁੱਤਰ ਨਰੰਜਣ ਸਿੰਘ 7. ਗੁਰਮੇਜ ਕੌਰ ਵਿਧਵਾ ਉਂਕਾਰ ਸਿੰਘ ਪੁੱਤਰ ਪਿਆਰਾ ਸਿੰਘ 8. ਜਸਵੀਰ ਸਿੰਘ 9. ਹਰਨੇਕ ਸਿੰਘ ਪੁੱਤਰਾਨ ਉਂਕਾਰ ਸਿੰਘ 10 ਗੱਜਣ ਸਿੰਘ 11. ਮਨਧੀਰ ਸਿੰਘ ਪੁੱਤਰਾਨ ਕਰਤਾਰ ਸਿੰਘ 12. ਕਸ਼ਮੀਰ ਕੌਰ 13. ਹਰਬੰਸ ਕੌਰ 14. ਜੋਗਿੰਦਰ ਕੌਰ ਪੁੱਤਰੀਆਨ ਕਰਤਾ ਸਿੰਘ ਪੁੱਤਰ ਊਧਮ ਸਿੰਘ 15. ਸੁਰਜੀਤ ਸਿੰਘ 16. ਗੁਰਦੀਪ ਸਿੰਘ ਪੁੱਤਰਾਨ ਸਵਰਨ ਸਿੰਘ (ਰਾਹੀਂ ਵਾਰਿਸ ਦਰਸ਼ਨ ਕੌਰ ਮਾਤਾ, ਗੱਡੂ ਪੁੱਤਰ) 17. ਸੁੱਚਾ ਸਿੰਘ 18. ਜਗਤਾਰ ਸਿੰਘ ਪੁੱਤਰਾਨ ਬਖਸ਼ੀਸ਼ ਸਿੰਘ ਪੁੱਤਰ ਰਾਮ ਸਿੰਘ, 19. ਹਰਪਾਲ ਸਿੰਘ 20. ਅਮਰਜੀਤ ਸਿੰਘ 21. ਜਰਨੈਲ ਸਿੰਘ ਪੁੱਤਰਾਨ ਹਰਬੰਸ ਸਿੰਘ ਪੁੱਤਰ ਤਰਸੇਮ ਸਿੰਘ 22. ਮਲਕੀਤ ਕੌਰ ਵਿਧਵਾ ਹਰਬੰਸ ਸਿੰਘ, ਸਾਰੇ ਵਾਸੀਆਨ ਪਿੰਡ ਬਜੀਦਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 23. ਬੈਂਕ ਆਫ਼ ਪੰਜਾਬ ਨਵਾਂਸ਼ਹਿਰ।

( ਦਰਖਾਸਤ ਬਰਾਏ ਕਰਨੇ ਵੰਡ ਅਰਾਜੀ)

1. ਰਕਬਾ 02ਕ-07ਮ. ਖੇਵਟ ਨੰ: 41 ਖਤੌਨੀ ਨੰ. 45
2. ਰਕਬਾ 18ਕ-12ਮ. ਖੇਵਟ ਨੰ: 42 ਖਤੌਨੀ ਨੰ:46.
3. ਰਕਬਾ 13ਕ-07ਮ. ਖੇਵਟ ਨੰ: 43 ਖਤੌਨੀ ਨੰ: 47
4. ਰਕਬਾ 10ਕ-03ਮ. ਖੇਵਟ ਨੰ:137 ਖਤੌਨੀ ਨੰ: 141
5. ਰਕਬਾ 03ਕ-03ਮ. ਖੇਵਟ ਨੰ: 178 ਖਤੌਨੀ ਨੰ: 188
6. ਰਕਬਾ 06ਕ-02ਮ. ਖੇਵਟ ਨੰ. 246 ਖਤੌਨੀ ਨੰ: 257
7. ਰਕਬਾ 04ਕ-13ਮ. ਖੇਵਟ ਨੰ. 278 ਖਤੌਨੀ ਨੰ: 289
8. ਰਕਬਾ 07ਕ-01ਮ. ਖੇਵਟ ਨੰ: 367 ਖਤੌਨੀ ਨੰ: 385
9. ਰਕਬਾ 16ਕ-07ਮ. ਖੇਵਟ ਨੰ: 377 ਖਤੌਨੀ ਨੰ: 395-396-397-398
10. ਰਕਬਾ 20ਕ-00ਮ. ਖੇਵਟ ਨੰ: 383 ਖਤੌਨੀ ਨੰ: 405

ਬਰੂਏ ਫਰਦ ਜਮ੍ਹਾਂਬੰਦੀ ਸਾਲ 2016-2017, ਵਾਕਿਆ ਰਕਬਾ ਪਿੰਡ ਗੜ੍ਹੀ ਭਾਰਟੀ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ........ਫਰੀਕ ਦੋਇਮ

ਪਬਲੀਕੇਸ਼ਨ

ਉਪਰੋਕਤ ਅਨੁਵਾਨ ਮੁਕੱਦਮਾ ਅਧੀਨ ਤਕਸੀਮ ਕੇਸ ਵਿੱਚ ਫਰੀਕ ਦੋਇਮ ਪਿੰਡ ਵਿੱਚ ਰਿਹਾਇਸ਼ ਨਹੀਂ ਰੱਖਦੇ ਹਨ। ਇਸ ਕਰਕੇ ਫਰੀਕ ਦੋਇਮਾਂ ਦੀ ਅਸਾਲਤਨ ਇਤਲਾਹ ਨਹੀਂ ਹੋ ਸਕੀ। ਜਿਸ ਤੋਂ ਪਾਇਆ ਗਿਆ ਕਿ ਫਰੀਕ ਦੋਇਮਾਂ ਦੀ ਮਾਮੂਲੀ ਤਰੀਕੇ ਨਾਲ ਇਤਲਾਹ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 27.10.2025 ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਫਰੀਕ ਦੋਇਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਵੇ। ਉਕਤ ਮੁਕੱਰਰ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਅੱਜ ਮਿਤੀ 19.09.2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ।

ਨੰ: 593/ਰੀਡਰ-1, ਮਿਤੀ : 10.09.2025

## ਬੇਦਖਲੀ ਨੋਟਿਸ

ਮੈਂ, ਕਮਲੇਸ਼ ਰਾਣੀ ਵਿਧਵਾ ਬਿਸ਼ੰਬਰ ਸਿੰਘ ਵਾਸੀ ਨਬੀਪੁਰ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮੁਕੇਸ਼ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੇਜਰ ਸਿੰਘ ਪੁੱਤਰ ਬੁੜਾ ਸਿੰਘ ਵਾਸੀ ਇਸਲਾਮਪੁਰ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਅੰਸ਼ਿਕਾ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ੁੰਮੇਵਾਰ ਹੋਵੇਗਾ।

ਅਸੀਂ, ਲਖਬੀਰ ਸਿੰਘ ਪੁੱਤਰ ਜਗੀਰ ਸਿੰਘ ਅਤੇ ਨਰਿੰਦਰਜੀਤ ਕੌਰ ਪਤਨੀ ਲਖਬੀਰ ਸਿੰਘ ਵਾਸੀ ਹਰਦੋਛੰਨੀ ਰੋਡ, ਨਿਊ ਕਲੋਨੀ ਹਯਾਤ ਨਗਰ, ਗੁਰਦਾਸਪੁਰ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਕੁਲਜੀਤ ਸਿੰਘ ਅਤੇ ਉਸ ਦੀ ਪਤਨੀ ਪ੍ਰਭਜੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ-ਦੇਣ ਕਰਨਾ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਹਨਾਂ ਨਾਲ ਅੱਜ ਤੋਂ ਬਾਅਦ ਕੋਈ ਤਲਕ ਵਾਸਤਾ ਨਹੀਂ ਹੈ।

ਮੈਂ, ਸਰਵਨ ਸਿੰਘ ਪੁੱਤਰ ਗੁਰਬਚਨ ਸਿੰਘ, ਵਾਸੀ ਪਿੰਡ/ਡਾਕਖਾਨਾ ਗਹੋਤ ਪੋਕਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੈਂ ਆਪਣੇ ਲੜਕੇ ਸੁਖਜਿੰਦਰ ਸਿੰਘ ਅਤੇ ਇਸ ਦੀ ਪਤਨੀ ਕੋਮਲਪ੍ਰੀਤ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## COURT NOTICE

(U/o 5 Rule 20 CPC)
In the Court of
Ms. Anshul Berry
Principal Judge Family Court Bathinda, Camp at Phul
CW/76/2025
CNR No. PBBT01-010956-2025
Next Date :- 24-10-2025
Jagdev Kaur
Vs.
General Public
Petition under section 7 of Guardian & Ward Act.
Publication Issued to :
General Public

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 24.10.2025 at 10:00 A.M.

For details logon to https://highcourtchd.gov.in/?mod=district notice&district=Bathinda

Principal Judge Family Court Bathinda, Camp at Phul
Dated this day of 24-09-2025

## COURT NOTICE

(U/o 5 Rule 20 CPC)
In the Court of
Ms. Ekta Sahota
Additional Civil Judge Senior Division-1 Patiala
CNR No. PBPT02-002633-2025
Next Date :- 28-10-2025
Sharanjit Singh
Vs.
General Public
Publication Issued to :
General Public

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 28.10.2025 at 10:00 A.M.

For details logon to https://highcourtchd.gov.in/?mod=district notice&district=Patiala

Additional Civil Judge Senior Division-1 Patiala
Dated this day of 22-09-2025

## COURT NOTICE

(U/o 5 Rule 20 CPC)
In the Court of Ms. Arpna
Civil Judge (Junior Division)-15, Jalandhar
CNR No. PBJL02-000672-2019
Next Date :- 27-10-2025
Sushma
Vs.
Saroj Bala

Suit for grant of decree for Specific performance of agreement to sell.Suit for grant of decree for Permanent injunction as prayed for

Publication Issued to :
Anu Mita
Spouse : Paramvir Singh
Ghoshal Farm, Basti Danishmanda, Jalandhar.

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 27-10-2025 at 10:00 A.M.

For details logon to https://highcourtchd.gov.in/?mod=district-_notice&district= Jalandhar

Civil Judge (Junior Division)-15, Jalandhar
Dated this day of 29-09-2025

## COURT NOTICE

(U/o 5 Rule 20 CPC)
(Under Guardian and Ward Act)
In the Court of
Sh Jasvir Singh
Additional Principal Judge Family Court-II, Jalandhar
CNR No. PBJL01-007926-2025
Next Date :- 13-11-2025
Kuldip Kaur
Vs.
Surinder Singh
Notice to : General Public
: General Public

In above titled case, the defendant (s)/respondent (s) could not be served. It is ordered that defendant(s) respondent (s) should appear in person or through counsel on 13-11-2025 at 10:00 A.M.

For details logon to https://highcourtchd.gov.in/?mod=district_notice&district=Jalandhar

Additional Principal Judge Family Court-II, Jalandhar
Dated this day of 24-09-2025

## COURT NOTICE

(U/o 5 Rule 20 CPC)
In the Court of
Sh. Amrinder Pal Singh
Principal Judge Family Court Dhuri
CNR No. PBSGF3-000238-2024
Next Date :- 01-10-2025
Sukhpal Singh
Vs.
Himanshi
Publication Issued To :
Himanshi
Spouse : Sukhpal Singh
Daughter of Kuldeep Singh now residing House No. 166 Laroya, District Jalandhar.

In above titled case, the defendant (s)/respondent (s) could not be served. It is ordered that defendant(s) respondent (s) should appear in person or through counsel on 01-10-2025 at 10:00 A.M.

For details logon to https://highcourtchd.gov.in/?mod=district_notice&district=Sangrur

Principal Judge Family Court Dhuri
Dated this day of 25-09-2025

# ਮਜ਼ਦੂਰਾਂ ਵੱਲੋਂ ਹੜ੍ਹਾਂ/ਮੀਂਹਾਂ ਦੇ ਮੁਆਵਜ਼ੇ ਲਈ ਕੀਤੇ ਜਾਣਗੇ ਮੋਟਰਸਾਈਕਲ ਮਾਰਚ



ਮੁਕਤਸਰ (ਸ਼ਮਿੰਦਰਪਾਲ/ਪੂਜਾ) ਹੜ੍ਹਾਂ/ਬਾਰਸ਼ਾਂ ਕਾਰਨ ਹੋਏ ਭਾਰੀ ਜਾਨੀ-ਮਾਲੀ ਨੁਕਸਾਨ ਦੇ ਮੁਆਵਜ਼ੇ ਲਈ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਦਿੱਤੇ ਪੰਜਾਬ ਪੱਧਰੇ ਸੱਦੇ ਉੱਤੇ ਜ਼ਿਲ੍ਹਾ ਮੁਕਤਸਰ ਅੰਦਰ 4 ਬਲਾਕਾਂ ਵਿੱਚ ਸੈਂਕੜੇ ਮਜ਼ਦੂਰ ਮੋਟਰਸਾਈਕਲ ਮਾਰਚ ਕਰਕੇ ਸੂਬਾ ਸਰਕਾਰ ਤੋਂ ਹੜ ਪ੍ਰਭਾਵਤ ਲੋਕਾਂ ਲਈ ਮੁਆਵਜ਼ੇ ਦੀ ਮੰਗ ਕਰਨਗੇ।ਸਾਂਝੇ ਮੋਰਚੇ ਦੇ ਆਗੂ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਤਰਸੇਮ ਖੁੰਡੇ ਹਲਾਲ ਨੇ ਦੱਸਿਆ ਕਿ ਮੁਕਤਸਰ ਭਾਈ ਮਹਾਂ ਸਿੰਘ ਹਾਲ ਵਿਖੇ ਸਾਂਝੇ ਮੋਰਚੇ ਦੀ ਮੀਟਿੰਗ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਖ਼ਜ਼ਾਨਚੀ ਤੇਜਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਪੱਧਰੀ ਸੱਦੇ ਤਹਿਤ 4-5 ਅਕਤੂਬਰ ਨੂੰ ਪੰਜਾਬ ਭਰ ਵਿਚ ਪਿੰਡਾਂ ਅੰਦਰ ਝੰਡਾ ਮਾਰਚ ਕਰਨ ਦੇ ਫੈਸਲੇ ਤਹਿਤ ਜ਼ਿਲ੍ਹਾ ਮੁਕਤਸਰ ਦੇ ਚਾਰ ਬਲਾਕਾਂ ਵਿੱਚ 4 ਤੇ 5 ਅਕਤੂਬਰ ਨੂੰ ਮੋਟਰਸਾਈਕਲ ਮਾਰਚ ਕੀਤੇ ਜਾਣਗੇ। ਮੀਟਿੰਗ 'ਚ ਹਾਜ਼ਰ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਹਰਜੀਤ, ਜਗਜੀਤ ਜੱਸੇਆਣਾ, ਤੇਜਾ ਸਿੰਘ ਕਰਮ ਮਦਰੱਸਾ ਸਰਪੰਚ ਕੰਮ ਮਜ਼ਦੂਰ ਯੂਨੀਅਨ ਦੇ ਕਰਮਜੀਤ ਕੌਰ ਲੱਕੜਾਂਵਾਲੀ, ਮੇਜਰ ਸਿੰਘ ਸ਼ੀਰਵਾਲਾ, ਤੋਤਾ ਸਿੰਘ ਗਰੇਵਾਲਾ, ਬਲਵੀਰ ਸਿੰਘ ਨੇ ਕਿਹਾ ਕਿ ਹੜ੍ਹਾਂ ਦੀ ਸਿੱਧੀ ਮਾਰ ਹੇਠ ਆਏ ਲੋਕਾਂ ਦਾ ਜਿੱਥੇ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ ਹੈ, ਉੱਥੇ ਮਜ਼ਦੂਰ ਵਰਗ ਦੇ ਲੋਕਾਂ ਦੇ ਪੂਰੇ ਪੰਜਾਬ ਅੰਦਰ ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਜਥੇਬੰਦੀਆਂ ਦੇ ਸੰਘਰਸ਼ ਕਰਨ ਤੋਂ ਬਾਅਦ ਬੇਸ਼ੱਕ ਸਰਕਾਰ ਨੇ ਢਹਿ ਗਏ ਘਰਾਂ ਦੇ ਨੁਕਸਾਨੇ ਘਰਾਂ ਲਈ ਕੁਝ ਮੁਆਵਜ਼ਾ ਰਾਸ਼ੀ ਐਲਾਨੀ ਹੈ, ਜੋ ਨੁਕਸਾਨ ਦੇ ਮੁਕਾਬਲੇ ਬਹੁਤ ਊਣੀ ਹੈ। ਆਗੂਆਂ ਨੇ ਕਿਹਾ ਕਿ ਸਿਤਮਜ਼ਰੀਫੀ ਤਾਂ ਇਹ ਹੈ ਕਿ ਅਜੇ ਤੱਕ ਕੋਈ ਅਧਿਕਾਰੀ ਮਜ਼ਦੂਰ ਘਰਾਂ ਦੇ ਸਰਵੇ ਕਰਨ ਨਹੀਂ ਆਇਆ, ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸੂਬਾ ਸਰਕਾਰ ਕਿੰਨੀ ਕੁ ਸੰਜੀਦਾ ਹੈ। ਉਨ੍ਹਾਂ ਕਿਹਾ ਕਿ 2023 ਦੇ ਹੜ੍ਹਾਂ ਵੇਲੇ ਵੀ ਸਿਰਫ ਐਲਾਨ ਹੀ ਰਹਿ ਗਏ ਸਨ। ਲੋਕਾਂ ਨੂੰ ਮੁਆਵਜ਼ਾ ਨਹੀਂ ਸੀ ਮਿਲਿਆ। ਉਨ੍ਹਾਂ ਕਿਹਾ ਕਿ ਸਾਂਝਾ ਮਜ਼ਦੂਰ ਮੋਰਚਾ ਮੰਗ ਕਰਦਾ ਹੈ ਕਿ ਹੜ੍ਹਾਂ/ਬਾਰਿਸ਼ਾਂ ਨਾਲ ਢਹਿ ਗਏ ਘਰਾਂ ਨੂੰ ਮੁੜ ਉਸਾਰਨ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ, ਹੜ੍ਹਾਂ 'ਚ ਜਾਨ ਗੁਆਉਣ ਵਾਲੇ ਪੀੜਤਾਂ ਦੇ ਪਰਿਵਾਰਾਂ ਨੂੰ ਘੱਟੋ ਘੱਟ 25 ਲੱਖ ਰੁਪਏ ਤੇ ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਪਰਵਾਰ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਇਨ੍ਹਾਂ ਮਾਰਚਾਂ ਵਿਚ ਵੱਧ ਤੋਂ ਵੱਧ ਗਿਣਤੀ 'ਚ ਸ਼ਾਮਲ ਹੋਵੋ।

# ਯੂਨੀਵਰਸਿਟੀ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ



ਮੂਨਕ, (ਰਾਜਪਾਲ ਸਿੰਗਲਾ) ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਆਗੂ ਹੁਸ਼ਿਆਰ ਸਿੰਘ ਸਲੇਮਗੜ੍ਹ ਤੇ ਗੁਰਵਿੰਦਰ ਬਠਿੰਡਾ ਨੇ ਕਿਹਾ ਕਿ ਪੰਜਾਬ ਦੀਆਂ ਦੋ ਯੂਨੀਵਰਸਿਟੀਆਂ ਦੇ ਵਿਦਿਆਰਥੀ ਤਕਰੀਬਨ ਇੱਕ ਹਫਤੇ ਤੋਂ ਪੱਕੇ ਮੋਰਚਿਆਂ 'ਤੇ ਬੈਠੇ ਹਨ।ਪੀ ਏ ਯੂ ਲੁਧਿਆਣਾ ਦੇ ਵਿਦਿਆਰਥੀ ਮੰਗ ਕਰ ਰਹੇ ਹਨ ਕਿ ਖੇਤੀਬਾੜੀ, ਬਾਗ਼ਬਾਨੀ, ਭੂਮੀ ਤੇ ਜਲ ਸੰਭਾਲ ਵਿਭਾਗ ਅਤੇ ਮੰਡੀ ਬੋਰਡ ਦੀਆਂ ਖਾਲੀ ਅਸਾਮੀਆਂ ਭਰੀਆਂ ਜਾਣ ਅਤੇ ਮੁੱਖ ਮੰਤਰੀ ਵੱਲੋਂ ਚੋਣਾਂ ਤੋਂ ਪਹਿਲਾਂ ਖੇਤੀਬਾੜੀ ਅਧਿਆਪਕ ਭਰਤੀ ਕਰਨ ਦਾ ਵਾਅਦਾ ਪੂਰਾ ਕੀਤਾ ਜਾਵੇ। ਗਡਵਾਸੂ ਦੀ ਪੰਜ ਸਾਲਾ ਡਿਗਰੀ ਬੀਵੀਐਸੀ ਤੇ ਏਐਚ ਦੇ ਵਿਦਿਆਰਥੀ ਮੰਗ ਕਰ ਰਹੇ ਹਨ ਕਿ ਕੇ ਪੰਜਵੇਂ ਸਾਲ ਮਿਲਦਾ ਭੱਤਾ ਵਧਾ ਕੇ 24,310 ਕੀਤਾ ਜਾਵੇ, ਕਿਉਕਿ ਦਿਨ-ਰਾਤ ਡਿਊਟੀ ਕਰਦਿਆਂ ਨੂੰ ਸਿਰਫ 15,000 ਰੁਪਏ ਮਹੀਨਾ ਭੱਤਾ ਮਿਲਦਾ ਹੈ, ਜਦਕਿ ਬਾਕੀ ਵੈਟਰਨਰੀ ਯੂਨੀਵਰਸਿਟੀਆਂ ਵਿੱਚ ਭੱਤਾ ਇਸ ਤੋਂ ਜ਼ਿਆਦਾ ਮਿਲਦਾ ਹੈ।ਪੀ.ਏ.ਯੂ ਤੇ ਗਡਵਾਸੂ ਦੇ ਵਿਦਿਆਰਥੀ ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਮੰਤਰੀਆਂ, ਵਿਧਾਇਕਾਂ, ਅਫ਼ਸਰਾਂ ਤੇ ਗਵਰਨਰ ਨੂੰ ਮਿਲ ਚੁੱਕੇ ਹਨ ਪਰ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ।ਸਾਰੀਆਂ ਸਰਕਾਰਾਂ ਨੇ ਸਰਕਾਰੀ ਸਿੱਖਿਆ ਤੇ ਸਰਕਾਰੀ ਵਿਭਾਗਾਂ ਨੂੰ ਕਮਜ਼ੋਰ ਕੀਤਾ ਹੈ ਤੇ ਨਿੱਜੀਕਰਨ ਨੂੰ ਉਤਸ਼ਾਹਤ ਕੀਤਾ ਹੈ।ਸਰਕਾਰੀ ਕਾਲਜ-ਯੂਨੀਵਰਸਿਟੀਆਂ ਗ੍ਰਾਂਟ ਨੂੰ ਰਹੀਆਂ ਨੇ ਜਦ ਕਿ ਵੱਡੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਮਾਲੋਮਾਲ ਹੋ ਰਹੀਆਂ ਨੇ। ਸਰਕਾਰੀ ਯੂਨੀਵਰਸਿਟੀਆਂ 'ਚ ਫ਼ੀਸਾਂ ਦਾ ਵਾਧਾ, ਸੈਲਫ਼ ਫਾਈਨਾਂਸ ਕੋਰਸ, ਹੋਸਟਲਾਂ ਦੀ ਖਸਤਾ ਹਾਲਤ, ਭੱਤੇ-ਵਜ਼ੀਫ਼ੇ ਨਾ ਵਧਾਉਣੇ, ਅਧਿਆਪਕਾਂ ਦੀ ਭਰਤੀ ਨਾ ਕਰਨੀ, ਕੱਚੇ ਮੁਲਾਜ਼ਮ ਭਰਤੀ ਕਰਨ ਦੀ ਨੀਤੀ ਲੰਬੇ ਸਮੇਂ ਤੋਂ ਚੱਲ ਰਹੀ ਹੈ, ਇਸ 'ਤੇ ਸਭ ਸਰਕਾਰਾਂ ਇਕਮਤ ਨੇ।ਅਜਿਹੇ ਸਮੇਂ ਸੂਝਵਾਨ ਵਿਦਿਆਰਥੀਆਂ ਦਾ ਸੰਘਰਸ਼ ਦੇ ਰਾਹ ਪੈਣਾ ਹੀ ਇਕੋ ਇਕ ਹੱਲ ਬਣਦਾ ਹੈ।ਇਸ ਕਰਕੇ ਇਹ ਮੋਰਚੇ ਸਰਕਾਰੀ ਦੀ ਨਿੱਜੀਕਰਨ ਦੀ ਨੀਤੀ ਨਾਲ ਟਕਰਾ ਰਹੇ ਹਨ ਤੇ ਇਹ ਸੰਘਰਸ਼ ਸਰਕਾਰੀ ਸਿੱਖਿਆ ਅਤੇ ਰੁਜਗਾਰ ਲਈ ਅਹਿਮ ਹਨ।ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੋਨਾਂ ਮੋਰਚਿਆਂ ਦੀ ਹਮਾਇਤ ਕਰਦੀ ਹੈ ਤੇ ਸਰਕਾਰ ਤੋਂ ਮੰਗ ਕਰਦੀ ਹੈ ਕਿ ਖੇਤੀਬਾੜੀ ਵਿਭਾਗ ਦੀਆਂ ਖਾਲੀ ਅਸਾਮੀਆਂ ਭਰੀਆਂ ਜਾਣ, ਖੇਤੀ ਖੇਤਰ ਦੀਆਂ ਲੋੜਾਂ ਤਹਿਤ ਨਵੀਆਂ ਅਸਾਮੀਆਂ ਸਿਰਜੀਆਂ ਜਾਣ, ਇੰਟਰਨਸ਼ਿਪ ਦੌਰਾਨ ਭੱਤੇ ਦਾ ਵਾਧਾ ਕੀਤਾ ਜਾਵੇ ਤੇ ਸਰਕਾਰੀ ਸਿੱਖਿਆ ਲਈ ਬਜਟ 'ਚ ਵਾਧਾ ਕੀਤਾ ਜਾਵੇ।

## 8 ਅਕਤੂਬਰ ਨੂੰ ਸਰਕਾਰੀ ਅਦਾਰਿਆਂ 'ਚ ਛੁੱਟੀ ਦਾ ਐਲਾਨ



ਅੰਮ੍ਰਿਤਸਰ (ਨਰਿੰਦਰ ਜੀਤ)-ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਸਬੰਧ ਵਿੱਚ 8 ਅਕਤੂਬਰ ਨੂੰ ਸਥਾਨਕ ਛੁੱਟੀ ਦਾ ਐਲਾਨ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ 8 ਅਕਤੂਬਰ ਨੂੰ ਜ਼ਿਲ੍ਹੇ ਦੇ ਸਾਰੇ ਸਰਕਾਰੀ ਦਫ਼ਤਰ, ਬੋਰਡ/ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿੱਦਿਅਕ ਅਦਾਰੇ ਬੰਦ ਰਹਿਣਗੇ।

## COURT NOTICE

(U/o 5 Rule 20 CPC)
(Succession Case)
In the Court of
Ms. Harpreet Kaur-1
Civil Judge (Senior Division), Jalandhar
CNR No. PBJL02-004138-2025
Next Date :- 12-11-2025
Succ/71/2025
Satish Kumar
Vs.
General Public

Petition for grant of Succession Certificate Under Section 372 of Indian Succession Act.

Notice to : General Public
General Public

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 12-11-2025 at 10:00 A.M.

For details logon to https://highcourtchd.gov.in/?mod=district_notice&district=Jalandhar

Civil Judge (Senior Division), Jalandhar
Dated this day of 30-09-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਜਸ਼ਨਜੀਤ ਸਿੰਘ ਪੀ.ਸੀ.ਐੱਸ.
ਉੱਪ ਮੰਡਲ ਮੈਜਿਸਟਰੇਟ, ਫਗਵਾੜਾ
ਮਿਸਲ ਨੰਬਰ: Other Case 36/2025
ਤਾਰੀਖ ਰਜੂਆ: 08.05.2025
ਅਗਲੀ ਤਾਰੀਖ: 16.10.2025

ਵਿਸ਼ਾ: ਫੱਕ ਉੱਲ ਰਹਿਣ ਬਾਬਤ ਵਾਕਿਆ ਰਕਬਾ ਪਿੰਡ ਗੰਢਵਾਂ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ

ਨੋਟਿਸ ਬਨਾਮ :- 1. ਅਸ਼ੋਕ ਕੁਮਾਰ ਪੁੱਤਰ ਦਵਾਰਕਾ ਦਾਸ ਉਰਫ ਦੁਰਗਾ ਦਾਸ, 2. ਰਾਮ ਪ੍ਰਕਾਸ਼ ਪੁੱਤਰ ਮੋਹਨ ਲਾਲ ਵਾਸੀਆਨ ਹਦੀਆਬਾਦ, ਤਹਿ: ਫਗਵਾੜਾ, ਜ਼ਿਲ੍ਹਾ ਕਪੂਰਥਲਾ।

ਹਰ ਆਮ ਵਾ ਖਾਸ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਮੁਕੱਦਮਾ ਅਨੁਵਾਨ ਕੇਸ ਇਸ ਅਦਾਲਤ ਵਿੱਚ ਮਿਤੀ 16.10.2025 ਨੂੰ ਸੁਣਵਾਈ ਅਧੀਨ ਹੈ। ਇਸ ਲਈ ਧਿਰ ਦੋਮ ਅਸ਼ੋਕ ਕੁਮਾਰ ਅਤੇ ਰਾਮ ਪ੍ਰਕਾਸ਼ ਉਕਤਾਨ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਮਨਹਸਤਾਖਰ ਦੀ ਅਦਾਲਤ ਵਿੱਚ ਆਪ ਖੁਦ, ਅਸਾਲਤਨ/ਵਕਾਲਤਨ ਮਿਤੀ 16.10.2025 ਨੂੰ ਸਵੇਰੇ 10:00 ਵਜੇ ਹਾਜ਼ਰ ਅਦਾਲਤ ਆ ਕੇ ਮੁਕੱਦਮਾ ਦੀ ਪੈਰਵੀ ਕਰ ਸਕਦੇ ਹਨ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਆਪ ਦੇ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 25.09.2025 ਨੂੰ ਇਹ ਇਸ਼ਤਿਹਾਰ ਮੋਹਰ ਅਦਾਲਤ ਅਤੇ ਮੇਰੇ ਦਸਤਖਤਾਂ ਨਾਲ ਜਾਰੀ ਹੋਇਆ।

ਸਹੀ/-ਕੁਲੈਕਟਰ ਫਗਵਾੜਾ

ਨੰਬਰ: 442/ਰੀਡਰ/29-09-2025

## COURT NOTICE

(U/o 5 Rule 20 CPC)
In The Court of Ms. Rachna Bhari
Civil Judge (Junior Division), Jalandhar
CNR No. PBJL02-002494-2024
Next Date:- 15-10-2025
Ravinder Dutt Vs. Bimla Rani

Suit for Partition of Property as prayed for Suit for grant of decree of Permanent Injunction as prayed for

Publication Issued To:

01) Sh. Yashpal S/o Late Sh. Krishan Kumar R/o House No.61, Baba Balak Nath Mandir, Maqsudan, Jalandhar, 02) Ms. Ramna @ Punnu D/o Raman Kumar R/o Plot No.40, Gali No.02, Guru Nagar, Back Side Hospital, Verka, District Amritsar, 03) Sh. Puneet Kumar S/o Sh. Raman Kumar R/o Plot No.40, Gali No.02, Guru Nagar, Back Side Hospital, Verka, District Amritsar, 04) Ms. Sunita W/O Sh. Late Rakesh Kumar D/o Late Sh. Sohan Lal R/o Near Mehak Cinema, Industrial Area, Jalandhar, 05) Ms. Anita W/O Sh. Ravi D/O Late Sh. Sohan Lal R/O Village Panshta, Near Old Bus Stand, Tehsil Phagwara, District Kapurthala, 06) Ms. Anu Sharma W/O Sh. Arvind Sharma D/O Late Sh. Kewal Krishan, R/O H.No.441-L, Model Town, Jalandhar, 07) Amandeep Singh R/O Karala Patti, Jalandhar, 08) Karamjit Singh R/O Karala Patti, Jalandhar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 15-10-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division) Jalandhar
Dated this day of 28-09-2025


## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**
**[ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8(1) ਅਧੀਨ ]**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 15-04-2024 ਨੂੰ ਇੱਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਕਮਲ ਪਤਨੀ ਦੁਰਗਾ ਸਿੰਘ ਵਾਸੀ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ-144703 (2) ਦੁਰਗਾ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ-144703 (ਇਸ ਤੋਂ ਬਾਅਦ 'ਕਰਜ਼ਦਾਰ' ਵਜੋਂ ਹਵਾਲਾ) (3) ਸੁਖਚੈਨ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਥੰਮੂਵਾਲ, ਸੰਢਾਂਵਾਲ, ਜਲੰਧਰ, ਪੰਜਾਬ-144703 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੋਟਿਸ 'ਚ ਦਰਸਾਈ ਐੱਚ ਐੱਲ/073611000020 'ਚ ਰੁਪਏ 24,10,985.86 (ਚੌਵੀ ਲੱਖ ਦਸ ਹਜ਼ਾਰ ਨੌਂ ਸੌ ਪਚਾਸੀ ਰੁਪਏ ਅਤੇ ਛਿਆਸੀ ਪੈਸੇ ਕੇਵਲ) ਮਿਤੀ 01.04.2024 ਤੋਂ ਸਮੇਤ ਭਵਿੱਖੀ ਵਿਆਜ ਵਾਪਸ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 30 ਸਤੰਬਰ 2025 ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ/ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਐੱਚ ਐੱਲ/073611000020 'ਚ ਬਕਾਇਆ ਰਕਮ 24,10,985.86 (ਚੌਵੀ ਲੱਖ ਦਸ ਹਜ਼ਾਰ ਨੌਂ ਸੌ ਪਚਾਸੀ ਰੁਪਏ ਅਤੇ ਛਿਆਸੀ ਪੈਸੇ ਕੇਵਲ) ਮਿਤੀ 01.04.2024 ਤੋਂ ਭਵਿੱਖੀ ਵਿਆਜ (ਵਸੂਲੀ ਜੇਕਰ ਕੋਈ ਹੈ, ਘਟਾ ਕੇ) ਵਸੂਲ ਕੀਤੀ ਜਾਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2022/23/177/1/620 ਮਿਤੀ 04-08-2022 ਅਨੁਸਾਰ ਕਮਲ ਪਤਨੀ ਦੁਰਗਾ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 12 ਮਰਲੇ, ਥੰਮੂਵਾਲ ਵਿਖੇ ਸਥਿਤ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ।

ਮਿਤੀ : 30.09.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)


## OFFICE OF THE RECOVERY OFFICER - I/II
## DEBTS RECOVERY TRIBUNAL CHANDIGARH (DRT 3)
## Ground Floor SCO 33-34-35 Sector-17 A, Chandigarh.

ਫਾਰਮ ਨੰ. 14
[ਵੇਖੋ ਨਿਯਮ 33 (2)]
ਰਜਿ. ਏ/ਡੀ ਰਾਹੀਂ, ਦਸਤੀ ਅਸਫਲ, ਪ੍ਰਕਾਸ਼ਨਾ ਰਾਹੀਂ

**ਡਿਮਾਂਡ ਨੋਟਿਸ**

**ਕਰਜ਼ਾ ਅਤੇ ਦੀਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ 2 ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ**

ਆਰ ਸੀ/669/2024 26-05-2025

**ਇੰਡੀਅਨ ਬੈਂਕ**
**ਬਨਾਮ**
**ਮੈਸ: ਥਾਈ ਫਾਸਟਨਰਜ਼**

ਸੇਵਾ 'ਚ

(ਸੀ ਡੀ 1) ਮੈਸ. ਥਾਈ ਫਾਸਟਨਰਜ਼ B-XXIX, ਪਲਾਟ ਨੰ. 458/2, ਸੂਆ ਰੋਡ, ਗਿਆਸਪੁਰਾ, ਜੀ ਟੀ ਰੋਡ, ਲੁਧਿਆਣਾ ਰਾਹੀਂ ਇਸ ਦੇ ਭਾਈਵਾਲਾਂ ਸ੍ਰੀ ਸੰਦੀਪ ਮਹੇਸ਼ਵਰੀ ਅਤੇ ਸ੍ਰੀਮਤੀ ਪਲਕ ਸ਼ਰਮਾ ਲੁਧਿਆਣਾ, ਪੰਜਾਬ-141007

(ਸੀ ਡੀ 2) ਸ੍ਰੀ ਸੰਦੀਪ ਮਹੇਸ਼ਵਰੀ ਭਾਈਵਾਲ ਮੈਸਰਜ਼ ਥਾਈ ਫਾਸਟਨਰਜ਼ ਵਾਸੀ ਮਕਾਨ ਨੰ. 9, ਗਲੀ ਨੰ. 1, ਕਾਰਪੋਰੇਸ਼ਨ ਕਾਲੋਨੀ, ਹੰਬੜਾਂ ਰੋਡ, ਲੁਧਿਆਣਾ।

(ਸੀ ਡੀ 3) ਸ੍ਰੀਮਤੀ ਪਲਕ ਸ਼ਰਮਾ ਭਾਈਵਾਲ ਮੈਸਰਜ਼ ਥਾਈ ਫਾਸਟਨਰਜ਼ ਵਾਸੀ ਮਕਾਨ ਨੰ. 9, ਗਲੀ ਨੰ. 1 , ਕਾਰਪੋਰੇਸ਼ਨ ਕਾਲੋਨੀ, ਹੰਬੜਾਂ ਰੋਡ, ਲੁਧਿਆਣਾ।

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/931/2023 'ਚ ਰਕਮ ਰੁਪਏ 1,69,87,720.00 (ਇੱਕ ਕਰੋੜ ਉਨੱਤਰ ਲੱਖ ਸਤਾਸੀ ਹਜ਼ਾਰ ਸੱਤ ਸੌ ਵੀਹ ਰੁਪਏ ਕੇਵਲ ) ਸਮੇਤ ਪੈਂਡੈਂਟਲਾਈਟ ਅਤੇ ਭਵਿੱਖੀ ਵਿਆਜ 8 % ਦੀ ਦਰ 'ਤੇ ਸਧਾਰਨ ਵਿਆਜ ਸਾਲਾਨਾ 17/07/2023 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ 1,50,005/- (ਇੱਕ ਲੱਖ ਪੰਜਾਹ ਹਜ਼ਾਰ ਪੰਜ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 14-10-2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :

(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।

(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 26/05/2025 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3)

1 Oct Page 8.qxd 9/30/2025 11:04 PM Page 1



# ਮੰਡੀਆਂ 'ਚ ਸੁਚਾਰੂ ਖਰੀਦ ਕਾਰਜ ਜਾਰੀ

**ਮੋਹਾਲੀ (ਗੁਰਜੀਤ ਬਿੱਲਾ)** ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਸਾਉਣੀ ਸੀਜ਼ਨ 2025-26 ਲਈ ਜ਼ਿਲ੍ਹਾ ਸਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਮੰਡੀਆਂ ਵਿੱਚ ਝੋਨੇ ਦੇ ਖਰੀਦ ਕਾਰਜ ਸੁਚਾਰੂ ਢੰਗ ਨਾਲ ਚੱਲ ਰਹੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ ਦਿਨ 3,938



ਮੀਟ੍ਰਿਕ ਟਨ ਝੋਨਾ ਪਹੁੰਚਿਆ, ਜਿਸ ਨਾਲ ਕੁੱਲ ਆਮਦ 17,537 ਮੀਟ੍ਰਿਕ ਟਨ 'ਤੇ ਪੁੱਜ ਗਈ ਹੈ, ਜਿਸ ਵਿੱਚੋਂ 17,187 ਮੀਟ੍ਰਿਕ ਟਨ ਸਰਕਾਰੀ ਏਜੰਸੀਆਂ ਦੁਆਰਾ ਪਹਿਲਾਂ ਹੀ ਖਰੀਦੀ ਜਾ ਚੁੱਕੀ ਹੈ।ਏਜੰਸੀ-ਵਾਰ ਵੇਰਵੇ ਦਿੰਦੇ ਹੋਏ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਨਗਰੇਨ ਨੇ 5,799 ਮੀਟ੍ਰਿਕ ਟਨ, ਮਾਰਕਫੈੱਡ ਨੇ 5,176 ਮੀਟ੍ਰਿਕ ਟਨ, ਪਨਸਪ ਨੇ 4,211 ਮੀਟ੍ਰਿਕ ਟਨ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਨੇ 2,001 ਮੀਟ੍ਰਿਕ ਟਨ ਖਰੀਦ ਕੀਤੀ ਹੈ।ਖਰੀਦੀ ਫ਼ਸਲ ਦੇ ਭੁਗਤਾਨ ਦੀ ਸਥਿਤੀ 'ਤੇ ਚਾਨਣਾ ਪਾਉਂਦਿਆਂ, ਸ੍ਰੀਮਤੀ ਮਿੱਤਲ ਨੇ ਜ਼ੋਰ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਖਰੀਦ ਦੇ 48 ਘੰਟਿਆਂ ਦੇ ਅੰਦਰ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਯਕੀਨੀ ਬਣਾ ਰਿਹਾ ਹੈ। ਹੁਣ ਤੱਕ 48 ਘੰਟਿਆਂ ਦੇ ਹਿਸਾਬ ਨਾਲ ਬਣਦੀ 24.59 ਕਰੋੜ ਰੁਪਏ ਦੀ ਬਕਾਇਆ ਅਦਾਇਗੀ ਦੇ ਵਿਰੁੱਧ, 34.69 ਕਰੋੜ ਰੁਪਏ ਦੀ ਰਕਮ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ, ਜਿਸ ਨਾਲ 141 ਪ੍ਰਤੀਸ਼ਤ ਅਦਾਇਗੀ ਹੋਈ ਹੈ।ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਖਰੀਦ, ਲਿਫਟਿੰਗ ਅਤੇ ਭੁਗਤਾਨ ਨਾਲ ਸਬੰਧਤ ਸਾਰੇ ਜ਼ਰੂਰੀ ਪ੍ਰਬੰਧ ਕੀਤੇ ਹੋਏ ਹਨ, ਅਤੇ ਖਰੀਦ ਏਜੰਸੀਆਂ ਨੂੰ ਖਰੀਦ ਗਤੀ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਤਾਂ ਜੋ ਕਿਸੇ ਵੀ ਕਿਸਾਨ ਨੂੰ ਮੰਡੀਆਂ ਵਿੱਚ ਕੋਈ ਅਸੁਵਿਧਾ ਨਾ ਹੋਵੇ।

# ਲੋਕ ਹਿਤੈਸ਼ੀ ਕਾਫ਼ਲਾ ਨੇ ਭਗਤ ਸਿੰਘ ਦੀਆਂ ਲਿਖਤਾਂ ਨੂੰ ਪੜ੍ਹਨ, ਸਮਝਣ ਤੇ ਅਮਲ ਕਰਨ 'ਤੇ ਦਿੱਤਾ ਜ਼ੋਰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਲੋਕ ਹਿਤੈਸ਼ੀ ਕਾਫ਼ਲਾ ਫਗਵਾੜਾ ਵਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਸਮਾਗਮ ਟਾਊਨ ਹਾਲ ਫਗਵਾੜਾ ਵਿਖੇ ਕਰਵਾਇਆ ਗਿਆ। ਇਸ ਸਮੇਂ ਬੁਲਾਰਿਆਂ ਨੇ ਕਿਹਾ ਕਿ ਅੱਜ ਦੇ ਸਮੇਂ ਦੇ ਮੌਜੂਦਾ ਹਾਲਾਤ ਬਹੁਤ ਮਾੜੇ ਹਨ ਤਾਂ ਅਜਿਹੇ ਸਮੇਂ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਸਾਰਥਕਤਾ ਹੋਰ ਵਧ ਗਈ ਹੈ। ਸਾਨੂੰ ਉਹਨਾਂ ਦੇ ਵਿਚਾਰਾਂ ਨੂੰ ਪੜ੍ਹਨਾ, ਸਮਝਣਾ ਅਤੇ ਅਮਲ ਕਰਨਾ ਚਾਹੀਦਾ ਤਾਂ ਹੀ ਦੇਸ਼ ਦੇ ਹਾਲਾਤ ਨੂੰ ਠੀਕ ਕਰਨ ਲਈ ਅੱਗੇ ਵਧਿਆ ਜਾ ਸਕਦਾ ਹੈ। ਕਾਫ਼ਲੇ ਦੇ ਬੁਲਾਰਿਆਂ ਨੇ ਇਹ ਵੀ ਕਿਹਾ ਕਿ ਕੇਂਦਰ ਦੀ ਹਕੂਮਤ ਅਸਹਿਮਤੀ ਨੂੰ ਬਰਦਾਸ਼ਤ ਕਰਨ ਦੀ ਬਜਾਏ ਉਨ੍ਹਾਂ ਲੋਕਾਂ ਨੂੰ ਜੇਲ੍ਹਾਂ ਵਿੱਚ ਤੁੰਨ ਰਹੀ ਹੈ। ਇਹ ਵਰਤਾਰਾ ਕਿਸੇ ਵੀ ਤਰ੍ਹਾਂ ਨਾ ਲੋਕਾਂ ਦੇ ਹਿੱਤ ਵਿੱਚ ਅਤੇ ਨਾ ਹੀ ਦੇਸ਼ ਹਿੱਤ ਵਿੱਚ ਹੈ। ਇਸ ਸਮਾਗਮ ਦਾ ਹਾਸਲ ਬੇਟੀ ਸੁਕ੍ਰਿਤੀ ਸੀ ਜੋ ਮਾਸਟਰ ਡਿਗਰੀ ਕਰ ਰਹੀ ਹੈ।ਉਸ ਨੇ ਕਿਹਾ ਕਿ ਸਿਆਸੀ ਧਿਰਾਂ ਦਾ ਵੱਡਾ ਹਿੱਸਾ ਸ਼ਹੀਦ ਭਗਤ ਸਿੰਘ ਦੀ ਸ਼ਖ਼ਸੀਅਤ ਤੇ ਸ਼ਹਾਦਤ ਨੂੰ ਸਿਰਫ ਵਰਤ ਰਿਹਾ ਹੈ। ਜਦੋਂ ਕਿ ਥੋੜ੍ਹਾ ਹਿੱਸਾ ਹੀ ਉਹਨਾਂ ਦੀ ਵਿਚਾਰਧਾਰਾ ਨੂੰ ਸਮਝ ਰਿਹਾ ਅਤੇ ਅਮਲ ਕਰਨ ਦੇ ਰਾਹ 'ਤੇ ਚੱਲ ਵੀ ਰਿਹਾ ਹੈ। ਨੌਜਵਾਨ ਪੀੜ੍ਹੀ ਨੂੰ ਅਪੀਲ ਕਰਦਿਆਂ



ਉਹਨਾਂ ਕਿਹਾ ਕਿ ਜੇਕਰ ਅਸੀਂ ਭਗਤ ਸਿੰਘ ਨੂੰ ਜਾਣਨਾ ਚਾਹੁੰਦੇ ਹਾਂ ਤਾਂ ਸਾਨੂੰ ਉਸ ਨੂੰ ਪੜ੍ਹਨਾ, ਵਿਚਾਰਨਾ ਅਤੇ ਉਸ ਦੀ ਵਿਚਾਰਧਾਰਾ ਨੂੰ ਅਪਨਾਉਣਾ ਪਵੇਗਾ।ਇਸ ਸਮਾਗਮ ਦੇ ਮੁੱਖ ਬੁਲਾਰਿਆਂ ਵਿੱਚ ਜਸਵਿੰਦਰ ਸਿੰਘ, ਸੁਖਦੇਵ ਸਿੰਘ, ਕੁਲਦੀਪ ਸਿੰਘ, ਗੁਰਮੁਖ ਸਿੰਘ, ਮਾ ਗਿਆਨ ਚੰਦ ਨਈਅਰ, ਐਸ ਐਲ ਵਿਰਦੀ ਐਡਵੋਕੇਟ, ਮਾ. ਕਰਨੈਲ ਸਿੰਘ, ਪ੍ਰੋ. ਜਸਕਰਨ ਸਿੰਘ, ਸੁਰਿੰਦਰਪਾਲ ਪੱਦੀ, ਹੰਸ ਰਾਜ ਬੰਗੜ, ਸਾਬੀ ਪ੍ਰਮੋਦ ਕੁਮਾਰ ਅਤੇ ਹਰਜਿੰਦਰ ਸਿੰਘ ਤੋਂ ਇਲਾਵਾ ਪ੍ਰਿੰਸੀਪਲ ਮੋਹਨ ਲਾਲ, ਸ਼ਾਮ ਲਾਲ, ਤਾਰਾ ਸਿੰਘ ਬੀਕਾ, ਬਲਵਿੰਦਰ ਪ੍ਰੀਤ, ਅਵਿਨਾਸ਼, ਬਲਬੀਰ ਦੋਸਾਂਝ, ਸੁਰਿੰਦਰਪਾਲ ਦੋਸਾਂਝ, ਕਾਮਰੇਡ ਅਮਰਜੀਤ, ਪ੍ਰੋ ਆਤਮਾ ਰਾਮ, ਹੇਮ ਰਾਜ ਬੀ ਡੀ ਪੀ ਓ, ਕਵੀ ਸ਼ੀਤਲ ਰਾਮ ਬੰਗਾ, ਕਵੀ ਹਰਚਰਨ ਭਾਰਤੀ, ਮਾ ਸੁਖਵਿੰਦਰ ਸਿੰਘ, ਡਾ. ਦਰਸ਼ਨ ਕਟਾਰੀਆ, ਤਰਸੇਮ ਲਾਲ ਐਸ ਡੀ ਓ, ਪਰਮਿੰਦਰ ਸਿੰਘ, ਨਛੱਤਰ ਲਾਲ, ਮਾਸਟਰ ਰਾਜ ਕੁਮਾਰ, ਮੋਹਣ ਸਿੰਘ ਭੱਟੀ, ਹਰਭਜਨ ਲਾਲ ਕਲੇ, ਪ੍ਰਿੰਸੀਪਲ ਗੁਰਮੀਤ ਸਿੰਘ, ਡਾਕਟਰ ਧਰਮਪਾਲ, ਗੁਰਨਾਮ ਸਿੰਘ ਸੈਣੀ, ਸੁਖਦੇਵ ਸਿੰਘ ਗੰਡਵਾਂ, ਸਤਪਾਲ ਮਹਿਮੀ, ਹਰਭਜਨ ਲਾਲ, ਅਸ਼ਵਨੀ ਕੁਮਾਰ,ਸ਼ਿਵ ਦਾਸ, ਸੁਖਵਿੰਦਰ ਰਾਮ, ਰਤਨ ਸਿੰਘ,ਕਰਨੈਲ ਮਾਹਲਾਂ ਅਤੇ ਸੰਤੋਖ ਸਿੰਘ ਆਦਿ ਹਾਜ਼ਰ ਸਨ। ਇਹ ਜਾਣਕਾਰੀ ਲਿਖਤੀ ਬਿਆਨ ਰਾਹੀਂ ਲੋਕ ਹਿਤੈਸ਼ੀ ਕਾਫ਼ਲਾ ਦੇ ਆਗੂਆਂ ਸੁਖਦੇਵ ਸਿੰਘ ਅਤੇ ਕੁਲਦੀਪ ਸਿੰਘ ਕੌੜਾ ਨੇ ਪ੍ਰੈਸ ਨੂੰ ਜਾਰੀ ਕੀਤੀ।

# ਹਸਪਤਾਲ ਢਾਹਾਂ ਕਲੇਰਾਂ ਵਿਖੇ ਪੇਟ ਰੋਗਾਂ ਤੇ ਬੱਚਿਆਂ ਦੀਆਂ ਬਿਮਾਰੀਆਂ ਦਾ ਟੀਕਾਕਰਨ ਕੈਂਪ ਆਰੰਭ



**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਸਮਰਪਤ 15 ਦਿਨਾਂ ਪੇਟ ਦੇ ਰੋਗਾਂ ਦੇ ਅਪਰੇਸ਼ਨਾਂ ਦਾ ਕੈਂਪ ਅਤੇ ਬੱਚਿਆਂ ਦੀ ਜਾਂਚ ਤੇ ਬਿਮਾਰੀਆਂ ਦਾ ਟੀਕਾਕਰਨ ਕੈਂਪ 01 ਅਕਤੂਬਰ ਤੋਂ 15 ਅਕਤੂਬਰ ਤੱਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਲਗਾਇਆ ਜਾ ਰਿਹਾ ਹੈ। ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦੱਸਿਆ ਕਿ ਇਸ ਮੌਕੇ ਪੇਟ ਦੇ ਰੋਗਾਂ ਦੇ ਅਪਰੇਸ਼ਨਾਂ ਦੇ ਮਾਹਰ ਡਾ. ਮਾਨਵਦੀਪ ਸਿੰਘ ਬੈਂਸ ਐਮ. ਐਸ. (ਲੈਪਰੋਸਕੋਪਿਕ ਸਰਜਨ) ਅਤੇ ਬੱਚਿਆਂ ਦੀਆਂ ਬਿਮਾਰੀਆਂ ਦੇ ਮਾਹਰ ਡਾ. ਹਰਤੇਸ਼ ਸਿੰਘ ਪਾਹਵਾ ਐਮ.ਡੀ. ਰੋਜ਼ਾਨਾ ਮਰੀਜ਼ਾਂ ਦਾ ਚੈੱਕਅੱਪ ਕਰਕੇ ਇਲਾਜ ਕਰਨਗੇ। 15 ਦਿਨਾਂ ਕੈਂਪ ਦੌਰਾਨ ਮਰੀਜ਼ਾਂ ਦਾ ਚੈੱਕਅੱਪ ਕਾਰਡ ਮੁਫ਼ਤ ਬਣੇਗਾ। ਬੱਚਿਆਂ ਦੇ ਟੀਕਾਕਰਨ ਵਿਚ ਟਾਈਫਾਈਡ ਅਤੇ ਸਵਾਈਨ ਫਲੂ ਦੇ ਟੀਕੇ 50 ਫੀਸਦੀ ਛੋਟ ਅਤੇ ਖਸਰਾ, ਨਿਮੋਨੀਆ, ਰੋਟਾਵਾਇਰਸ, ਚਿਕਨਪੌਕਸ, ਹੈਪੇਟਾਈਟਸ, ਸ਼ੂਗਰਕਿਲਸ ਵੈਕਸੀਨ 20 ਫੀਸਦੀ ਛੋਟ 'ਤੇ ਲਗਾਏ ਜਾਣਗੇ। ਜਨਰਲ ਸਰਜਰੀ ਵਿਭਾਗ ਵਿਚ ਮਰੀਜ਼ਾਂ ਦੀ ਫਰੀ ਰਜਿਸਟਰੇਸ਼ਨ ਹੋਵੇਗੀ ਅਤੇ ਕੈਂਪ ਮਰੀਜ਼ਾਂ ਲਈ ਅਲਟਰਾ ਸਾਊਂਡ ਸਕੈਨ 300/- ਰੁਪਏ ਵਿਚ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਰਜਰੀ ਵਿਭਾਗ ਦੇ ਮਰੀਜ਼ਾਂ ਨੂੰ ਲੈਬ ਟੈਸਟਾਂ ਵਿੱਚ ਸੀ.ਬੀ.ਸੀ. (323), ਐਲ.ਐਫ.ਟੀ. ਅਤੇ ਲਿਪਡ ਪ੍ਰੋਫਾਈਲ ਟੈਸਟ ਵਿਚ 50 ਫੀਸਦੀ ਛੋਟ ਪ੍ਰਦਾਨ ਕੀਤੀ ਜਾਵੇਗੀ। ਜਦ ਕਿ ਦੂਰਬੀਨ ਰਾਹੀਂ ਪਿੱਤੇ ਦੀ ਪੱਥਰੀ ਦਾ ਅਪਰੇਸ਼ਨ, ਹਰਨੀਆਂ ਦਾ ਅਪਰੇਸ਼ਨ, ਫਿਸ਼ਰ ਦਾ ਅਪਰੇਸ਼ਨ, ਅਪੈਂਡਿਕਸ ਦਾ ਅਪਰੇਸ਼ਨ, ਹਾਈਡਰੋਸੀਲ ਦਾ ਅਪਰੇਸ਼ਨ, ਲੱਤਾਂ ਦੀਆਂ ਫੁੱਲੀਆਂ ਨਸਾਂ ਦਾ ਆਪਰੇਸ਼ਨ, ਬਵਾਸੀਰ ਅਤੇ ਭਗੰਦਰ ਦਾ ਆਪਰੇਸ਼ਨ ਰਿਆਇਤੀ ਪੈਕਜ ਦਰਾਂ ਵਿਚ ਕੀਤੇ ਜਾਣਗੇ। ਇਸ ਮੌਕੇ ਡਾ ਜਸਦੀਪ ਸਿੰਘ ਸੈਣੀ, ਡਾ. ਮਾਨਵਦੀਪ ਸਿੰਘ ਬੈਂਸ ਐਮ. ਐਸ.ਬੱਚਿਆਂ ਦੀਆਂ ਬਿਮਾਰੀਆਂ ਦੇ ਮਾਹਰ ਡਾ. ਹਰਤੇਸ਼ ਸਿੰਘ ਪਾਹਵਾ ਐਮ ਡੀ ਅਤੇ ਮਹਿੰਦਰਪਾਲ ਸਿੰਘ ਹਾਜ਼ਰ ਸਨ।

# ਸ੍ਰੀ ਰਾਮ ਚੰਦਰ ਜੀ ਦੇ ਵਿਆਹ ਸੰਬੰਧੀ ਵਿਸ਼ਾਲ ਸ਼ੋਭਾ ਯਾਤਰਾ ਕੱਢੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)** ਦੁਸਹਿਰਾ ਕਮੇਟੀ ਟਾਂਡਾ ਦੇ ਪ੍ਰਧਾਨ ਸ਼ੁਭਮ ਬਿੱਲਾ ਅਤੇ ਦੀਪਕ ਮਾਹਲਾ ਦੀ ਦੇਖਰੇਖ ਵਿੱਚ ਪ੍ਰਭੂ ਸ੍ਰੀ ਰਾਮ ਚੰਦਰ ਜੀ ਵਿਆਹ ਸੰਬੰਧੀ ਇੱਕ ਸ਼ਾਨਦਾਰ ਸ਼ਾਨਮਤੇ ਵਾਲੀ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ ਜਿਸ ਦਾ ਉਦਘਾਟਨ ਮੁੱਖ ਮਹਿਮਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਸਨਾਤਨ ਧਰਮ ਸਭਾ ਪ੍ਰਧਾਨ ਦੀਪਕ ਬਹਿਲ ,ਹਰਮੀਤ ਸਿੰਘ ਔਲਖ, ਸੀਨੀਅਰ ਆਪ ਨੇਤਾ ਸੋਨੂੰ ਖੰਨਾ, ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਰਾਹੁਲ ਖੰਨਾ, ਜੱਸਾ ਪੰਡਿਤ, ਅਜੇ ਲਖਣਪਾਲ ਐਨ.ਆਰ.ਆਈ ਨੇ ਸਾਂਝੇ ਰੂਪ ਵਿੱਚ ਕੀਤਾ। ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਸੁਭਾਸ਼ ਸੌਂਧੀ, ਐਡਵੋਕੇਟ ਅਜੇ ਕੁਮਾਰ, ਕੌਂਸਲਰ ਹਰੀ ਕ੍ਰਿਸ਼ਨ ਕੁਕੂ ਸੈਣੀ, ਸ਼ਿਵ ਸੈਨਾ ਪੰਜਾਬ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ, ਰਣਜੀਤ ਸਿੰਘ ਸਿੱਧੂ, ਵਿਵੇਕ ਵਿਜਨ, ਪ੍ਰਸ਼ਾਂਤ ਪੰਡਿਤ, ਰਾਜੂ ਖੋਸਲਾ, ਪੁਨੀਤ ਢੀਂਗਰਾ, ਲਕਸ਼ੇ ਬਹਿਲ, ਰਾਜਨ ਸੋਂਧੀ, ਵਿਕਾਸ ਜਸਰਾ, ਪ੍ਰੇਮ ਪਡਵਾਲ, ਸੁਰਿੰਦਰ ਬਬਲਾ ਐਨ ਆਰ ਆਈ ਨੇ ਜੈ ਸ੍ਰੀ ਰਾਮ ਜੈ ਵੀਰ ਬਜਰੰਗ ਬਲੀ ਹਨੁਮਾਨ ਦੇ ਜੈਕਾਰੇ ਲਗਾਂਦੇ ਹੋਏ ਪ੍ਰਭੂ ਸ੍ਰੀ ਰਾਮ ਸੀਤਾ ਵਿਆਹ ਦੀਆਂ ਸ਼ਰਧਾਲੂਆਂ ਨੂੰ ਵਧਾਈਆਂ ਦਿੱਤੀਆਂ। ਸ਼ੋਭਾ ਯਾਤਰਾ 'ਚ ਸ਼ਾਮਿਲ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਲਖਵਿੰਦਰ ਲਖੀ ਤੇ ਦੀਪਕ ਬਹਿਲ ਨੇ ਕਿਹਾ ਕਿ ਹਰ ਇਨਸਾਨ ਨੂੰ ਭਗਵਾਨ ਸ੍ਰੀ ਰਾਮ ਚੰਦਰ ਦੇ ਦਰਸਾਏ ਮਾਰਗ ਤੇ ਚਲਦੇ ਹੋਏ ਆਪਣੇ ਮਾਤਾ-ਪਿਤਾ ਅਤੇ ਪਤਨੀ ਪ੍ਰਤੀ ਨਿਭਾਈਆਂ ਗਈਆਂ ਜਿੰਮੇਵਾਰੀਆਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਾਉਣਾ ਚਾਹੀਦਾ ਹੈ।ਇਸ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਭਗਵਾਨ ਸ੍ਰੀ ਰਾਮ ਚੰਦਰ ਜੀ, ਮਾਤਾ ਸੀਤਾ, ਲਕਸ਼ਮਣ, ਸ਼ਿਵ ਸ਼ੰਕਰ ਭੋਲੇਨਾਥ, ਹਨੂਮਾਨ ਜੀ ਤੋ ਇਲਾਵਾ ਹੋਰ ਕਈ ਪ੍ਰਕਾਰ ਦੇ ਸਰੂਪਾਂ ਨਾਲ ਸੁਸ਼ੋਭਿਤ ਇਹ ਝਾਂਕੀਆਂ ਲੋਕਾਂ ਦੇ ਆਕਰਸ਼ਣ ਦਾ ਕੇਂਦਰ ਬਣਿਆਂ ਹੋਇਆਂ ਸਨ। ਉਨ੍ਹਾਂ ਪਿੱਛੇ ਵੱਖ-ਵੱਖ ਸਰੂਪਾਂ ਦਾ ਰੂਪ ਧਾਰੇ ਕਲਾਕਾਰਾਂ ਨੂੰ ਵੇਖ ਕੇ ਸ਼ਹਿਰ ਨਿਵਾਸੀ ਉਨ੍ਹਾਂ ਉੱਪਰ ਫੁੱਲਾਂ ਦੀ ਵਰਖਾ ਕਰਕੇ ਆਪਣੇ ਆਪ ਨੂੰ ਗੌਰਵਮਈ ਮਹਿਸੂਸ ਕਰ ਰਹੇ ਸਨ। ਇਹ ਸ਼ੋਭਾ ਯਾਤਰਾ ਮਹਾਦੇਵ ਮੰਦਰ ਤੋਂ ਚੱਲ ਕੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਚ ਹੁੰਦੀ ਹੋਈ ਹਸਪਤਾਲ ਚੌਂਕ ਤੋਂ ਮਹਾਦੇਵ ਮੰਦਰ ਪਹੁੰਚ ਕੇ ਸੰਪੰਨ ਹੋਈ। ਦੁਸਹਿਰਾ ਕਮੇਟੀ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਿਰੋਪੇ ਅਤੇ ਸ਼ੀਲਡਾਂ ਦੇ ਕੇ ਸਨਮਾਨਤ ਕੀਤਾ ਗਿਆ।



# ਦਾਦੂਵਾਲ ਵਿਖੇ ਮਹੀਨਾਵਾਰ ਗੁਰਮਤਿ ਸਮਾਗਮ ਕਰਵਾਇਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਸੇਵਾ ਸੋਸਾਇਟੀ ਇਲਾਕਾ ਮਾਹਿਲਪੁਰ ਵੱਲੋਂ ਮਹੀਨਾਵਾਰ ਗੁਰਮਤਿ ਸਮਾਗਮ ਪਿੰਡ ਦਾਦੂਵਾਲ ਗੁਰਦੁਆਰਾ ਸਿੰਘ ਸਭਾ ਵਿਖੇ ਮੁੱਖ ਸੇਵਾਦਾਰ ਸੋਹਣ ਸਿੰਘ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਭਾਈ ਬਲਵੀਰ ਸਿੰਘ ਮਨੋਲੀਆਂ ਵਾਲਿਆਂ ਦੇ ਕੀਰਤਨੀ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਕਥਾਵਾਚਕ ਗਿਆਨੀ ਹਰਵਿੰਦਰ ਸਿੰਘ ਗੰਗਾਨਗਰ ਵਾਲਿਆਂ ਨੇ ਕਥਾ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਸਬੰਧੀ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ। ਇਸ ਸਮੇਂ ਜਥੇਦਾਰ ਹਰਬੰਸ ਸਿੰਘ ਸਰਹਾਲਾ ਖੁਰਦ ਮੁੱਖ ਸੇਵਾਦਾਰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਸੇਵਾ ਸੋਸਾਇਟੀ ਨੇ ਸੰਗਤਾਂ ਨੂੰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਸੇਵਾ ਸੋਸਾਇਟੀ ਦੀਆਂ ਗਤੀਵਿਧੀਆਂ ਅਤੇ ਅਗਲੇ ਪ੍ਰੋਗਰਾਮਾਂ ਸਬੰਧੀ ਜਾਣਕਾਰੀ ਦਿੱਤੀ। ਸਮਾਗਮ ਦੇ ਅਖੀਰ ਵਿੱਚ ਸੋਹਣ ਸਿੰਘ ਨੇ ਗੁਰੂ ਘਰ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸ ਤਰ੍ਹਾਂ ਸਹਿਯੋਗ ਦੇਣ ਦੀ ਬੇਨਤੀ ਕੀਤੀ। ਇਸ ਮੌਕੇ ਜਥੇਦਾਰ ਹਰਬੰਸ ਸਿੰਘ ਸਰਹਾਲਾ, ਜਸਵੰਤ ਸਿੰਘ ਚੰਬਲ ਕਲਾਂ, ਗੁਲਜ਼ਾਰ ਸਿੰਘ ਚੰਬਲ ਖੁਰਦ, ਕੁਲਵੰਤ ਸਿੰਘ ਪ੍ਰਧਾਨ ਗੁਰਦੁਆਰਾ ਟਾਹਲੀ ਸਾਹਿਬ ਗੋਂਦਪੁਰ, ਦਵਿੰਦਰ ਸਿੰਘ ਬਿੰਦਾ ਗੋਦਪੁਰ, ਮਨਜੀਤ ਸਿੰਘ ਸਰਹਾਲਾ ਕਲਾਂ, ਮਨਜੀਤ ਸਿੰਘ, ਕੁਲਵੀਰ ਸਿੰਘ ਡਾਨਸੀਵਾਲ, ਜਥੇਦਾਰ ਕੁਲਵਰਨ ਸਿੰਘ ਗੋਪਾਲੀਆਂ, ਸੁਖਪਾਲ ਸਿੰਘ ਮਨੋਲੀਆ, ਮਨਜੀਤ ਸਿੰਘ ਰਸੂਲਪੁਰ, ਸਰਦਾਰ ਹਰਪ੍ਰੀਤ ਸਿੰਘ ਹੈਪੀ ਸੇਵਾਦਾਰ ਗੁਰਦੁਆਰਾ ਸ਼ਹੀਦਾ, ਸਰਬਦਿਆਲ ਸਿੰਘ, ਜਸਵੀਰ ਸਿੰਘ, ਮਝੈਲ ਸਿੰਘ, ਸੇਵਾ ਸਿੰਘ, ਗੋਵਿੰਦਰ ਸਿੰਘ, ਦਿਲਬਾਗ ਸਿੰਘ, ਗੁਰਦੀਪ ਸਿੰਘ ਬੈਂਸ, ਤਰਸੇਮ ਲਾਲ, ਰਵਿੰਦਰ ਸਿੰਘ ਰਿੰਕੂ, ਸਤਪਾਲ ਸਿੰਘ, ਮਨਜਿੰਦਰ ਸਿੰਘ ਸਮੇਤ ਪਿੰਡ ਅਤੇ ਇਲਾਕਾ ਨਿਵਾਸੀ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਐਸ ਟੀ ਐਸ ਵਰਲਡ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਫਾਈ ਅਭਿਆਨ




**ਗੁਰਾਇਆ (ਬਿੰਦਰ ਸੁੰਮਨ)**- ਐਸ.ਟੀ.ਐਸ. ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਅਧਿਆਪਕ ਅਜੈ ਸਿਆਲ, ਗਗਨ ਭੱਟੀ ਅਤੇ ਤਜਿੰਦਰ ਕੌਰ ਦੀ ਦੇਖ-ਰੇਖ ਹੇਠ ਪਿੰਡ ਰਾਜਗੋਮਲ ਅਤੇ ਬੰਡਾਲਾ ਦੇ ਪ੍ਰਾਇਮਰੀ ਹੈਲਥ ਸੈਂਟਰ ਵਿੱਚ ਸਫਾਈ ਅਭਿਆਨ ਚਲਾਇਆ ਅਤੇ ਖੇਤਰ ਦੀ ਸਫ਼ਾਈ ਕੀਤੀ। ਇਸ ਅਭਿਆਨ ਅਧੀਨ ਵਿਦਿਆਰਥੀਆਂ ਨੇ ਕੇਂਦਰ ਦੇ ਆਲੇ-ਦੁਆਲੇ ਦੇ ਖੇਤਰ ਦੀ ਸੁਚੱਜੀ ਸਫ਼ਾਈ ਕਰਕੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਪ੍ਰਗਟਾਵਾ ਕੀਤਾ। ਇਸ ਅਭਿਆਨ ਵਿੱਚ ਸਕੂਲ ਦੇ ਲਗਭਗ 100 ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਨਾਅਰੇ ਅਤੇ ਪੋਸਟਰਾਂ ਰਾਹੀਂ ਸਥਾਨਕ ਲੋਕਾਂ ਨੂੰ ਸਫ਼ਾਈ ਬਾਰੇ ਜਾਗਰੂਕ ਕੀਤਾ। ਇਸ ਅਵਸਰ 'ਤੇ ਸਕੂਲ ਪ੍ਰਿੰਸੀਪਲ ਪ੍ਰਭਜੋਤ ਗਿੱਲ ਨੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕੰਮ ਨਾ ਸਿਰਫ਼ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹਨ, ਬਲਕਿ ਸਥਾਨਕ ਪੱਧਰ 'ਤੇ ਸਿਹਤ ਤੇ ਸਫ਼ਾਈ ਪ੍ਰਤੀ ਜਾਗਰੂਕਤਾ ਫੈਲਾਉਣ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

# ਟਰੰਪ ਤੇ ਨੇਤਨਯਾਹੂ ਦੇ ਪੁਤਲੇ ਫੂਕੇ



**ਮਾਹਿਲਪੁਰ/ਗੜ੍ਹਸ਼ੰਕਰ (ਸ.ਫਰੀ/ ਫੂਲਾ ਸਿੰਘ ਬੀਰਮਪੁਰ)**- ਸੀ ਪੀ ਆਈ (ਐਮ) ਤਹਿਸੀਲ ਗੜ੍ਹਸ਼ੰਕਰ ਵਲੋ ਅਮਰੀਕਾ ਦੇ ਰਾਸਟਰਪਤੀ ਟਰੰਪ ਦੀ ਸ਼ਹਿ ਤੇ ਇਜਰਾਇਲੀ ਰਾਸ਼ਟਰਪਤੀ ਨੇਤਨ ਯਾਹੂ ਵਲੋਂ ਫਲਸਤੀਨ ਦੇ ਬੇਦੋਸ਼ੇ ਲੋਕਾਂ ਦਾ ਘਾਣ ਕਰਨ ਵਿਰੁਧ ਸੂਬਾਈ ਸੱਦੇ ਤੇ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ ਪਾਰਕ ਕੋਲ ਫਲਸਤੀਨ ਦੇ ਲੋਕੋ ਅਸੀਂ ਤੁਹਾਡੇ ਨਾਲ ਹਾਂ, ਸਾਮਰਾਜ ਮੁਰਦਾਬਾਦ, ਫਲਸਤੀਨ ਦੇ ਲੋਕਾਂ ਕਤਲੇਆਮ ਬੰਦ ਕਰੋ ਅਸਮਾਨ ਗੰਜਾਊ ਨਾਅਰੇ ਲਗਾਉਂਦੇ ਹੋਏ, ਟਰੰਪ ਤੇ ਨੇਤਨ ਯਾਹੂ ਦੇ ਪੁੱਤਲੇ ਫੂਕੇ ਗਏ।ਇਸ ਮੌਕੇ ਕਾਮਰੇਡ ਗੁਰਨੇਕ ਸਿੰਘ ਭੱਜਲ ਸੂਬਾ ਸਕਤਰੇਤ ਮੈਂਬਰ, ਦਰਸ਼ਨ ਸਿੰਘ ਮੱਟੂ ਸੂਬਾ ਕਮੇਟੀ ਮੈਂਬਰ, ਮਹਿੰਦਰ ਬਡੋਆਣ ਤਹਿਸੀਲ ਸਕੱਤਰ ਦੀ ਅਗਵਾਈ ਵਿੱਚ ਮਾਰਚ ਕੀਤਾ ਗਿਆ।ਇੱਕ ਮਤੇ ਰਾਹੀਂ ਭਾਰਤ ਸਮੇਤ ਹੋਰ ਦੇਸ਼ਾਂ ਤੇ ਆਰਥਿਕ ਪਾਬੰਦੀਆਂ ਬੇਤਹਾਸ਼ਾ ਟੈਰਿਫ ਲਗਾਉਣ ਦੀ ਨਿਖੇਧੀ ਕੀਤੀ ਤੇ ਕਾਮਰੇਡ ਪਰੇਮ ਸਿੰਘ ਰਾਨਾ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਥੀ ਬਲਦੇਵ ਰਾਜ ਸਤਨੌਰ, ਅਵਤਾਰ ਸਿੰਘ, ਨਿਰਮਲ ਸਿੰਘ ਮੱਟੂ, ਮਹਿੰਦਰ ਸਿੰਘ ਮੱਟੂ, ਮਲਕੀਤ ਸਿੰਘ ਦਿਆਲ, ਜਗਦੀਸ਼ ਰਾਮ ਪਾਹਲੇਵਾਲ, ਹਰਪਾਲ ਸਿੰਘ, ਪਰਮੋਧ ਕੁਮਾਰ, ਹਰਮੇਸ਼ ਲਾਲ, ਗੁਰਮੀਤ ਸਿੰਘ ਪਾਂਗਲੀ, ਮੁਹੰਮਦ ਸੱਬਾ ਬਲਵੀਰ ਬੋੜਾ ਅਤੇ ਹੋਰ ਹਾਜ਼ਰ ਸੀ।

# ਮਿਡ-ਡੇ-ਮੀਲ ਬਲਾਕ ਮੈਨੇਜਰਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣ : ਸੁਰਿੰਦਰ

**ਜਲੰਧਰ (ਰਾਜੇਸ਼ ਥਾਪਾ)**- ਪਿਛਲੇ 16 ਸਾਲਾਂ ਤੋਂ ਬਲਾਕ ਦਫ਼ਤਰਾਂ ਵਿੱਚ ਪੂਰੀ ਤਨਦੇਹੀ ਨਾਲ ਬਹੁਤ ਹੀ ਨਿਗੁਣੀਆ ਤਨਖਾਹਾਂ ਤੇ ਸੇਵਾ ਨਿਭਾ ਰਹੇ ਸਹਾਇਕ ਬਲਾਕ ਮੈਨੇਜਰਾਂ ਨਾਲ ਵਿਭਾਗ ਦੇ ਅਧਿਕਾਰੀਆਂ ਨੇ ਇੱਕ ਵਾਰ ਫ਼ਿਰ ਧੱਕਾ ਕਰਦੇ ਹੋਏ ਰੈਗੂਲਰ ਲਈ ਇਹਨਾਂ ਨੂੰ ਨਹੀਂ ਵਿਚਾਰਿਆ ਗਿਆ।ਜਦਕਿ ਕੈਬਿਨਟ ਸਬ ਕਮੇਟੀ ਵੱਲੋਂ ਹਰੇਕ ਮੀਟਿੰਗ ਵਿੱਚ ਬਾਰ-ਬਾਰ



ਵਿਭਾਗ ਦੇ ਅਧਿਕਾਰੀਆਂ ਨੂੰ ਸਮੱਗਰਾ ਦੇ ਦਫ਼ਤਰੀ ਕਰਮਚਾਰੀਆਂ ਦੇ ਨਾਲ-ਨਾਲ ਮਿਡ-ਡੇ-ਮੀਲ ਦੇ ਸਹਾਇਕ ਬਲਾਕ ਮੈਨੇਜਰਾਂ ਨੂੰ ਵੀ ਰੈਗੂਲਰ ਕਰਨ ਲਈ ਕਿਹਾ ਗਿਆ। ਜਾਣਕਾਰੀ ਦਿੰਦੇ ਹੋਏ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਕੁਮਾਰ, ਸੁਖਜਿੰਦਰ ਸਿੰਘ ਖਾਨਪੁਰ, ਕਾਰਜਕਾਰੀ ਜਨਰਲ ਸਕੱਤਰ ਜਿੰਦਰ ਪਾਇਲਟ, ਮੀਡੀਆ ਸਕੱਤਰ ਗੁਰਪ੍ਰੀਤ ਮਾੜੀ ਮੇਘਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ,ਨਰਿੰਦਰ ਨੂਰ, ਬਲਜੀਤ ਟਾਮ,ਅਮ੍ਰਿਤਪਾਲ ਬਾਕੀਪੁਰ ਨੇ ਦੱਸਿਆ ਕਿ ਸਾਲ 2009 ਤੋਂ ਸੇਵਾ ਨਿਭਾਅ ਰਹੇ ਮਿਡ-ਡੇ-ਮੀਲ ਸਹਾਇਕ ਬਲਾਕ ਮੈਨਜਰਾਂ ਨਾਲ ਸਮੇਂ ਦੀਆਂ ਸਰਕਾਰਾਂ ਅਤੇ ਸਿੱਖਿਆ ਵਿਭਾਗ ਪੰਜਾਬ ਵੱਲੋਂ ਵਿਤਕਰਾ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਦਸੰਬਰ 2024 ਵਿੱਚ ਵਿਭਾਗ ਵੱਲੋਂ ਇਕ ਵਾਰ ਫਿਰ ਤੋਂ ਸਹਾਇਕ ਬਲਾਕ ਮੈਨੇਜਰਾਂ ਨਾਲ ਧੱਕਾ ਕਰਦੇ ਹੋਏ ਮਿਡ-ਡੇ-ਮੀਲ ਸੋਸਾਇਟੀ ਅਧੀਨ ਕੰਮ ਕਰਦੇ ਲੇਖਾਕਾਰ ਜੋ ਕਿ ਇਹਨਾਂ ਦੇ ਨਾਲ ਹੀ ਭਰਤੀ ਹੋਏ ਸਨ।ਉਹਨਾਂ ਦੀ ਤਨਖਾਹ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ ਲੇਖਾਕਾਰਾਂ ਦੇ ਬਰਾਬਰ ਸਹਾਇਕ ਬਲਾਕ ਮੈਨੇਜਰ ਨੂੰ ਵੀ ਲਾਭ ਮਿਲਣਾ ਚਾਹੀਦਾ ਹੈ। ਵਿੱਤ ਵਿਭਾਗ ਵੱਲੋਂ ਸਾਲ 2019 ਵਿੱਚ ਦਿੱਤੀ ਮੰਜ਼ੂਰੀ ਅਨੁਸਾਰ ਸਮੱਗਰਾ ਅਤੇ ਮਿਡ ਡੇ ਮੀਲ ਦੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਹਿੱਤ ਅਸਾਮੀਆਂ ਦੀ ਰਚਨਾ ਕਰ ਦਿੱਤੀ ਗਈ ਸੀ ਪਰ ਉਸੇ ਮੰਜ਼ੂਰੀ ਦੇ ਅਧਾਰ ਤੇ ਹੀ ਹੁਣ ਜੁਲਾਈ 2025 ਵਿੱਚ ਵਿੱਤ ਵਿਭਾਗ ਵੱਲੋਂ ਦੁਬਾਰਾ ਮੰਜ਼ੂਰੀ ਦਿੱਤੀ ਗਈ ਪਰ ਵਿਭਾਗ ਵੱਲੋਂ ਫ਼ਿਰ ਤੋਂ ਮਿਡ-ਡੇ-ਮੀਲ ਕਰਮਚਾਰੀਆਂ ਨੂੰ ਛੱਡ ਦਿੱਤਾ ਗਿਆ।

# ਜੋਗਿੰਦਰ ਸਿੰਘ ਮਾਨ ਨੇ ਅਨਾਜ ਮੰਡੀ 'ਚ ਸ਼ੁਰੂ ਕਰਵਾਈ ਝੋਨੇ ਦੀ ਖਰੀਦ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸੀਨੀਅਰ ਆਪ ਆਗੂ ਜੋਗਿੰਦਰ ਸਿੰਘ ਮਾਨ ਸਾਬਕਾ ਕੈਬਨਿਟ ਮੰਤਰੀ ਨੇ ਫਗਵਾੜਾ ਦੇ ਹੁਸ਼ਿਆਰਪੁਰ ਰੋਡ ਸਥਿਤ ਨਵੀਂ ਦਾਣਾ ਮੰਡੀ ਵਿੱਚ ਝੋਨੇ ਦੀ ਖਰੀਦ ਦੀ ਰਸਮੀ ਸ਼ੁਰੂਆਤ ਕਰਵਾਈ। ਉਹਨਾਂ ਦੇ ਨਾਲ ਏ.ਡੀ.ਸੀ. ਕਮ ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ, ਐਸ.ਡੀ.ਐਮ. ਜਸ਼ਨਜੀਤ ਸਿੰਘ ਅਤੇ ਮੇਅਰ ਰਾਮਪਾਲ ਉੱਪਲ ਵੀ ਉਚੇਰੇ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਉਨ੍ਹਾਂ ਨੇ ਮੰਡੀ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਅਤੇ ਆੜ੍ਹਤੀਆਂ, ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਤੇ ਲੇਬਰ ਨਾਲ ਗੱਲਬਾਤ ਕਰਨ ਉਪਰੰਤ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਮੰਡੀ ਮੁਲਾਜ਼ਮਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਮਾਨ ਨੇ ਕਿਸਾਨਾਂ, ਆੜ੍ਹਤੀਆਂ ਅਤੇ ਮੰਡੀ ਮਜ਼ਦੂਰਾਂ ਨੂੰ ਭਰੋਸਾ ਦਿੱਤਾ ਕਿ ਫਸਲ ਦੀ ਖਰੀਦ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਲੋੜ ਅਨੁਸਾਰ ਬਾਰਦਾਨੇ ਦਾ ਪ੍ਰਬੰਧ ਕੀਤਾ ਗਿਆ ਹੈ। ਕਿਸਾਨਾਂ ਅਤੇ ਮੰਡੀ ਮਜ਼ਦੂਰਾਂ ਦੀ ਸਹੂਲਤ ਲਈ ਵੀ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਇਹ ਯਕੀਨੀ ਬਣਾਇਆ ਜਾਵੇਗਾ ਕਿ ਫਸਲ ਦੀ ਕੀਮਤ ਕਿਸਾਨਾਂ ਦੇ ਖਾਤਿਆਂ ਵਿੱਚ ਸਮੇਂ ਸਿਰ ਪਹੁੰਚ ਜਾਵੇ ਅਤੇ ਫਸਲ ਦੀ ਲਿਫਟਿੰਗ ਸਮੇਂ 'ਤੇ ਹੋ ਸਕੇ। ਉਨ੍ਹਾਂ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਸਰਕਾਰੀ ਮਾਪਦੰਡ ਤੋਂ ਵੱਧ ਨਮੀ ਵਾਲੀ ਫ਼ਸਲ ਮੰਡੀ ਵਿੱਚ ਨਾ ਲਿਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਫ਼ਸਲ ਦਾ ਪੂਰਾ ਭਾਅ ਮਿਲ ਸਕੇ। ਇਸ ਮੌਕੇ ਡਿਪਟੀ ਮੇਅਰ ਵਿੱਕੀ ਸੂਦ, ਮਾਰਕਿਟ ਕਮੇਟੀ ਚੇਅਰਮੈਨ ਤਵਿੰਦਰ ਰਾਮ, ਕੌਂਸਲਰ ਜਸਦੇਵ ਪ੍ਰਿੰਸ, ਉਂਕਾਰ ਸਿੰਘ, ਅੰਕੁਸ਼ ਓਹਰੀ, ਅਮਰੀਕ ਸਿੰਘ, ਸੌਰਵ ਹਾਂਡਾ ਆਗਿਆਪਾਲ ਸਿੰਘ ਸਰਪੰਚ, ਨਰਿੰਦਰ ਸਿੰਘ ਸਰਪੰਚ, ਅਮਨਦੀਪ ਕੌਰ, ਰਣਜੀਤ ਕਲੇਰ ਸਰਪੰਚ, ਹਰਿੰਦਰ ਸਿੰਘ ਤੋਂ ਇਲਾਵਾ ਜਸਵਿੰਦਰ ਸਿੰਘ ਘੁੰਮਣ, ਕੁਲਵੰਤ ਪੱਬੀ ਮੰਡੀ ਪ੍ਰਧਾਨ ਅਤੇ ਜ਼ਿਲ੍ਹਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਤੇਜਸਵੀ ਭਾਰਦਵਾਜ, ਸੁਭਾਸ਼ ਕਲੂਚਾ, ਗਜਾਨੰਦ, ਜਸਵੰਤ ਸਿੰਘ, ਸ਼ਿਵ ਕੁਮਾਰ ਅੱਗਰਵਾਲ, ਅਸ਼ਵਨੀ, ਵਿਕਰਮ ਗੁਪਤਾ, ਸਤਨਾਮ ਸਿੰਘ ਸਾਹਨੀ, ਅਜੇ ਕੁਮਾਰ, ਬਲਜਿੰਦਰ ਸਿੰਘ ਸਕੱਤਰ, ਪਰਮ ਪ੍ਰਕਾਸ਼, ਬਲਜਿੰਦਰ ਸਿੰਘ, ਸ਼ਿਵਜੀਤ ਸਿੰਘ ਇੰਸਪੈਕਟਰ ਪਨਗ੍ਰੇਨ, ਬਲਵਿੰਦਰ ਸਿੰਘ ਪਨਸਪ, ਜਸਵਿੰਦਰ ਸਿੰਘ ਮਾਰਕਫੈਡ, ਮਨਪ੍ਰੀਤ ਸਿੰਘ ਮਾਰਕਫੈਡ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਬੇਟੀ ਦਿਵਸ ਮਨਾਇਆ

**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਧੀਆਂ ਵੱਲੋਂ ਸਾਡੀ ਜਿੰਦਗੀ ਵਿੱਚ ਲਿਆਂਦੀ ਰੋਸ਼ਨੀ, ਹਾਸੇ ਅਤੇ ਪਿਆਰ ਦੇ ਜਸ਼ਨ ਨੂੰ ਮਨਾਉਂਦੇ ਹੋਏ 'ਬੇਟੀ ਦਿਵਸ' ਮਨਾਇਆ ਗਿਆ। ਇਸ ਖਾਸ ਦਿਨ ਦੇ ਸਨਮਾਨ ਵਿੱਚ ਵਿਦਿਆਰਥਣਾਂ ਵੱਲੋਂ ਮਾਪਿਆਂ ਨਾਲ ਬਿਤਾਏ ਕੀਮਤੀ ਪਲਾਂ ਨੂੰ ਕੈਦ ਕੀਤਾ। ਮਾਪਿਆਂ ਨੇ ਟਾਈਮ ਕੱਢ ਕੇ ਆਪਣੀਆਂ ਧੀਆਂ ਨਾਲ ਸਮਾਂ ਗੁਜਾਰਿਆ। ਜਿਸ ਵਿੱਚ ਫਿਲਮ ਦੇਖਣਾ ਅਤੇ ਪਿਕਨਿਕ ਸ਼ਾਮਲ ਹਨ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਧੀਆਂ ਸਾਡੇ ਸਮਾਜ ਦੀ ਨੀਂਹ ਹਨ



ਅਤੇ ਸਾਡਾ ਇਹ ਫਰਜ਼ ਬਣਦਾ ਹੈ ਕਿ ਧੀਆਂ ਨੂੰ ਉੱਚੀ ਵਿੱਦਿਆ ਦੇ ਕੇ ਇਨ੍ਹਾਂ ਵਿਚ ਆਤਮ ਵਿਸ਼ਵਾਸ ਭਰਿਆ ਜਾਵੇ, ਤਾਂ ਜੋ ਸਾਡੇ ਸਮਾਜ ਦੀ ਨੀਂਹ ਪੱਕੀ ਹੋ ਸਕੇ। ਉਨ੍ਹਾਂ ਕਿਹਾ ਕਿ ਅੱਜ ਦੀ ਹਰ ਇੱਕ ਬੇਟੀ ਆਤਮ ਨਿਰਭਰ ਹੋਣੀ ਚਾਹੀਦੀ ਹੈ ਤਾਂ ਜੋ ਉਹ ਅੱਗੇ ਚੱਲ ਕੇ ਆਪਣੇ ਪਰਿਵਾਰ, ਬੱਚਿਆਂ ਅਤੇ ਸਮਾਜ ਨੂੰ ਸਹੀ ਸੇਧ ਦੇ ਸਕੇ। ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਨਿਮਰਤਾ ਕੌਰ ਨੇ 'ਬੇਟੀ ਦਿਵਸ' ਦੀ ਸਮੂਹ ਸਟਾਫ ਮੈਂਬਰਾਂ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

# ਟ੍ਰਾਈਸਿਟੀ 'ਚ ਲਗਜ਼ਰੀ ਘਰਾਂ ਦੀ ਵਧਦੀ ਮੰਗ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਚੰਡੀਗੜ੍ਹ, ਮੋਹਾਲੀ ਤੇ ਪੰਚਕੂਲਾ ਨੂੰ ਸ਼ਾਮਲ ਕਰਦੇ ਹੋਏ ਟ੍ਰਾਈਸਿਟੀ, ਲਗਜ਼ਰੀ ਘਰਾਂ ਦੀ ਮੰਗ ਵਿੱਚ ਤੇਜ਼ੀ ਨਾਲ ਵਾਧਾ ਅਨੁਭਵ ਕਰ ਰਹੀ ਹੈ। ਇੱਕ ਵਾਰ ਪਲਾਟਾਂ ਅਤੇ ਮਿਡ-ਰੇਂਜ ਪ੍ਰੋਜੈਕਟਾਂ ਲਈ ਜਾਣਿਆ ਜਾਂਦਾ ਸੀ, ਵਧਦੀਆਂ ਇੱਛਾਵਾਂ ਅਤੇ ਆਤਮਵਿਸ਼ਵਾਸੀ ਖਰੀਦਦਾਰ ਹੁਣ ਉੱਚ-ਅੰਤ ਵਾਲੀ ਜੀਵਨ ਸ਼ੈਲੀ ਵੱਲ ਮੁੜ ਰਹੇ ਹਨ। ਉਦਯੋਗ ਮਾਹਰਾਂ ਦਾ ਕਹਿਣਾ ਹੈ ਕਿ ਪ੍ਰਵਾਸੀ ਭਾਰਤੀ, ਕਾਰੋਬਾਰੀ ਨੇਤਾ ਅਤੇ ਪੇਸ਼ੇਵਰ ਇਸ ਤਬਦੀਲੀ ਦੇ ਸਭ ਤੋਂ ਅੱਗੇ ਹਨ। ਉਨ੍ਹਾਂ ਲਈ, ਲਗਜ਼ਰੀ ਹੁਣ ਸਿਰਫ਼ ਇੱਕ ਵੱਡੇ ਘਰ ਦੁਆਰਾ ਨਹੀਂ, ਸਗੋਂ ਇੱਕ ਜੀਵਨ ਸ਼ੈਲੀ ਦੁਆਰਾ ਪਰਿਭਾਸ਼ਿਤ ਕੀਤੀ ਜਾਂਦੀ ਹੈ। ਸਮਾਰਟ ਘਰ, ਤੰਦਰੁਸਤੀ ਜ਼ੋਨ, ਡਿਜ਼ਾਈਨਰ ਇੰਟੀਰੀਅਰ, ਅਤੇ ਕਿਉਰੇਟਿਡ ਕਮਿਊਨਿਟੀ ਲਿਵਿੰਗ ਲਗਜ਼ਰੀ ਲਈ ਨਵੇਂ ਮਾਪਦੰਡ ਬਣ ਗਏ ਹਨ।

# ਦਫ਼ਤਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਘਟਾਉਣ ਦੇ ਫੈਸਲੇ ਦਾ ਵਿਰੋਧ ਕੀਤਾ ਜਾਵੇਗਾ : ਨਵਪ੍ਰੀਤ ਬੱਲੀ

**ਮਹਿਤਪੁਰ (ਰਾਜਾ)**- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਹੋਈ ਕੈਬਿਨਟ ਮੀਟਿੰਗ ਦੌਰਾਨ 15-20 ਸਾਲਾਂ ਤੋਂ ਕੰਮ ਕਰ ਰਹੇ 1007 ਦਫਤਰੀ ਕਰਮਚਾਰੀਆਂ ਨੂੰ ਕੈਬਿਨਟ ਵੱਲੋਂ ਸਿੱਖਿਆ ਵਿਭਾਗ ਅਧੀਨ ਲੈ ਕੇ ਪੱਕਾ ਕਰਨ ਦਾ ਫੈਸਲਾ ਲਿਆ ਹੈ ਜਿਸ ਦੌਰਾਨ ਸਰਕਾਰ ਵੱਲੋਂ ਇਕ ਵੱਡਾ ਬਦਲਾਅ ਕਰਕੇ ਮੁਲਾਜ਼ਮਾਂ ਦੀ ਤਨਖਾਹ ਵਿੱਚ ਵੱਡੀ ਕਟੌਤੀ ਕਰਨ ਦੀ ਤਿਆਰੀ ਕਰ ਲਈ ਹੈ ਜਿਸ ਸਬੰਧੀ ਸਿੱਖਿਆ ਵਿਭਾਗ ਵੱਲੋਂ ਨੋਟੀਫਿਕੇਸ਼ਨ ਜ਼ਾਰੀ ਕਰ ਦਿੱਤਾ ਗਿਆ ਹੈ। ਜਾਰੀ ਨੋਟੀਫਿਕੇਸ਼ਨ ਅਨੁਸਾਰ ਇਕ ਤਾਂ ਮੁਲਾਜ਼ਮਾਂ ਦੀਆ ਮੌਜੂਦਾ ਪੋਸਟਾਂ ਜਿੰਨ੍ਹਾ ਤੇ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਦੂਜਾ ਮੁਲਾਜ਼ਮਾਂ ਦੀਆ ਤਨਖਾਹਾਂ ਤੇ ਵੱਡੀ ਕਟੌਤੀ ਕਰਦੇ ਹੋਏ 50000 ਤੋਂ 19000 ਰੁਪਏ ਤਨਖਾਹ ਕਰਨ ਦੀ ਤਿਆਰੀ ਕੀਤੀ ਗਈ ਹੈ, ਜਿਸ ਕਰਕੇ ਸਮੂਹ ਮੁਲਾਜ਼ਮ ਵਰਗ ਵਿਚ ਰੋਸ ਹੈ।15-20 ਸਾਲ ਸਰਕਾਰ ਨੂੰ ਆਪਣੀਆ ਸੇਵਾਵਾਂ ਦੇਣ ਦੇ ਬਾਵਜੂਦ ਹੁਣ ਸਰਕਾਰ ਮੁਲਾਜ਼ਮਾਂ ਦੀਆ ਤਨਖਾਹਾਂ ਵਿਚ ਵੱਡੀ ਕਟੌਤੀ ਕਰ ਰਹੀ ਹੈ ਜਿਸ ਨਾਲ 1007 ਪਰਵਾਰਾਂ ਦੇ ਘਰ ਦੇ ਚੁੱਲੇ ਠੰਡੇ ਪੈ ਜਾਣਗੇ। ਘਰ ਦਾ ਗੁਜ਼ਾਰਾ ਅਤੇ ਬੱਚਿਆਂ ਦੀ ਪੜ੍ਹਾਈ ਬਹੁਤ ਮੁਸ਼ਕਿਲ ਹੋ ਜਾਵੇਗੀ। ਪ੍ਰੈਸ ਨੂੰ ਬਿਆਨ ਜ਼ਾਰੀ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਸੂਬਾ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ, ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ, ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਕਿਹਾ ਕਿ ਦਫਤਰੀ ਕਰਮਚਾਰੀ ਸਾਲ 2005 ਤੋਂ ਲਗਾਤਾਰ ਸਿੱਖਿਆ ਵਿਭਾਗ ਵਿਚ ਬੜੀ ਤਨਦੇਹੀ ਨਾਲ ਕੰਮ ਕਰ ਰਹੇ ਹਨ ਪਰ ਸਮੇਂ ਸਮੇਂ ਦੀਆ ਸਰਕਾਰਾਂ ਵੱਲੋਂ ਹਮੇਸ਼ਾਂ ਹੀ ਦਫਤਰੀ ਕਰਮਚਾਰੀਆਂ ਨੂੰ ਅਣਗੋਲਿਆ ਹੀ ਕੀਤਾ ਗਿਆ।



# ਸੰਯੁਕਤ ਸੀ ਈ ਓ ਨੇ ਮੋਹਾਲੀ 'ਚ ਈ ਵੀ ਐੱਮ/ਵੀ ਵੀ ਪੀ ਏ ਟੀ ਵੇਅਰ ਹਾਊਸ ਦਾ ਨਿਰੀਖਣ

**ਮੋਹਾਲੀ (ਗੁਰਜੀਤ ਬਿੱਲਾ)** ਭਾਰਤ ਦੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਤੇ ਮੁੱਖ ਚੋਣ ਅਫ਼ਸਰ ਪੰਜਾਬ, ਸਿਬਿਨ ਸੀ. ਦੇ ਮਾਰਗਦਰਸ਼ਨ ਅਨੁਸਾਰ, ਸੰਯੁਕਤ ਮੁੱਖ ਚੋਣ ਅਧਿਕਾਰੀ ਪੰਜਾਬ, ਸਕਤਰ ਸਿੰਘ ਬੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ ਏ ਐਸ ਨਗਰ ਵਿਖੇ ਈ ਵੀ ਐਮ/ਵੀ ਵੀ ਪੀ ਏ ਟੀ ਵੇਅਰ ਹਾਊਸ ਦਾ ਤਿਮਾਹੀ ਨਿਰੀਖਣ ਕੀਤਾ।ਇਹ ਨਿਰੀਖਣ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਸ਼੍ਰੀਮਤੀ ਗੀਤਿਕਾ ਸਿੰਘ ਅਤੇ ਤਹਿਸੀਲਦਾਰ, ਜ਼ਿਲ੍ਹਾ ਚੋਣ ਦਫ਼ਤਰ, ਐਸ ਏ ਐਸ ਨਗਰ, ਸੰਜੇ ਕੁਮਾਰ ਅਤੇ ਹੋਰ ਸਟਾਫ ਦੀ ਮੌਜੂਦਗੀ ਵਿੱਚ ਕੀਤਾ ਗਿਆ। ਪ੍ਰਕਿਰਿਆ ਦੀ ਪੂਰੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਨਿਰੀਖਣ ਦੌਰਾਨ ਆਮ ਆਦਮੀ ਪਾਰਟੀ (ਆਪ), ਇੰਡੀਅਨ ਨੈਸ਼ਨਲ ਕਾਂਗਰਸ (ਆਈ ਐਨ ਸੀ), ਭਾਰਤੀ ਜਨਤਾ ਪਾਰਟੀ (ਭਾਜਪਾ), ਅਤੇ ਸ਼੍ਰੋਮਣੀ ਅਕਾਲੀ ਦਲ (ਐਸ ਏ ਡੀ) ਸਮੇਤ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ।ਸੰਯੁਕਤ ਸੀ ਈ ਓ ਨੇ ਕਿਹਾ ਕਿ ਇਹ ਜਾਂਚ ਅਭਿਆਸ ਭਾਰਤ ਦੇ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੋਣ ਨਾਲ ਸਬੰਧਤ ਸਮੱਗਰੀ ਦੀ ਸਹੀ ਦੇਖਭਾਲ ਅਤੇ ਸੁਰੱਖਿਆ ਦੀ ਪੁਸ਼ਟੀ ਕਰਨ ਲਈ ਕੀਤਾ ਗਿਆ ਸੀ।ਸੰਯੁਕਤ ਸੀ ਈ ਓ ਨੇ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨ ਅਤੇ ਚੋਣਾਂ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਵਿੱਚ ਪੂਰੀ ਪਾਰਦਰਸ਼ਤਾ ਬਣਾਈ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।



# ਨਗਰ ਕੌਂਸਲ ਕਰਮਚਾਰੀਆਂ ਦੀਆਂ ਮੰਗਾਂ ਨੂੰ ਲੈ ਕੇ ਸਰਕਾਰ ਗੰਭੀਰ ਨਹੀਂ : ਅਰਵਿੰਦ ਮਿੱਤਲ

**ਥਾਂ ਥਾਂ ਲੱਗੇ ਗੰਦਗੀ ਦੇ ਢੇਰ ਸਰਕਾਰ ਦੀ ਕਾਰਜ ਪ੍ਰਣਾਲੀ 'ਤੇ ਪ੍ਰਸ਼ਨ ਚਿੰਨ ਲਗਾਉਂਦੇ ਹਨ : ਮਿੱਤਲ**

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਅੰਦਰ ਨਗਰ ਕੌਂਸਲ ਕਰਮਚਾਰੀਆਂ ਦੀ ਹੜਤਾਲ ਪਿਛਲੇ ਇੱਕ ਹਫਤੇ ਤੋਂ ਵੱਧ ਸਮਾਂ ਹੋਣ ਦੇ ਬਾਵਜੂਦ ਸਰਕਾਰ ਗੰਭੀਰ ਨਹੀਂ ਸਰਕਾਰ ਦੇ ਕਰਮਚਾਰੀਆਂ ਦੇ ਪ੍ਰਤੀ ਬੇਰੁਖੀ ਦਾ ਨਤੀਜਾ ਪੰਜਾਬ ਭਰ ਵਿੱਚ ਥਾਂ ਥਾਂ ਗੰਦਗੀ ਦੇ ਢੇਰ ਲੱਗੇ ਹਨ। ਲੇਕਿਨ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨਾ ਮੰਨ ਕੇ ਉਹਨਾਂ ਨਾਲ ਧੱਕਾ ਕੀਤਾ ਜਾ ਰਿਹਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਭਾਜਪਾ ਦੇ ਸਾਬਕਾ ਸਕੱਤਰ ਐਡਵੋਕੇਟ ਅਰਵਿੰਦ ਮਿੱਤਲ ਨੇ ਸੀ ਆਨੰਦਪੁਰ ਸਾਹਿਬ ਦੇ ਨਾਲ ਲੱਗਦੇ ਪਿੰਡ ਬੁਰਜ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਹਨਾਂ ਕਿਹਾ ਇਹਨਾਂ ਗਰੀਬ ਲੋਕਾਂ ਦੀ ਮੰਗਾਂ ਨੂੰ ਮੰਨ ਕੇ ਸਰਕਾਰ ਬਿਨਾਂ ਦੇਰੀ ਤੋਂ ਦੁਸਹਿਰੇ ਤੋਂ ਪਹਿਲਾਂ ਸਫਾਈ ਨੂੰ ਸੁਚਾਰੂ ਕੀਤਾ ਜਾਵੇ।



# ਹਲਕਾ ਨਕੋਦਰ ਦੇ ਅਕਾਲੀ ਆਗੂ ਤੇ ਵਰਕਰ ਨਿਰਾਸ਼, ਬਾਂਹ ਫੜਨ ਵਾਲਾ ਕੋਈ ਵੀ ਲੀਡਰ ਨਹੀਂ ਮਿਲ ਰਿਹਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸ਼੍ਰੋਮਣੀ ਅਕਾਲੀ ਦਲ ਦੇ ਦੋ ਵਾਰੀ ਰਹਿ ਚੁੱਕੇ ਸਾਬਕਾ ਵਿਧਾਇਕ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਅੱਜ ਕੱਲ੍ਹ ਕਾਫੀ ਲੰਬੇ ਸਮੇਂ ਤੋਂ ਹਲਕਾ ਨਕੋਦਰ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਟਕਸਾਲੀ ਅਕਾਲੀ ਆਗੂ ਤੇ ਵਰਕਰਾਂ ਨਾਲੋਂ ਟੁੱਟ ਚੁੱਕੇ ਹਨ, ਜਿਸ ਕਾਰਨ ਹਲਕਾ ਨਕੋਦਰ ਦੇ ਅਕਾਲੀ ਆਗੂ ਤੇ ਵਰਕਰ ਕਾਫੀ ਨਿਰਾਸ਼ ਹੋ ਰਹੇ ਹਨ। ਜਿਨ੍ਹਾਂ ਦੀ ਬਾਂਹ ਫੜਨ ਵਾਲਾ ਅੱਜ ਕੱਲ੍ਹ ਉਨ੍ਹਾਂ ਨੂੰ ਕੋਈ ਵੀ ਲੀਡਰ ਨਹੀਂ ਮਿਲ ਰਿਹਾ। ਜਿਸ ਕਾਰਨ ਇਹ ਲੋਕ ਕਦੇ ਕੋਈ ਪਾਰਟੀ ਤੇ ਕਦੇ ਕੋਈ ਪਾਰਟੀ ਵਿਚ ਜਾ ਰਹੇ ਹਨ। ਆਗੂਆਂ ਤੇ ਵਰਕਰਾਂ ਦਾ ਕਹਿਣਾ ਹੈ ਕੇ ਇਸ ਵੇਲੇ ਸਾਡੀ ਸਾਰ ਲੈਣ ਵਾਲਾ ਕੋਈ ਵੀ ਆਗੂ ਨਹੀਂ ਹੈ। ਜਥੇਦਾਰ ਵਡਾਲਾ ਕੁਝ ਸਮੇਂ ਤੋਂ ਪੰਜਾਬ ਵਿਚ ਬਣੇ ਦੂਸਰੇ ਅਕਾਲੀ ਦਲ ਵਿਚ ਆਪਣੀ ਪਕੜ ਬਣਾ ਰਹੇ ਹਨ। ਪਰ ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਬਹੁਤ ਸਾਰੇ ਅਕਾਲੀ ਦਲ ਬਣੇ। ਪਰ ਉਨ੍ਹਾਂ ਦਾ ਹਸ਼ਰ ਬਹੁਤ ਮਾੜਾ ਹੋਇਆ। ਇਸ ਵੇਲੇ ਖੇਤਰੀ ਪਾਰਟੀ ਅਕਾਲੀ ਦਲ ( ਬਾਦਲ ) ਦੀ ਪ੍ਰਧਾਨਗੀ ਸੁਖਬੀਰ ਸਿੰਘ ਬਾਦਲ ਕਰ ਰਹੇ ਹਨ।



ਜਿਨ੍ਹਾਂ ਨੇ ਪੰਜਾਬ ਵਿਚ ਆਏ ਹੜ੍ਹਾਂ ਕਾਰਨ ਪਹਿਲੀ ਕਤਾਰ ਵਿੱਚ ਰਹਿ ਕੇ ਸੇਵਾ ਨਿਭਾਈ ਤੇ ਹੁਣ ਵੀ ਨਿਭਾ ਰਹੇ ਹਨ। ਵਰਕਰਾਂ ਦਾ ਕਹਿਣਾ ਹੈ ਕੇ 10 ਸਾਲ ਰਹੀ ਆਕਾਲੀ ਸਰਕਾਰ ਵੇਲੇ ਜਥੇਦਾਰ ਵਡਾਲਾ ਨੇ ਸੱਤਾ ਦਾ ਖੂਬ ਆਨੰਦ ਮਾਣਿਆ ਤੇ ਹੁਣ ਨਵੀਂ ਪਾਰਟੀ ਬਣਾ ਕੇ ਪਤਾ ਨਹੀਂ ਕੀ ਸਾਬਤ ਕਰਨਾ ਚਾਹੁੰਦੇ ਨੇ। ਇਸ ਵੇਲੇ ਸਵ: ਗੁਰਦੀਪ ਸਿੰਘ ਭੁੱਲਰ ਦੇ ਜਵਾਈ ਐਡਵੋਕੇਟ ਰਾਜ ਕਮਲ ਸਿੰਘ ਭੁੱਲਰ ਥੋੜ੍ਹੀ ਬਹੁਤ ਹੀ ਪਾਰਟੀ ਦੀ ਸੇਵਾ ਕਰ ਰਹੇ ਹਨ ਪਰ ਉਹਨਾਂ ਨੇ ਵੀ ਹਾਲੇ ਤੱਕ ਪਿੰਡਾਂ ਵਿੱਚ ਜਾ ਕੇ ਵਰਕਰਾਂ ਨੂੰ ਦਿਲਾਸਾ ਨਹੀਂ ਦਿੱਤਾ। ਉਧਰ ਇਸ ਵੇਲੇ ਹਲਕਾ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਨੇ ਨਗਰ ਕੌਂਸਲ ਨੂਰਮਹਿਲ ਦੀਆਂ ਚੋਣਾਂ ਨੂੰ ਦੇਖਦੇ ਹੋਏ ਸ਼ਹਿਰ ਵਿੱਚ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਉਹ ਹਰ ਵਾਰਡ ਵਿੱਚ ਜਾ ਕੇ ਲੋਕਾਂ ਨੂੰ ਸਰਕਾਰ ਦੀ ਪ੍ਰਾਪਤੀਆਂ ਬਾਰੇ ਦੱਸ ਰਹੇ ਹਨ ਤੇ ਨੌਜਵਾਨਾਂ ਦੀਆ ਡਿਊਟੀਆਂ ਲਾ ਕੇ ਉਹਨਾਂ ਨੂੰ ਸਨਮਾਨ ਚਿੰਨ੍ਹ ਦੇ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਸ਼ਹਿਰ ਵਿੱਚ ਬਹੁਤ ਸਾਰੇ ਪ੍ਰੋਜੈਕਟ ਜਥੇਦਾਰ ਵਡਾਲਾ ਨੇ ਲਿਆਂਦੇ ਪਰ ਉਹਨਾਂ ਤੋਂ ਬਾਅਦ ਆਈਆਂ ਸਰਕਾਰਾਂ ਨੇ ਉਹਨਾਂ ਦੇ ਇਨ੍ਹਾ ਪ੍ਰਜੈਕਟਾ ਨੂੰ ਅਜੇ ਤੱਕ ਵੀ ਪੂਰਾ ਨਹੀਂ ਕੀਤਾ। ਵਰਕਰਾਂ ਦਾ ਕਹਿਣਾ ਹੈ ਕਿ ਜਥੇਦਾਰ ਵਡਾਲਾ ਆਪਣੀ ਸੌੜੀ ਰਾਜਨੀਤੀ ਛੱਡ ਕੇ ਆਪਣੇ ਹਲਕਾ ਦੇ ਲੋਕਾਂ ਦੀ ਸਾਰ ਲੈਣ। ਵਰਕਰਾਂ ਤੇ ਆਗੂਆਂ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਛੇਤੀ ਹਲਕੇ ਨੂੰ ਕੋਈ ਆਗੂ ਦਿੱਤਾ ਜਾਵੇ ਤੇ ਨੌਜਵਾਨਾਂ ਨੂੰ ਅਹੁਦੇ ਦੇ ਕੇ ਪਾਰਟੀ ਨੂੰ ਮਜ਼ਬੂਤ ਕੀਤਾ ਜਾ ਸਕੇ।ਜੇਕਰ ਦੇਰ ਹੋ ਗਈ ਤਾਂ ਇਹਨਾਂ ਦੇ ਘਾਤਕ ਨਤੀਜੇ ਨਿਕਲਣਗੇ।

# ਥਿੰਦ ਨੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਸਕੀਮਾਂ ਦਾ ਲਿਆ ਜਾਇਜ਼ਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਮਲਕੀਤ ਸਿੰਘ ਥਿੰਦ ਨੇ ਇੱਥੇ ਰਾਜ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੱਲ ਰਹੀਆਂ ਯੋਜਨਾਵਾਂ ਦਾ ਜਾਇਜਾ ਲੈਂਦਿਆਂ ਪੱਛੜੀਆਂ ਸ਼੍ਰੇਣੀਆਂ ਦੇ ਲਾਭਪਾਤਰੀਆਂ ਨੂੰ ਭਲਾਈ ਸਕੀਮਾਂ ਦਾ ਵੱਧ ਦਾ ਵੱਧ ਲਾਭ ਲੈਣ ਦਾ ਸੱਦਾ ਦਿੱਤਾ। ਖਟਕੜ ਕਲਾਂ ਵਿਖੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਭਲਾਈ ਦਫ਼ਤਰ ਸਮੇਤ ਹੋਰਨਾਂ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਚੇਅਰਮੈਨ ਮਲਕੀਤ ਸਿੰਘ ਥਿੰਦ ਅਧਿਕਾਰੀਆਂ ਨੂੰ ਪੱਛੜੇ ਵਰਗ ਦੇ ਲੋੜਵੰਦ ਲੋਕਾਂ ਨੂੰ ਸਰਕਾਰ ਦੀ ਹਰੇਕ ਯੋਜਨਾ ਬਾਰੇ ਵਿਸਥਾਰ ਨਾਲ ਜਾਣੂੰ ਕਰਵਾਉਣ ਦੀ ਹਦਾਇਤ ਕੀਤੀ, ਤਾਂ ਜੋ ਕੋਈ ਜਰੂਰਤਮੰਦ ਸਰਕਾਰ ਦੀ ਭਲਾਈ ਸਕੀਮ ਤੋਂ ਵਾਂਝਾਂ ਨਾ ਰਹੇ। ਉਨ੍ਹਾਂ ਕਿਹਾ ਕਿ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਪੱਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ ਲੈਣ ਲਈ ਕਿਸੇ ਨੂੰ ਮੁਸ਼ਕਲ ਪੇਸ਼ ਨਾ ਆਉਣ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਹਰੇਕ ਵਰਗ ਦੇ ਨਾਲ ਪੱਛੜੇ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। ਚੇਅਰਮੈਨ ਥਿੰਦ ਕਿਹਾ ਵਿਭਾਗੀ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਹਰੇਕ ਪਿੰਡ, ਵਾਰਡ ਪੱਧਰ 'ਤੇ ਪੱਛੜੀਆਂ ਸ੍ਰੇਣੀਆਂ ਨੂੰ ਸਰਕਾਰ ਤੋਂ ਮਿਲਣ ਵਾਲੀਆਂ ਯੋਜਨਾਵਾਂ ਬਾਰੇ ਜਾਗਰੂਕ ਕੀਤਾ ਜਾਵੇ।ਉਨ੍ਹਾਂ ਕਿਹਾ ਸ਼ਗਨ ਸਕੀਮ, ਸਕਾਲਰਸ਼ਿਪ ਸਕੀਮ ਦੀ ਜਾਣਕਾਰੀ ਤੋਂ ਵਾਂਝੇ ਪੱਛੜੇ ਵਰਗ ਦੇ ਲੋਕਾਂ ਅੰਦਰ ਪ੍ਰਚਾਰ ਦੀ ਲੋੜ ਹੈ।ਉਨ੍ਹਾਂ ਕਿਹਾ ਪੰਜਾਬ ਸਰਕਾਰ ਤੋਂ ਪਛੜੇ ਵਰਗਾਂ ਦੇ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਸੰਬੰਧੀ ਜਾਣਕਾਰੀ ਦੇਣ ਲਈ ਸਮੇਂ ਸਮੇਂ ਤੇ ਸੈਮੀਨਾਰ ਕਰਵਾਏ ਜਾਣ।ਉਨ੍ਹਾਂ ਦੱਸਿਆ ਕਿ ਇਹਨਾਂ ਵਰਗਾਂ ਦੇ ਬੱਚਿਆਂ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਹੋਸਟਲ ਦੀ ਸੁਵਿਧਾ ਵੀ ਪ੍ਰਦਾਨ ਕੀਤੀ ਜਾ ਰਹੀ ਹੈ।ਇਸ ਤੋਂ ਪਹਿਲਾ ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਮਲਕੀਤ ਸਿੰਘ ਥਿੰਦ ਨੇ ਪੱਛੜੇ ਵਰਗ ਨਾਲ ਸਬੰਧਤ ਲੋਕਾਂ ਨੂੰ ਆਉਂਦੀਆਂ ਦਿੱਕਤਾਂ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਲੋੜਵੰਦ ਲੋਕਾਂ ਦੀਆਂ ਵਿਭਾਗੀ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀ ਹਦਾਇਤ ਕੀਤੀ।




# ਪ੍ਰਾਈਵੇਟ ਸਕੂਲਾਂ ਦੀ ਕਨਵੈਨਸ਼ਨ ਅੱਜ

**ਟਾਂਡਾ ਉੜਮੜ (ਓਂਕਾਰ ਸਿੰਘ, ਜਸਵਿੰਦਰ ਸੰਧੂ)**- ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਸਰਪ੍ਰਸਤੀ ਹੇਠ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਦੇ ਸਮੂਹ ਪ੍ਰਾਈਵੇਟ ਸਕੂਲਾਂ ਦੀ ਇੱਕ ਵਿਸ਼ੇਸ਼ ਕਨਵੈਨਸ਼ਨ 1 ਅਕਤੂਬਰ ਨੂੰ ਇੱਕ ਤੋਂ ਚਾਰ ਵਜੇ ਤੱਕ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਇਸ ਕਨਵੈਨਸ਼ਨ ਵਿੱਚ ਪ੍ਰਾਈਵੇਟ ਸਕੂਲਾਂ ਨੂੰ ਆ ਰਹੀਆਂ ਵੱਖ-ਵੱਖ ਸਮੱਸਿਆਂ ਤੇ ਵਿਚਾਰ ਚਰਚਾ ਕੀਤੀ ਜਾਵੇਗੀ ਤੇ ਇਸ ਸੰਬੰਧੀ ਇੱਕ ਡਰਾਫਟ ਤਿਆਰ ਕਰਕੇ ਪੰਜਾਬ ਸਰਕਾਰ ਨੂੰ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਪੰਜਾਬ ਦੀ ਸਕੂਲੀ ਸਿੱਖਿਆ ਅੰਦਰ ਪ੍ਰਾਈਵੇਟ ਸਕੂਲਾਂ ਦਾ ਅਹਿਮ ਯੋਗਦਾਨ ਹੈ ਅਤੇ ਇਹਨਾਂ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਦੇ ਕਾਰਨ ਹੀ ਪੰਜਾਬ ਅੰਦਰ ਪੜਾਈ ਦਾ ਪੱਧਰ ਉੱਚਾ ਹੋ ਸਕਿਆ ਹੈ। ਜਿਸ ਸਦਕਾ ਪੰਜਾਬ ਨੂੰ ਦੇਸ਼ ਅੰਦਰ ਸਿੱਖਿਆ ਦੇ ਖੇਤਰ ਵਿੱਚ ਪਹਿਲਾ ਸਥਾਨ ਦੀ ਮਿਲ ਚੁੱਕਾ ਹੈ। ਸੁਖਵਿੰਦਰ ਸਿੰਘ ਅਰੋੜਾ ਨੇ ਹੋਰ ਦੱਸਿਆ ਕਿ ਇਸ ਕਨਵੈਂਸ਼ਨ ਵਿੱਚ ਸਮੂਹ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ ਪ੍ਰਿੰਸੀਪਲ ਤੇ ਕੋਆਰਡੀਨੇਟਰ ਸ਼ਾਮਿਲ ਹੋਣਗੇ ਤੇ ਭਵਿੱਖ ਦੀ ਸਿੱਖਿਆ ਨੀਤੀ ਤੇ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਕਨਵੈਂਸ਼ਨ ਦੇ ਮੁੱਖ ਬੁਲਾਰੇ ਪ੍ਰਾਈਵੇਟ ਸਕੂਲ ਫੈਡਰੇਸ਼ਨ ਦੇ ਪ੍ਰਧਾਨ ਡਾਕਟਰ ਜਗਜੀਤ ਸਿੰਘ ਧੂਰੀ ਹੋਣਗੇ ਅਤੇ ਉਹਨਾਂ ਤੋਂ ਇਲਾਵਾ ਹੋਰ ਸਿੱਖਿਆ ਮਾਹਰ ਵੀ ਆਪਣੇ ਵਿਚਾਰ ਪੇਸ਼ ਕਰਨਗੇ।



1 Oct Page 9.qxd 9/30/2025 10:59 PM Page 1



# ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ ਵਿਖੇ ਐੱਨ ਐੱਸ ਐੱਸ ਦਿਵਸ ਮਨਾਇਆ




**ਕਾਲਾ ਸੰਘਿਆਂ (ਮਨਜੀਤ ਮਾਨ)**- ਸੰਤ ਹੀਰਾ ਦਾਸ ਕੰਨਿਆਂ ਮਹਾਂਵਿਦਿਆਲਿਆ ਕਾਲਾ ਸੰਘਿਆਂ ਵਿਖੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਐਨ.ਐਸ.ਐਸ ਤੇ ਰੈਡ ਰਿਬਨ ਵਿਭਾਗ ਦੇ ਇੰਚਾਰਜ ਡਾ. ਕੁਲਵਿੰਦਰ ਕੌਰ, ਮੈਡਮ ਸੁਜਨ, ਮੈਡਮ ਇਰਮਾ, ਮੈਡਮ ਨੀਤੂ ਦੇ ਸਹਿਯੋਗ ਨਾਲ ਐਨ.ਐਸ.ਐਸ ਦਿਵਸ ਮਨਾਇਆ ਗਿਆ।ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਐਨ.ਐਸ.ਐਸ ਦਾ ਮੂਲ ਮੋਟਿਵ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਯੋਜਨਾ ਦਾ ਮੂਲ ਉਦੇਸ਼ ਵਿਦਿਆਰਥੀਆਂ ਵਿੱਚ ਬਿਨਾਂ ਕਿਸੇ ਸਵਾਰਥ ਦੇ ਸਮਾਜ ਦੀ ਸੇਵਾ ਕਰਨਾ ਹੈ ਤੇ ਚੰਗੇ ਨਾਗਰਿਕ ਬਣ ਕੇ ਸਵੱਛ ਰਾਸ਼ਟਰ ਦਾ ਨਿਰਮਾਣ ਕਰਨਾ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਮਾਜਿਕ ਸੇਵਾ ਕਰਨ ਲਈ ਪ੍ਰੇਰਿਆ। ਇਸ ਮੌਕੇ ਡਾ. ਕੁਲਵਿੰਦਰ ਕੌਰ ਨੇ ਐਨ.ਐਸ.ਐਸ ਵਿਭਾਗ ਵੱਲੋਂ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਵਲੰਟੀਅਰਜ਼ ਹਮੇਸ਼ਾ ਹੀ ਕਾਲਜ ਕੈਂਪਸ ਦੀ ਸਫਾਈ, ਵਾਤਾਵਰਨ ਦੀ ਸ਼ੁੱਧਤਾ ਲਈ ਪੌਦੇ ਲਾਉਣੇ, ਏਡਸ ਵਰਗੀਆਂ ਬਿਮਾਰੀਆਂ ਖਿਲਾਫ ਆਵਾਜ਼ ਉਠਾਉਣ ਤੇ ਪੋਸਟਰ ਮੇਕਿੰਗ, ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਹਨ। ਜਿਸ ਦਾ ਮਨੋਰਥ ਕੇਵਲ ਸਮਾਜ ਦੀ ਸੇਵਾ, ਸਵੱਛਤਾ ਹੀ ਸੇਵਾ ਹੈ ਤੇ ਵਾਤਾਵਰਨ ਸੰਭਾਲ ਬਾਰੇ ਸੁਨੇਹਾ ਦੇਣਾ ਹੈ। ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ, ਇੰਚਾਰਜ ਡਾ. ਕੁਲਵਿੰਦਰ ਕੌਰ, ਸਮੂਹ ਸਟਾਫ ਮੈਂਬਰਜ਼ ਤੇ ਵਿਦਿਆਰਥੀ ਹਾਜ਼ਰ ਸਨ।

# ਹੜ੍ਹ ਪੀੜਤ ਕਿਸਾਨਾਂ ਦੇ ਖੇਤ ਪੱਧਰੇ ਕਰਨ ਲਈ ਰੋਜ਼ਾਨਾ 8 ਘੰਟੇ ਚੱਲ ਰਹੇ ਹਨ ਟਰੈਕਟਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਬਾਊਪੁਰ ਮੰਡ ਇਲਾਕੇ ਵਿੱਚ ਹੜ੍ਹ ਪੀੜਤਾਂ ਦੀ ਮਦਦ ਕਰ ਰਹੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ 50 ਦਿਨ ਪੂਰੇ ਹੋ ਗਏ ਹਨ। ਬਾਊਪੁਰ ਮੰਡ ਇਲਾਕੇ ਵਿੱਚ ਕਿਸਾਨਾਂ ਵੱਲੋਂ ਬਿਆਸ ਦਰਿਆ ਦਾ ਪਾਣੀ ਰੋਕਣ ਲਈ 32 ਕਿਲੋਮੀਟਰ ਦੇ ਘੇਰੇ ਵਾਲਾ ਆਰਜ਼ੀ ਬੰਨ੍ਹ 8 ਥਾਵਾਂ ਤੋਂ ਟੁੱਟ ਗਿਆ ਸੀ। ਬੰਨ੍ਹਾਂ ਵਿੱਚ ਵੱਖ-ਵੱਖ ਪਾੜਾ ਕਾਰਨ ਮਚੀ ਤਬਾਹੀ ਦਾ ਅਸਲ ਹਿਸਾਬ ਅਜੇ ਤੱਕ ਨਹੀਂ ਲੱਗ ਸਕਿਆ।ਪਰ ਸੰਤ ਸੀਚੇਵਾਲ ਹੜ੍ਹ ਵਿੱਚ ਘਿਰੇ ਲੋਕਾਂ ਦੀ ਪਹਿਲੇ ਦਿਨ 11 ਅਗਸਤ ਤੋਂ ਹੀ ਮਦਦ ਕਰਦੇ ਆ ਰਹੇ ਹਨ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਰੋਜ਼ਾਨਾ ਸਵੇਰੇ ਸਾਢੇ 7 ਵਜੇ ਤੋਂ ਲੈ ਕੇ ਦੇਰ ਸ਼ਾਮ ਸਾਢੇ 7 ਵਜੇ ਤੱਕ ਕਰੀਬ 12 ਘੰਟੇ ਆਪਣੀਆਂ ਸੇਵਾਵਾਂ ਹੜ੍ਹ ਪੀੜਤਾਂ ਨੂੰ ਦੇ ਰਹੇ ਹਨ। ਉਹ ਰੋਜ਼ਾਨਾ ਸੁਲਤਾਨਪੁਰ ਲੋਧੀ ਤੋਂ ਸਵੇਰੇ ਸਿੱਧਾ ਬਾਊਪੁਰ ਮੰਡ ਇਲਾਕੇ ਵਿੱਚ ਪਹੁੰਚਦੇ ਹਨ। ਪੰਜਾਬ ਅਤੇ ਹੋਰ ਦੂਜੇ ਸੂਬਿਆਂ ਤੋਂ ਖੇਤ ਪੱਧਰ ਕਰਨ ਲਈ ਆਏ ਟ੍ਰੈਕਟਰਾਂ ਨੂੰ ਜਿੱਥੇ ਡਿਊਟੀਆਂ ਵੰਡ ਕੇ ਦਿੰਦੇ ਹਨ ਉਥੇ ਆਪ ਵੀ ਲੱਕ ਬੰਨ੍ਹ ਕੇ ਟਰੈਕਟਰ 'ਤੇ ਬੈਠ ਜਾਂਦੇ ਹਨ। ਬਾਊਪੁਰ ਮੰਡ ਦੇ ਪਿੰਡ ਭੈਣੀ ਕਾਦਰ ਬਖ਼ਸ਼ ਦੇ ਚਾਰ ਕਿਸਾਨ ਭਾਰਵਾਂ ਦੀ ਜ਼ਮੀਨ ਵਿੱਚ 35 ਤੋਂ 40 ਫੁੱਟ ਡੂੰਘੇ ਪਏ ਟੋਏ ਨੂੰ ਭਰਨ ਸੰਤ ਸੀਚੇਵਾਲ ਲੱਗੇ ਹੋਏ ਹਨ। 100 ਦੇ ਕਰੀਬ ਟ੍ਰੈਕਟਰ ਟੋਏ ਨੂੰ ਪੂਰਨ ਲਈ ਲੱਗੇ ਹੋਏ ਹਨ। ਇਹ ਟੋਇਆ ਏਨਾ ਜ਼ਿਆਦਾ ਡੂੰਘਾ ਹੈ ਕਿ ਪਿਛਲੇ 7 ਦਿਨਾਂ ਤੋਂ ਰੋਜ਼ਾਨਾ 100 ਟ੍ਰੈਕਟਰ ਇਸ ਵਿੱਚ ਮਿੱਟੀ ਪਾ ਰਹੇ ਹਨ। ਬਾਊਪੁਰ ਮੰਡ ਇਲਾਕੇ ਲਈ ਮਸੀਹਾ ਬਣੇ ਸੰਤ ਸੀਚੇਵਾਲ ਜਿੰਨ੍ਹਾਂ ਕਿਸਾਨ ਭਰਾਵਾਂ ਦੀ ਜ਼ਮੀਨ ਵਿੱਚਲਾ ਟੋਇਆ ਪੂਰਿਆ ਜਾ ਰਿਹਾ ਹੈ। ਉਨ੍ਹਾਂ ਕਿਸਾਨ ਭਰਾਵਾਂ ਦਾ ਕਹਿਣਾ ਸੀ ਕਿ ਸੰਤ ਸੀਚੇਵਾਲ ਉਨ੍ਹਾਂ ਲਈ ਤਾਂ ਮਸੀਹਾ ਬਣ ਕੇ ਆਏ ਹਨ। ਏਨਾ ਡੂੰਘਾ ਤੇ ਚੌੜਾ ਟੋਇਆ ਕਿਸ ਨੇ ਪੂਰਨਾ ਸੀ। ਉਨ੍ਹਾਂ ਦੇ 20 ਖੇਤਾਂ ਵਿੱਚੋਂ ਵੀ ਰੇਤਾ ਚੁੱਕੀ ਜਾ ਰਹੀ ਹੈ। ਸਾਂਗਰਾ ਪਿੰਡ ਦੇ ਸਰਪੰਚ ਕਮਰਜੀਤ ਸਿੰਘ ਦਾ ਕਹਿਣਾ ਸੀ ਕਿ 30 ਦਿਨਾਂ ਤੱਕ ਸੰਤ ਸੀਚੇਵਾਲ ਕਿਸ਼ਤੀ ਰਾਹੀ ਪ੍ਰਸ਼ਾਦਾ ਲਿਆ ਕੇ ਵਰਤਾਉਂਦੇ ਰਹੇ। ਏਨੇ ਡੂੰਘੇ ਪਾਣੀਆਂ ਵਿੱਚ ਜਦੋਂ ਕੋਈ ਵੀ ਡੇਰੇ ਵਿੱਚੋਂ ਨਿਕਲਣ ਵਿੱਚ ਅਸਮਰੱਥ ਸੀ ਤਾਂ ਉਸ ਔਖੇ ਵੇਲੇ ਸਭ ਤੋਂ ਪਹਿਲਾਂ ਸਵੇਰ ਦੇ ਟਾਈਮ ਦਾ ਖਾਣਾ ਹਰ ਘਰ ਤੱਕ ਪਹੁੰਚ ਜਾਂਦਾ ਸੀ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਮਨਾਉਣ ਸੰਬੰਧੀ ਮੀਟਿੰਗ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ 23 ਨਵੰਬਰ ਨੂੰ ਦੀਨਾ ਕਾਂਗੜ, ਮੋਗਾ ਵਿਖੇ ਵੱਡੇ ਪੱਧਰ 'ਤੇ ਮਨਾਏ ਜਾਣ ਦੇ ਫੈਸਲਾ ਸਬੰਧੀ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਜਿਲਾ ਹੁਸ਼ਿਆਰਪੁਰ ਦੀ ਮੀਟਿੰਗ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਹੁਸ਼ਿਆਰਪੁਰ ਵਿਖੇ 1 ਅਕਤੂਬਰ ਨੂੰ ਹੋਵੇਗੀ ਜਿਸ ਵਿੱਚ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਤੇ ਦੁਆਬਾ ਇੰਚਾਰਜ ਡਾਕਟਰ ਹਰਜਿੰਦਰ ਸਿੰਘ ਜੱਖੂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ ਤੇ ਆਪਣੇ ਵਿਚਾਰ ਸਾਂਝੇ ਕਰਨਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕੀਤਾ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਹਰ ਧਰਮ, ਹਰ ਵਰਗ ਅਤੇ ਹਰ ਪੱਖ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਮਨੁੱਖਤਾ ਲਈ ਇੱਕ ਸਾਂਝਾ ਸੁਨੇਹਾ ਬਣਾਉਣ ਯੋਗਦਾਨ ਪਾਉਣ ਤੇ ਪਾਰਟੀ ਦੇ ਸਮੂਹ ਅਹੁਦੇਦਾਰ ਵੱਡੀ ਗਿਣਤੀ ਵਿੱਚ ਇਸ ਮੀਟਿੰਗ ਵਿੱਚ ਸ਼ਾਮਿਲ ਹੋਣ।

# ਤੜੌਲੀ ਦੇ ਦਰਜਨਾਂ ਨੌਜਵਾਨਾਂ ਨੇ ਫੜਿਆ ਅਕਾਲੀ ਦਲ ਦਾ ਪੱਲਾ

**ਮੁਹਾਲੀ (ਗੁਰਜੀਤ ਬਿੱਲਾ)** ਮੁਹਾਲੀ ਹਲਕੇ ਦੇ ਪਿੰਡ ਤੜੌਲੀ ਵਿਖੇ ਦਰਜਨਾਂ ਨੌਜਵਾਨਾਂ ਨੇ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਆਖ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਨੇ ਸਾਰੇ ਨੌਜਵਾਨਾਂ ਦਾ ਪਾਰਟੀ ਵਿਚ ਸਵਾਗਤ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਸਾਰਿਆਂ ਨੂੰ ਅਕਾਲੀ ਦਲ ਵਿਚ ਪੂਰਾ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਸੋਹਾਣਾ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਹੜ੍ਹਾਂ ਦੌਰਾਨ ਪੰਜਾਬ ਵਾਸੀਆਂ ਦੀ ਕੀਤੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦਾ ਨੌਜਵਾਨ ਵਰਗ ਅਕਾਲੀ ਦਲ ਨਾਲ ਜੁੜ ਰਿਹਾ ਹੈ।ਇਸ ਮੌਕੇ ਗੌਰਵ ਰਾਣਾ, ਹਰਪਾਲ ਰਾਣਾ, ਹੈਪੀ ਰਾਣਾ, ਲੱਕੀ ਰਾਣਾ, ਪ੍ਰਹਿਲਾਦ ਰਾਣਾ, ਦਲਵੀਰ ਰਾਣਾ, ਮੀਕੂ ਰਾਣਾ, ਬਿਸ਼ਾ ਰਾਣਾ, ਸੁੰਦਰ ਰਾਣਾ, ਰਕੇਸ਼ ਰਾਣਾ, ਸੰਜੂ ਰਾਣਾ, ਅਮਨ ਰਾਣਾ, ਗੋਲੂ ਰਾਣਾ, ਰਾਹੁਲ ਰਾਣਾ, ਓਮਕਾਰ ਰਾਣਾ, ਸੈਣੀ ਰਾਣਾ, ਸੁਰਜੀਤ ਸਿੰਘ, ਪ੍ਰਿੰਸ ਸਿੰਘ, ਸੁਮਿਤ ਰਾਣਾ, ਕਬੀਰ ਰਾਣਾ, ਚੰਦਰਪਾਲ ਰਾਣਾ ਸਮੇਤ ਅਨੇਕਾਂ ਪਿੰਡ ਵਾਸੀ ਹਾਜ਼ਰ ਸਨ।



# ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਵਿਦਿਆਰਥੀਆਂ ਨਾਲ ਮਿਲ ਕੇ ਬੂਟੇ ਲਗਾਏ

**ਬਲਾਚੌਰ (ਜਸਵਿੰਦਰ ਬੈਂਸ)** ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਬਲਾਚੌਰ ਦੇ ਪ੍ਰਧਾਨ ਸੁਨੀਲ ਕੌਸ਼ਲ ਤੇ ਕਾਰਜ ਸਾਧਕ ਅਫਸਰ ਸਿਮਰਨ ਢੀਂਡਸਾ ਦੀ ਅਗਵਾਈ ਹੇਠ ਸਵੱਛ ਭਾਰਤ ਟੀਮ ਵੱਲੋਂ ਬਾਬਾ ਬਲਰਾਜ ਕਾਲਜ ਅਤੇ ਸਕੂਲਾਂ ਵਿਚ ਜਾ ਕੇ ਵਿਦਿਆਰਥੀਆਂ ਨਾਲ ਮਿਲ ਕੇ ਬੂਟੇ ਲਗਾਏ ਗਏ।ਨਾਲ ਹੀ ਸਵੱਛਤਾ ਪਲੈਜ ਕਰਵਾਈ ਗਈ ਤੇ ਸੋਲਿਡ ਵੇਸਟ ਮੈਨੇਜਮੈਂਟ ਸੰਬੰਧੀ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਗਿੱਲੇ ਤੇ ਸੁੱਕੇ ਕੂੜੇ ਦੇ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ ਗਈ।ਬਾਬਾ ਬਲਰਾਜ ਕਾਲਜ ਦੇ ਪ੍ਰਿੰਸੀਪਲ ਸਤੀਸ਼ ਕੁਮਾਰ ਤੇ ਸਟਾਫ ਵਲੋਂ ਖਾਸ ਤੌਰ 'ਤੇ ਬੂਟੇ ਲਗਾਉਣ ਲਈ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਸੈਨੇਟਰੀ ਇੰਸਪੈਕਟਰ ਭਾਰਤ ਭੂਸ਼ਨ ਨਾਲ ਮਿਲ ਕੇ ਸਵੱਛ ਭਾਰਤ ਟੀਮ ਵੱਲੋਂ ਅਲੱਗ ਅਲੱਗ ਥਾਵਾਂ ਤੇ ਬੂਟੇ ਲਗਾਏ ਜਾਣਗੇ।




# ਹੜ੍ਹ ਪੀੜਤ ਕਿਰਤੀਆਂ ਦਾ ਜਾਨੀ-ਮਾਲੀ ਨੁਕਸਾਨ ਹੱਦੋਂ ਵੱਧ, ਫਿਰ ਵੀ ਹੌਸਲੇ ਬੁਲੰਦ : ਤਲਵਿੰਦਰ ਹੀਰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸਰਕਾਰਾਂ ਵਲੋਂ ਮਦਦ ਨਾ ਮਿਲਣ ਕਾਰਨ ਪੀੜਤਾਂ 'ਚ ਰੋਹ ਤੇ ਰੋਸ ਹੈ। ਕੇਂਦਰ ਤੇ ਸੂਬਾ ਸਰਕਾਰਾਂ ਫੋਕੇ ਐਲਾਨ ਤੇ ਇੱਕ ਦੂਜੇ ਨਾਲ ਮਿਹਣੋਂ ਮਿਹਣੀਂ ਹੋ ਕੇ ਹੜ੍ਹ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕ ਰਹੀਆਂ ਹਨ ਪਰ ਜ਼ਮੀਨੀ ਪੱਧਰ 'ਤੇ ਨਾ ਤਾਂ ਕੇਂਦਰ ਤੇ ਨਾ ਹੀ ਸੂਬਾ ਸਰਕਾਰ ਵਲੋਂ ਅਜੇ ਤੱਕ ਪੀੜਤਾਂ ਨੂੰ ਇੱਕ ਧੇਲੇ ਦੀ ਵੀ ਮਦਦ ਨਹੀਂ ਪਹੁੰਚੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਚਾਰ ਸਕੱਤਰ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕੀਤਾ ਜੋ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਮੁਕੇਰੀਆਂ ਲਾਗਲੇ ਪਿੰਡ ਮਹਿਤਾਬਪੁਰ, ਹਲੇੜ ਜਨਾਰਦਨ, ਕੌਲੀਆਂ, ਮੋਤਲਾ ਦੇ ਚਾਰ ਪਿੰਡਾਂ ਦੇ ਹੜ੍ਹ ਪੀੜਤਾਂ ਦੇ ਦੁੱਖ ਤੇ ਮੁਸੀਬਤਾਂ ਜਾਨਣ ਤੇ ਉਨਾਂ ਨੂੰ ਘੱਟ ਕਰਨ ਲਈ ਆਪਣੀ ਯੂਨੀਅਨ ਵਲੋਂ ਹਰ ਤਰ੍ਹਾਂ ਦੀ ਸੰਭਵ ਮਦਦ ਕਰਨ ਦਾ ਭਰੋਸਾ ਦਿਵਾਉਣ ਪਹੁੰਚੇ ਸਨ।ਪਿੰਡ ਮਹਿਤਾਬਪੁਰ ਦੇ ਸੁਭਾਸ਼ ਸਿੰਘ ਪੁੱਤਰ ਖਜ਼ਾਨ ਸਿੰਘ ਨੇ ਕਿਹਾ ਕਿ 2023 'ਚ ਆਏ ਹੜ੍ਹਾਂ ਕਾਰਨ ਉਸ ਦੇ ਸਾਰੇ ਪਸ਼ੂਆਂ ਦੀ ਮੌਤ ਹੋ ਗਈ ਸੀ ਤੇ ਉਹ ਵੀ 15 ਘੰਟੇ ਹੜ੍ਹਾਂ ਨਾਲ ਸ਼ੂਕਦੇ ਦਰਿਆ 'ਚ ਘਿਰਿਆ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਰਿਹਾ ਤੇ ਪਿੰਡ ਵਾਸੀਆਂ ਨੇ ਆਪਣੇ ਉੱਦਮ ਨਾਲ ਕਿਸ਼ਤੀ ਦਾ ਪ੍ਰਬੰਧ ਕਰਕੇ ਉਸ ਦੀ ਜਾਨ ਬਚਾਈ ਸੀ।ਜ਼ਿੰਦਗੀ ਹਾਲੇ ਲੀਹ ਤੇ ਆਈ ਵੀ ਨਹੀਂ ਸੀ ਤੇ ਮੁੜ ਹੜ੍ਹਾਂ ਨੇ ਉਜਾੜ ਦਿੱਤਾ ਪਰ ਉਸ ਦੇ ਪਸ਼ੂਆਂ ਨੂੰ ਇਸ ਵਾਰ ਪਿੰਡ ਦੇ ਸਤਨਾਮ ਠੇਕੇਦਾਰ ਨੇ ਸੁਰੱਖਿਅਤ ਟਿਕਾਣਾ ਦੇ ਕੇ ਬਚਾ ਲਿਆ।ਇਹੋ ਜਿਹੀ ਕਹਾਣੀ ਪਰਸ਼ੋਤਮ ਪੱਪੂ ਮਹਿਤਾਬਪੁਰ ਦੀ ਹੈ ਜਿਸ ਦੀ ਜ਼ਮੀਨ ਤੇ ਰਿਹਾਇਸ਼ ਧੁੱਸੀ ਲਾਗੇ ਹੋਣ ਕਰਕੇ ਹੜ੍ਹਾਂ ਕਾਰਨ ਬਰਬਾਦ ਤੇ ਬੇਆਬਾਦ ਹੋ ਗਈ।ਯੂਨੀਅਨ ਦੇ ਮੈਂਬਰਾਂ ਨੇ ਆਪਣੇ ਸੂਬਾ ਕਮੇਟੀ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਪੀੜਤਾਂ ਨੂੰ ਲੱਗਭੱਗ ਦੋ ਮਹੀਨੇ ਦਾ ਖਾਣ ਪੀਣ ਦਾ ਰਾਸ਼ਨ, ਕੰਬਲ, ਅਣਸੀਤੇ ਕੱਪੜੇ ਮੁਢਲੀ ਸਹਾਇਤਾ ਵਜੋਂ ਦਿੱਤੇ ਤੇ ਉਨ੍ਹਾਂ ਦੀ ਹਰ ਮੁਸ਼ਕਲ ਦੇ ਹੱਲ ਲਈ ਸੰਭਵ ਯਤਨ ਕਰਨ ਦਾ ਭਰੋਸਾ ਦਿਵਾਇਆ।ਚਾਰਾਂ ਪਿੰਡਾਂ ਦੇ ਲੋੜਵੰਦ ਹੜ੍ਹ ਪੀੜਤ ਪਰਿਵਾਰਾਂ ਨੂੰ ਖਾਣ ਪੀਣ ਦਾ ਰਾਸ਼ਨ ਕਿੱਟਾਂ ਦੇ ਰੂਪ ਵਿੱਚ ਵੰਡਿਆ ਗਿਆ।ਜਿਨਾਂ ਨੂੰ ਖਰੀਦਣ ਵਿੱਚ ਸਭ ਤੋਂ ਵੱਧ ਯੋਗਦਾਨ ਕਸਟਮ ਐਂਡ ਐਕਸਾਈਜ਼ ਟੈਕਸ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ, ਸੰਤ ਦਰਸ਼ਨ ਸਿੰਘ ਤੇ ਸਵ: ਲੰਬੜਦਾਰ ਭਗਤ ਸਿੰਘ ਤੇ ਮਸ਼ੈਲ ਸਿੰਘ ਦੇ ਪਰਵਾਰ ਵਲੋਂ ਪਾਇਆ ਗਿਆ।ਇਸ ਮੌਕੇ ਤੇ ਸਤੀਸ਼ ਕੁਮਾਰ ਮਹਿਤਾਬਪੁਰ, ਲੰਬੜਦਾਰ ਬਹਾਦਰ ਸਿੰਘ ਮਹਿਤਾਬਪੁਰ, ਨੌਜਵਾਨ ਗਿਸ਼ੀ ਰੰਜਨ, ਸੁਰਿੰਦਰਪਾਲ ਸਰਪੰਚ ਹਲੇੜ ਜਨਾਰਦਨ, ਬਿੰਦਰ ਸਿੰਘ, ਬਲਵਿੰਦਰ ਸਿੰਘ ਸਰਪੰਚ ਮੋਤਲਾ ਨੇ ਸਹੀ ਲੋੜਵੰਦਾਂ ਤੱਕ ਸਹਾਇਤਾ ਪਹੁੰਚਾਉਣ 'ਚ ਪੂਰਨ ਸਹਿਯੋਗ ਦਿੱਤਾ।ਤਲਵਿੰਦਰ ਸਿੰਘ ਹੀਰ ਨੇ ਕਿਹਾ ਕਿ ਜੇ ਸਰਕਾਰਾਂ ਦੇ ਇਹੋ ਗੈਰ-ਜ਼ਿੰਮੇਵਾਰੀ ਵਾਲੇ ਰਵੱਈਏ ਰਹੇ ਤਾਂ ਆਪਣੇ ਹੜ੍ਹ ਪੀੜਤ ਭਰਾਵਾਂ ਲਈ ਉਗਰਾਹਾਂ ਯੂਨੀਅਨ ਵਲੋਂ ਮੁੜ ਵਸੇਬੇ ਲਈ ਯਤਨ ਜਾਰੀ ਰਹਿਣਗੇ ਤੇ ਸਰਕਾਰਾਂ ਦੇ ਕੰਨ ਖੋਲ੍ਹਣ ਲਈ ਵੱਡੇ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ।ਇਸ ਮੌਕੇ ਪ੍ਰੇਮ ਕੁਮਾਰ ਚੰਡੀਗੜ੍ਹ, ਸੰਤੋਖ ਸਿੰਘ ਦਸੂਹਾ, ਹਰਦੀਪ ਸਿੰਘ ਚੇਲਾ, ਮੋਹਨ ਸਿੰਘ ਬੱਲ, ਗੁਰਚਰਨ ਸਿੰਘ ਚਾਹਲ, ਗੁਰਮਿੰਦਰ ਕੈਂਡੋਵਾਲ, ਕੁਲਦੀਪ ਸਿੰਘ ਸਿੱਧੂ, ਜਸਵਿੰਦਰ ਬੰਗਾ, ਜਤਿੰਦਰ ਸਿੰਘ ਜਿੰਦੂ, ਸੁਖਵਿੰਦਰ ਸਿੰਘ, ਸੁਰਜੀਤ ਮੁੱਖੋਮਜਾਰਾ ਰੇਸ਼ਮ ਸਿੰਘ ਨਿੰਮਾ ਚੰਦੇਲੀ, ਬੌਬੀ ਸਿੰਘਪੁਰ ਸਮੇਤ ਵੱਡੀ ਗਿਣਤੀ 'ਚ ਇਲਾਕਾ ਨਿਵਾਸੀ ਹਾਜ਼ਰ ਸਨ।



# ਮਜ਼ਦੂਰਾਂ ਵੱਲੋਂ ਹੜ੍ਹਾਂ ਦੇ ਮੁਆਵਜ਼ੇ ਲਈ 4 ਨੂੰ ਕੀਤੇ ਜਾਣਗੇ ਮੋਟਰਸਾਈਕਲ ਮਾਰਚ

**ਜਲੰਧਰ (ਰਾਜੇਸ਼ ਥਾਪਾ)**- ਹੜ੍ਹਾਂ/ਬਾਰਸ਼ਾਂ ਕਾਰਨ ਹੋਏ ਭਾਰੀ ਜਾਨੀ ਮਾਲੀ ਨੁਕਸਾਨ ਦੇ ਮੁਆਵਜ਼ੇ ਲਈ, ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਦਿੱਤੇ ਪੰਜਾਬ ਪੱਧਰੇ ਸੱਦੇ ਉੱਤੇ, ਜ਼ਿਲ੍ਹਾ ਜਲੰਧਰ ਅੰਦਰ ਇੱਕੋ ਦਿਨ 9 ਨੌਂ ਬਲਾਕਾਂ ਵਿੱਚ ਸੈਂਕੜੇ ਮਜ਼ਦੂਰ ਮੋਟਰਸਾਈਕਲ ਮਾਰਚ ਕਰਕੇ ਸੂਬਾ ਸਰਕਾਰ ਤੋਂ ਹੜ੍ਹ ਪ੍ਰਭਾਵਿਤ ਲੋਕਾਂ ਲਈ ਮੁਆਵਜ਼ੇ ਦੀ ਮੰਗ ਕਰਨਗੇ। ਉਕਤ ਜਾਣਕਾਰੀ ਦਿੰਦਿਆਂ ਸਾਂਝੇ ਮੋਰਚੇ ਦੇ ਆਗੂ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਦੱਸਿਆ ਕਿ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸਾਂਝੇ ਮੋਰਚੇ ਦੀ ਮੀਟਿੰਗ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਬਲਦੇਵ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੂਬਾ ਪੱਧਰੀ ਸੱਦੇ ਤਹਿਤ 4-5 ਅਕਤੂਬਰ ਨੂੰ ਪੰਜਾਬ ਭਰ ਵਿਚ ਪਿੰਡਾਂ ਅੰਦਰ ਝੰਡਾ ਮਾਰਚ ਕਰਨ ਦੇ ਫੈਸਲੇ ਤਹਿਤ ਜ਼ਿਲ੍ਹੇ ਜਲੰਧਰ ਦੇ ਬਲਾਕਾਂ, ਕ੍ਰਮਵਾਰ ਨਕੋਦਰ, ਸ਼ਾਹਕੋਟ, ਲੋਹੀਆਂ, ਮਹਿਤਪੁਰ, ਨੂਰਮਹਿਲ, ਫਿਲੌਰ, ਕਰਤਾਰ ਪੁਰ, ਜਲੰਧਰ ਕੈਂਟ ਅਤੇ ਭੋਗਪੁਰ ਵਿਖੇ ਇੱਕੋ ਦਿਨ 4 ਅਕਤੂਬਰ ਨੂੰ ਮੋਟਰਸਾਈਕਲ ਮਾਰਚ ਕੀਤੇ ਜਾਣਗੇ। ਮੀਟਿੰਗ ਵਿੱਚ ਹਾਜ਼ਰ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਆਗੂ ਸੋਢੀ ਲਾਲ ਉੱਪਲ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਵੀਰ ਕੁਮਾਰ ਨੇ ਕਿਹਾ ਕਿ ਹੜ੍ਹਾਂ ਦੀ ਸਿੱਧੀ ਮਾਰ ਹੇਠ ਆਏ ਲੋਕਾਂ ਦਾ ਜਿੱਥੇ ਭਾਰੀ ਜਾਨੀ ਮਾਲੀ ਨੁਕਸਾਨ ਹੋਇਆ ਹੈ ਉੱਥੇ ਮਜ਼ਦੂਰ ਵਰਗ ਦੇ ਲੋਕਾਂ ਦੇ ਪੂਰੇ ਪੰਜਾਬ ਅੰਦਰ ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ, ਉਨ੍ਹਾਂ ਕਿਹਾ ਜਥੇਬੰਦੀਆਂ ਦੇ ਸੰਘਰਸ਼ ਕਰਨ ਤੋਂ ਬਾਅਦ ਬੇਸ਼ੱਕ ਸਰਕਾਰ ਨੇ ਢਹਿ ਗਏ ਘਰਾਂ ਅਤੇ ਨੁਕਸਾਨੇ ਘਰਾਂ ਲਈ ਕੁਝ ਮੁਆਵਜ਼ਾ ਰਾਸ਼ੀ ਐਲਾਨੀ ਹੈ ਜੋ ਨੁਕਸਾਨ ਦੇ ਮੱਦੇਨਜ਼ਰ ਬਹੁਤ ਊਣੀ ਹੈ। ਉਨ੍ਹਾਂ ਕਿਹਾ ਕਿ ਸਾਂਝਾ ਮਜ਼ਦੂਰ ਮੋਰਚਾ ਮੰਗ ਕਰਦਾ ਹੈ ਕਿ ਹੜ੍ਹਾਂ/ਬਾਰਸ਼ਾਂ ਨਾਲ ਢਹਿ ਗਏ ਘਰਾਂ ਨੂੰ ਮੁੜ ਉਸਾਰਨ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ, ਹੜ੍ਹਾਂ ਚ ਜਾਨਾਂ ਗੁਆਉਣ ਵਾਲੇ ਪੀੜਤਾਂ ਦੇ ਪਰਿਵਾਰਾਂ ਨੂੰ ਘੱਟੋ ਘੱਟ 25 ਲੱਖ ਰੁਪਏ ਅਤੇ ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਪਰਿਵਾਰ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਹੰਸਰਾਜ ਪੱਬਵਾਂ,ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਨਿਰਮਲ ਸਹੋਤਾ ਅਤੇ ਪਰਮਜੀਤ ਸਿੰਘ ਰੰਧਾਵਾ ਵੀ ਸ਼ਾਮਿਲ ਸਨ।

# ਹੜ੍ਹ ਪੀੜਤ ਪਰਵਾਰਾਂ ਨੂੰ ਲੋੜੀਂਦਾ ਸਮਾਨ ਵੰਡਿਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਜਥੇਦਾਰ ਬਾਬਾ ਨਾਗਰ ਸਿੰਘ ਜੀ ਮਿਸਲ ਸ਼ਹੀਦਾਂ ਤਰਨਾ ਦਲ ਮੁੱਖ ਸੇਵਾਦਾਰ ਗੁਰਦੁਆਰਾ ਸ਼ਹੀਦ ਬਾਬਾ ਅੱਗੜ ਸਿੰਘ ਜੀ ਪਿੰਡ ਟੂਟੋਮਜਾਰਾ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਬੰਡਾਲਾ ਵਿਖੇ ਲੋੜਵੰਦ ਪਰਵਾਰਾਂ ਨੂੰ ਕਣਕ ਦਾ ਬੀਜ, ਖਾਦ, ਪਸ਼ੂਆਂ ਦਾ ਚਾਰਾ, ਅਚਾਰ, ਤੂੜੀ, ਕੰਬਲ, ਆਟਾ ਤੇ ਹੋਰ ਜ਼ਰੂਰੀ ਵਸਤਾਂ ਵੰਡੀਆਂ ਗਈਆਂ। ਇਸ ਮੌਕੇ ਜਥੇਦਾਰ ਬਾਬਾ ਨਾਗਰ ਸਿੰਘ ਜੀ ਨਾਲ ਭਾਈ ਗੁਰਪਾਲ ਸਿੰਘ, ਬਾਬਾ ਸੁਮਿੱਤਰ ਸਿੰਘ, ਅਮਨਵੀਰ ਸਿੰਘ, ਧਰਮ ਸਿੰਘ, ਹਰਮਨਵੀਰ ਸਿੰਘ, ਬਰਿੰਦਰ ਸਿੰਘ ਜੰਡੋਲੀ, ਜਸਵੀਰ ਸਿੰਘ ਸਰਦੁੱਲਾਪੁਰ, ਅਮਨਪ੍ਰੀਤ ਸਿੰਘ, ਪੁਰਸ਼ੋਤਮ ਸਿੰਘ ਟੂਟੋਮਜਾਰਾ, ਸਰਪੰਚ ਨਛੱਤਰ ਸਿੰਘ, ਬਲਜੀਤ ਸਿੰਘ ਪੰਚ, ਗੁਰਿੰਦਰ ਸਿੰਘ ਫੌਜੀ, ਗੁਰਜੋਤ ਸਿੰਘ, ਹਰਵਿੰਦਰ ਸਿੰਘ, ਸੁੱਖਾ ਸਿੰਘ, ਗੁਰਨੇਕ ਸਿੰਘ, ਨਿਸ਼ਾਨ ਸਿੰਘ, ਗਿਆਨੀ ਗੁਰਪ੍ਰੀਤ ਸਿੰਘ ਅਤੇ ਹੋਰ ਸਿੰਘ ਹਾਜ਼ਰ ਸਨ।



# ਹਿਮਾਚਲ ਤੋਂ ਨਿਕਲੀ ਭਗਵਾਨ ਵਾਲਮੀਕਿ ਦੀ ਯਾਤਰਾ ਦਾ ਹੁਸ਼ਿਆਰਪੁਰ 'ਚ ਸ਼ਾਨਦਾਰ ਸਵਾਗਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹਿਮਾਚਲ ਪ੍ਰਦੇਸ਼ ਦੇ ਵੱਖ-ਵੱਖ ਜ਼ਿਲ੍ਹਿਆਂ ਮਨਾਲੀ, ਚੰਬਾ, ਮੰਡੀ, ਬੈਜਨਾਥ, ਚਾਮੁੰਡਾ ਦੇਵੀ, ਜਵਾਲਾ ਜੀ ਅਤੇ ਸ਼ਿਮਲਾ ਤੋਂ ਭਾਵਾਧਸ ਦੇ ਪ੍ਰਧਾਨ ਲੱਕੀ ਤੇਜੀ ਅਤੇ ਵਿੱਕੀ ਧਰਮਸ਼ਾਲਾ ਦੀ ਅਗਵਾਈ ਵਿਚ ਕੱਢੀ ਭਗਵਾਨ ਵਾਲਮੀਕਿ ਜੀ ਦੀ ਵਿਸ਼ਾਲ ਯਾਤਰਾ ਹੁਸ਼ਿਆਰਪੁਰ ਪਹੁੰਚੀ। ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਭਗਵਾਨ ਵਾਲਮੀਕਿ ਤੀਰਥ ਅੰਮ੍ਰਿਤਸਰ ਲਈ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਇਸ ਤੋਂ ਪਹਿਲਾਂ ਉਨ੍ਹਾਂ ਹਿਮਾਚਲ ਪ੍ਰਦੇਸ਼ ਤੋਂ ਆਏ ਸੰਤਾਂ ਅਤੇ ਅਹੁਦੇਦਾਰਾਂ ਨੂੰ ਸਿਰੋਪੇ ਭੇਟ ਕਰਕੇ ਸਨਮਾਨਿਤ ਕੀਤਾ।ਵਿਧਾਇਕ ਜਿੰਪਾ ਨੇ ਕਿਹਾ ਕਿ ਭਾਵਾਧਸ ਦਾ ਸਮਾਜਿਕ ਯੋਗਦਾਨ ਮਿਸਾਲੀ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਾਲਮੀਕਿ ਭਾਈਚਾਰੇ ਦੀ ਧਾਰਮਿਕ ਆਸਥਾ, ਏਕਤਾ ਅਤੇ ਸੰਗਠਨਾਤਮਕ ਤਾਕਤ ਸਮਾਜ ਨੂੰ ਇੱਕ ਨਵੀਂ ਦਿਸ਼ਾ ਦੇਣ ਦਾ ਕੰਮ ਕਰ ਰਹੀ ਹੈ।ਪ੍ਰੋਗਰਾਮ ਦੇ ਤਹਿਤ ਕਮਿਊਨਿਟੀ ਹਾਲ ਵਿੱਚ ਆਯੋਜਿਤ ਸਤਿਸੰਗ ਵਿੱਚ ਸ਼ਰਧਾਲੂਆਂ ਨੇ ਭਜਨਾਂ ਦਾ ਆਨੰਦ ਲਿਆ ਅਤੇ ਨਿਤਨੇਮ ਦਾ ਪਾਠ ਕੀਤਾ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਮਨਜੀਤ, ਸਫਾਈ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਕਰਨਜੋਤ ਆਦੀਆ, ਭਾਵਾਧਸ ਮੈਂਬਰ ਮਨੋਜ ਕੈਨੇਡੀ, ਹਰੀ ਰਾਮ ਆਦੀਆ, ਵਿਪਨੇਸ਼ ਸੰਗਰ, ਪਵਨ ਚੱਢਾ, ਜੋਗਿੰਦਰ ਪਾਲ ਆਦੀਆ, ਸੁਭਾਸ਼ ਹੰਸ ਭੋਲੂ, ਰਾਜੀਵ ਸਾਈਂ, ਵਰਿੰਦਰ ਵੈਦ ਸਮੇਤ ਕਈ ਪਤਵੰਤੇ ਵੀ ਮੌਜੂਦ ਸਨ।

# 'ਆਪ' ਦੇ ਯੂਥ ਵਿੰਗ ਨੇ ਖ਼ੂਨਦਾਨ ਕੈਂਪ ਲਗਾਇਆ

**ਬਲਾਚੌਰ (ਜਸਵਿੰਦਰ ਬੈਂਸ)** ਅੰਗਰੇਜ਼ ਹਕੂਮਤ ਦੀਆਂ ਜੜ੍ਹਾਂ ਹਿਲਾਉਣ ਵਾਲੇ ਇਨਕਲਾਬੀ ਯੋਧੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੂੰ ਉਹਨਾਂ ਦੇ 118ਵੇਂ ਜਨਮ ਦਿਨ ਮੌਕੇ ਦਿਲੋਂ ਸਲਾਮ ਕਰਦੇ ਹਾਂ। ਜਵਾਨੀ ਉਮਰੇ ਆਪਣੇ ਦੇਸ਼ ਤੇ ਲੋਕਾਂ ਬਾਰੇ ਸੋਚਣਾ ਅਤੇ ਉਹਨਾਂ ਦੀ ਆਜ਼ਾਦੀ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦੇਣਾ, ਇਹ ਕਿਸੇ ਕਿਸੇ ਦੇ ਹਿੱਸੇ ਹੀ ਆਉਂਦਾ ਹੈ। ਸ਼ਹੀਦ ਭਗਤ ਸਿੰਘ ਜੀ ਦਾ ਸਮੁੱਚਾ ਜੀਵਨ ਨੌਜਵਾਨ ਪੀੜ੍ਹੀ ਨੂੰ ਦੇਸ਼ ਭਗਤੀ ਲਈ ਹਮੇਸ਼ਾ ਪ੍ਰੇਰਦਾ ਰਹੇਗਾ।ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ, ਹਲਕਾ ਬਲਾਚੌਰ ਦੀ ਆਮ ਆਦਮੀ ਪਾਰਟੀ ਦੀ ਟੀਮ ਅਤੇ ਯੂਥ ਕਲੱਬ ਦੇ ਨੌਜਵਾਨਾਂ ਨੇ ਵਿਧਾਇਕਾ ਸੰਤੋਸ਼ ਕਟਾਰੀਆ ਦੀ ਅਗਵਾਈ ਹੇਠ ਖ਼ੂਨ ਦਾਨ ਕੈਂਪ ਲਗਾਇਆ।ਇਸ ਕੈਂਪ 'ਚ ਇਲਾਕੇ ਦੇ ਨੌਜਵਾਨਾਂ ਅਤੇ ਪਾਰਟੀ ਆਗੂਆਂ ਨੇ ਖ਼ੂਨ ਦਾਨ ਕੀਤਾ ਜਿਹਨਾਂ ਦਾ ਧੰਨਵਾਦ ਕਰਦੇ ਹੋਏ ਸਭ ਨੂੰ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਸਭ ਨੂੰ ਪ੍ਰਸ਼ੰਸਾ ਪੱਤਰ ਵੰਡੇ ਤੇ ਕਿਹਾ ਕਿ ਖ਼ੂਨ ਦਾਨ ਸਭ ਤੋਂ ਵੱਡਾ ਦਾਨ ਹੈ।ਉਹਨਾਂ ਨੇ ਸੰਦੇਸ਼ ਦਿੰਦਿਆਂ ਕਿਹਾ ਕਿ ਇਨਕਲਾਬੀ ਯੋਧੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੂੰ ਉਹਨਾਂ ਦੇ ਜਨਮਦਿਨ ਮੌਕੇ ਦਿਲੋਂ ਸਲਾਮ ਕਰਦੇ ਹਾਂ।ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਹਾਜਰੀ ਭਰੀ ਤੇ ਉਹਨਾਂ ਨਾਲ ਚੰਦਰ ਮੋਹਨ ਜੇਡੀ ਜਿਲ੍ਹਾ ਮੀਡੀਆ ਇੰਚਾਰਜ, ਪ੍ਰਧਾਨ ਲਾਡੀ ਰਾਣਾ, ਭੁਪਿੰਦਰ ਸੂਰੀ, ਨਿਤਿਨ ਚੌਧਰੀ,ਅਮਿਤ ਚੰਦਨ, ਵਿਸ਼ੂ ਰਾਣਾ, ਸੁਨੀਲ ਭੂਬਲਾ, ਐਮਸੀ ਬਿੱਟੂ ਰਾਣਾ,ਮਨਜੀਤ ਸਿੰਘ ਬਾਬਾ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।




# ਖਾਧ ਪਦਾਰਥਾਂ 'ਚ ਮਿਲਾਵਟਖੋਰੀ ਬਰਦਾਸ਼ਤ ਨਹੀਂ : ਡਾ. ਗੁਰਿੰਦਰਜੀਤ ਸਿੰਘ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਇੱਥੋਂ ਜਾਰੀ ਇਕ ਪ੍ਰੈਸ ਬਿਆਨ ਵਿੱਚ ਜ਼ਿਲ੍ਹੇ ਦੇ ਖਾਧ ਪਦਾਰਥ ਵਿਕਰੇਤਾਵਾਂ ਨੂੰ ਸਾਵਧਾਨ ਕਰਦੇ ਹੋਏ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਦੀ ਫੂਡ ਸੇਫ਼ਟੀ ਟੀਮ ਵੱਲੋਂ ਮਠਿਆਈਆਂ ਅਤੇ ਹੋਰ ਖਾਧ ਪਦਾਰਥਾਂ ਵਿਚ ਮਿਲਾਵਟ ਨੂੰ ਰੋਕਣ ਲਈ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਖਾਧ ਪਦਾਰਥਾਂ ਵਿੱਚ ਮਿਲਾਵਟਖੋਰੀ ਜ਼ਰੀਏ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਖਾਧ ਪਦਾਰਥ ਵਿਕਰੇਤਾ ਨੂੰ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਮਠਿਆਈਆਂ ਅਤੇ ਹੋਰ ਖਾਧ ਪਦਾਰਥਾਂ ਦੀ ਗੁਣਵੱਤਾ ਜਾਂਚਣ ਲਈ ਵਿਸ਼ੇਸ਼ ਚੈਕਿੰਗ ਮੁਹਿੰਮ ਵਿੱਚ ਜੇਕਰ ਕੋਈ ਵੀ ਖਾਧ ਪਦਾਰਥ ਵਿਕਰੇਤਾ ਮਿਲਾਵਟਖੋਰੀ ਵਿਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾ ਨੇ ਖਾਧ ਪਦਾਰਥ ਵਿਕਰੇਤਾਵਾਂ ਨੂੰ ਇਹ ਯਕੀਨੀ ਬਣਾਉਣ ਦੀ ਹਦਾਇਤ ਵੀ ਕੀਤੀ ਕਿ ਖਾਧ ਪਦਾਰਥ ਤਿਆਰ ਕਰਦੇ ਸਮੇਂ ਸਾਫ-ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ, ਵਸਤਾਂ ਤਿਆਰ ਕਰਨ ਵਾਲੇ ਕਾਰੀਗਰਾਂ ਦੀ ਨਿੱਜੀ ਸਾਫ- ਸਫਾਈ ਰੱਖਣ ਦੇ ਨਾਲ-ਨਾਲ ਉਨ੍ਹਾਂ ਵੱਲੋਂ ਦਸਤਾਨੇ ਪਾ ਕੇ ਅਤੇ ਸਿਰ ਦੇ ਵਾਲਾਂ ਨੂੰ ਕਵਰ ਕਰਕੇ ਹੀ ਖਾਦ ਪਦਾਰਥ ਤਿਆਰ ਕੀਤੇ ਜਾਣ। ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਨਾਗਰਿਕ ਨੂੰ ਕਿਸੇ ਵੀ ਸਥਾਨ ਤੇ ਮਿਲਾਵਟਖੋਰੀ ਦੀ ਕੋਈ ਸੂਹ ਮਿਲਦੀ ਹੈ ਤਾਂ ਉਸ ਦੀ ਸੂਚਨਾ ਤੁਰੰਤ ਸਿਹਤ ਵਿਭਾਗ ਨੂੰ ਦਿੱਤੀ ਜਾਵੇ ਤਾਂ ਜੋ ਉਨ੍ਹਾਂ 'ਤੇ ਸ਼ਿਕੰਜਾ ਕੱਸਿਆ ਜਾ ਸਕੇ।



# ਪੀਰ ਲੱਖ ਦਾਤਾ ਦੇ ਦਰਬਾਰ 'ਤੇ ਸਾਲਾਨਾ ਜੋੜ ਮੇਲਾ ਕਰਵਾਇਆ

**ਗੁਰਾਇਆ (ਬਿੰਦਰ ਸੁੰਮਨ)**- ਜੰਡਿਆਲਾ ਮੰਜਕੀ ਦੀ ਪੱਤੀ ਧੁਨੀ ਕੀ ਗਿਆਰ੍ਹਵੀਂ ਵਾਲੀ ਸਰਕਾਰ ਲਾਲਾਂ ਵਾਲਾ ਪੀਰ ਲੱਖ ਦਾਤਾ ਜੀ ਦੇ ਦਰਬਾਰ ਵਿਖੇ ਗੁੱਗਾ ਜ਼ਾਹਰ ਪੀਰ ਜੀ ਦੀ ਟੋਲੀ ਦਰਬਾਰ ਦੇ ਗੱਦੀਨਸ਼ੀਨ ਬਾਬਾ ਕਾਲਾ ਦੀ ਯੋਗ ਅਗਵਾਈ ਹੇਠ ਕਰਵਾਈ ਗਈ। ਇਸ ਟੋਲੀ ਵਿਚ ਫਕੀਰ ਚੰਦ ਐਂਡ ਟੋਲੀ ਨਵੀਂ ਆਬਾਦੀ, ਲਾਲੀ ਭਗਤ ਦਾਨੇਵਾਲ, ਅਰਸ਼ ਨੂਰਾ ਨੇ ਧਾਰਮਿਕ ਗੀਤ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਲਕਾ ਇੰਚਾਰਜ ਜਲੰਧਰ ਕੈਂਟ ਆਮ ਆਦਮੀ ਪਾਰਟੀ ਬੀਬੀ ਰਾਜਵਿੰਦਰ ਕੌਰ ਥਿਆੜਾ, ਮੰਗਲ ਬਾਸੀ ਚੇਅਰਮੈਨ ਪੰਜਾਬ ਐਗਰੋ, ਐਡਵੋਕੇਟ ਦਿਨੇਸ਼ ਲਖਣਪਾਲ ਜੁਆਇੰਟ ਸਕੱਤਰ ਆਪ ਲੀਗਲ ਸੈਲ ਪੰਜਾਬ, ਰਾਜਵਿੰਦਰ ਸਿੰਘ ਧਾਲੀਵਾਲ (ਗਿਨੀਜ਼ ਬੁੱਕ ਹੋਲਡਰ) ਅਤੇ ਬੀ ਜੇ ਪੀ ਦੇ ਜੌਰਜ ਸਾਗਰ ਪਹੁੰਚੇ। ਉਹਨਾਂ ਦੇ ਨਾਲ ਜੰਡਿਆਲਾ ਮੰਜਕੀ ਦੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਕਮਲਜੀਤ ਗਿੱਲ, ਬਲਕਾਰ ਸਿੰਘ, ਕੀਤੀ ਪੰਚ, ਬਾਬਾ ਬਿੱਲਾ, ਡਾਕਟਰ ਮੋਮੀ ਹਸਪਤਾਲ ਜੰਡਿਆਲਾ ਤੋਂ ਡਾਕਟਰ ਮੋਮੀ ਅਤੇ ਵੱਖ ਵੱਖ ਡੇਰੇ ਅਤੇ ਦਰਬਾਰਾਂ ਤੋਂ ਗੱਦੀਨਸ਼ੀਨ ਅਤੇ ਪਿੰਡ ਵਾਸੀ ਹਾਜ਼ਰ ਸਨ। ਇਸ ਮੌਕੇ ਲੰਗਰ ਅਤੁੱਟ ਵਰਤਾਇਆ ਗਿਆ।



# ਦਰੀਆ ਵਿਖੇ ਨਗਰ ਕੀਰਤਨ ਅੱਜ

**ਅੱਡਾ ਸਰਾਂ (ਜਸਵੀਰ ਕਾਜਲ)**- ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ, ਸੰਤ ਬਾਬਾ ਮੱਖਣ ਸਿੰਘ ਜੀ ਦੀ ਦੇਖ ਰੇਖ ਹੇਠ ਸ੍ਰੀਮਾਨ ਸੰਤ ਬਾਬਾ ਖੁਸ਼ਦਿਲ ਜੀ ਦੀ 29 ਵੀਂ ਸਾਲਾਨਾ ਬਰਸੀ ਸਮਾਗਮ ਵਿਚ ਮਹਾਨ ਨਗਰ ਕੀਰਤਨ ਅੱਜ 1 ਅਕਤੂਬਰ ਨੂੰ ਸਜਾਇਆ ਜਾਵੇਗਾ। ਸੇਵਾਦਾਰਾਂ ਨੇ ਦੱਸਿਆ ਕਿ ਇਹ ਨਗਰ ਕੀਰਤਨ ਪਿੰਡ ਦਰੀਆ ਤੋਂ ਸ਼ੁਰੂ ਹੋ ਕੇ ਪਿੰਡ ਕੰਧਾਲਾ ਜੱਟਾਂ, ਘੋੜੇਵਾਹਾ, ਅਤੇ ਬਾਬਕ ਵਿਖੇ ਵੱਖ ਵੱਖ ਪੜਾਵਾਂ ਤੋਂ ਹੋ ਗੁਜ਼ਰੇਗਾ ।ਇਸ ਮੌਕੇ ਢਾਡੀ ਗਿਆਨੀ ਦੀਦਾਰ ਸਿੰਘ ਜੀ ਸੰਗਤਪੁਰ ਵਾਲਿਆਂ ਦਾ ਢਾਡੀ ਜੱਥਾ ਹਾਜ਼ਰੀ ਭਰੇਗਾ ਅਤੇ ਆਈਆਂ ਹੋਈਆਂ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਗੁਰੂ ਇਤਿਹਾਸ ਨਾਲ ਜੋੜਨਗੇ। 2 ਅਕਤੂਬਰ ਦਿਨ ਵੀਰਵਾਰ ਨੂੰ ਮਹਾਨ ਕੀਰਤਨ ਦਰਬਾਰ ਵੀ ਕਰਵਾਇਆ ਜਾਵੇਗਾ ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਢਾਡੀ , ਕਵੀਸ਼ਰ ਜਥੇ, ਕਥਾਵਾਚਕ ਆਈਆਂ ਹੋਈਆਂ ਸੰਗਤਾਂ ਨੂੰ ਕਥਾ ਵਿਚਾਰਾਂ ਨਾਲ ਗੁਰ ਇਤਿਹਾਸ ਨਾਲ ਜੋੜਨਗੇ। 30 ਸਤੰਬਰ ਨੂੰ ਰਾਤਰੀ ਦੇ ਦੀਵਾਨਾਂ ਦੀ ਸੰਪੂਰਨਤਾ ਹੋ ਚੁੱਕੀ ਹੈ।ਰਾਤਰੀ ਦੇ ਦੀਵਾਨ ਵਿੱਚ ਸ੍ਰੀਮਾਨ ਸੰਤ ਬਾਬਾ ਹਰਭਜਨ ਸਿੰਘ ਜੀ ਸੋਤਲਾ ਵਾਲੇ, ਸ੍ਰੀਮਾਨ ਸੰਤ ਬਾਬਾ ਸੁਖਰਾਜ ਸਿੰਘ ਜੀ ਪ੍ਰੀਤਮਪੁਰ ਵਾਲੇ, ਸ੍ਰੀਮਾਨ ਸੰਤ ਬਾਬਾ ਗੁਰਸਾਹਿਬ ਸਿੰਘ ਜੱਫਰਵਾਲ ਗੁਰਦਾਸਪੁਰ ਵਾਲੇ ਜਥੇ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਜੀਵਨ ਫ਼ਾਤ ਤੇ ਸਾਖੀ ਸੁਣਾ ਕੇ ਆਈਆਂ ਹੋਈਆਂ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ।



# ਸੱਚਦੇਵਾ ਸਟਾਕਸ ਵਾਕਥੌਨ ਪ੍ਰਤੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ 2 ਨਵੰਬਰ 2025 ਨੂੰ 5 ਕਿਲੋਮੀਟਰ ਦੀ ਕਰਵਾਈ ਜਾ ਰਹੀ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਵਾਕਥੌਨ ਪ੍ਰਤੀ ਕਲੱਬ ਦੇ ਪ੍ਰਧਾਨ ਪਰਮਜੀਤ ਸੱਚਦੇਵਾ ਵੱਲੋਂ ਟ੍ਰਿਨਟੀ ਪਬਲਿਕ ਸਕੂਲ ਵਿੱਚ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਪਰਮਜੀਤ ਸੱਚਦੇਵਾ ਨੇ ਕਿਹਾ ਕਿ ਇਹ ਵਾਕਥੌਨ ਸਾਡੇ ਉੱਘੇ ਐਥਲੀਟ ਸਵ. ਫੌਜਾ ਸਿੰਘ ਨੂੰ ਸਮਰਪਿਤ ਹੈ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਵਾਕਥੌਨ ਵਿੱਚ ਹਰ ਇੱਕ ਸ਼ਹਿਰ ਵਾਸੀ ਭਾਗ ਲੈ ਸਕੇਗਾ ਅਤੇ ਇਸ ਤੋਂ ਇਲਾਵਾ 8 ਸਾਲ ਤੱਕ ਦੇ ਬੱਚਿਆਂ ਲਈ 5 ਕਿਲੋਮੀਟਰ ਦੀ ਸਾਈਕਲੋਥਾਨ ਵੀ ਕਰਵਾਈ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਲਈ 50 ਰੁਪਏ ਰਜਿਸਟਰੇਸ਼ਨ ਫੀਸ ਰੱਖੀ ਗਈ ਹੈ ਤੇ ਇਸ ਨਾਲ ਜੋ ਵੀ ਪੈਸਾ ਇਕੱਠਾ ਹੋਵੇਗਾ ਉਹ ਸਾਰਾ ਜੇ.ਐੱਸ.ਐੱਸ.ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਨੂੰ ਦਾਨ ਵਜੋਂ ਦਿੱਤਾ ਜਾਵੇਗਾ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਈਵੇਂਟ ਵਿੱਚ ਭਾਗ ਲੈਣ ਵਾਲਿਆਂ ਨੂੰ ਮੈਡਲ, ਟੀ-ਸ਼ਰਟ ਅਤੇ ਰਿਫਰੈਸ਼ਮੈਂਟ ਕਲੱਬ ਵੱਲੋਂ ਦਿੱਤੀ ਜਾਵੇਗੀ ਤੇ ਇਹ ਵਾਕਥੌਨ ਸਥਾਨਕ ਲਾਜਵੰਤੀ ਸਟੇਡੀਅਮ ਤੋਂ ਸ਼ੁਰੂ ਹੋਵੇਗੀ। ਇਸ ਮੌਕੇ ਟ੍ਰਿਨਟੀ ਪਬਲਿਕ ਸਕੂਲ, ਪ੍ਰਿੰਸੀਪਲ ਅਤੇ ਡਾਇਰੈਕਟਰ ਅਨੀਤਾ ਲਾਰੈਂਸ, ਉੱਤਮ ਸਿੰਘ ਸਾਬੀ, ਤਰਲੋਚਨ ਸਿੰਘ, ਉਕਾਂਰ ਸਿੰਘ, ਦੌਲਤ ਸਿੰਘ ਆਦਿ ਵੀ ਹਾਜਰ ਸਨ।

# ਸੰਤ ਬਾਬਾ ਸਤਪਾਲ ਸਿੰਘ ਸਾਹਰੀ ਵਾਲਿਆਂ ਦੀ ਦੂਜੀ ਬਰਸੀ ਮੌਕੇ ਗੁਰਮਤਿ ਸਮਾਗਮ ਭਲਕੇ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਡਗਾਣਾ ਕਲਾਂ ਵਿਖੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਹਰਗੜ੍ਹ ਰੋਡ ਹੁਸ਼ਿਆਰਪੁਰ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ ਸਰਬੱਤ ਦੇ ਭਲੇ ਲਈ ਸਲਾਨਾ ਜੋੜ ਮੇਲਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸਮੂਹ ਸ਼ਹੀਦਾਂ ਅਤੇ ਸੰਤ ਬਾਬਾ ਸਤਪਾਲ ਸਿੰਘ ਜੀ ਸਾਹਰੀ ਵਾਲਿਆਂ ਦੀ ਦੂਜੀ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ 2 ਅਕਤੂਬਰ ਨੂੰ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਪਰਮਿੰਦਰ ਸਿੰਘ ਡੁਗਾਣਾ ਕਲਾਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਸੰਤ ਬਾਬਾ ਪਰਮਿੰਦਰ ਸਿੰਘ ਡੁਗਾਣਾ ਕਲਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 2 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਇਲਾਕੇ ਭਰ ਤੋਂ ਸਾਧੂ ਸੰਤ ਮਹਾਂਪੁਰਸ਼, ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰੀ ਜੱਥੇ ਗੁਰਬਾਣੀ ਗੁਰਇਤਿਹਾਸ, ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।



# ਸਵੈਂ-ਇੱਛੁਕ ਖ਼ੂਨਦਾਨ ਕੈਂਪ ਮੌਕੇ 76 ਯੂਨਿਟ ਖ਼ੂਨ ਇਕੱਤਰ




**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸ਼ਹੀਦ ਭਗਤ ਸਿੰਘ ਚੈਰੀਟੇਬਲ ਸੁਸਾਇਟੀ ਗੜ੍ਹਸ਼ੰਕਰ ਦੇ ਪ੍ਰਧਾਨ ਦਰਸ਼ਨ ਸਿੰਘ ਮੱਟੂ ਅਤੇ ਚੇਅਰਪਰਸਨ ਬੀਬੀ ਸੁਭਾਸ਼ ਮੱਟੂ ਵਲੋਂ ਇਲਾਕੇ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਅਪਣੇ ਲਾਡਲੇ ਕਾਕਾ ਅਮਨਦੀਪ ਸਿੰਘ ਮੱਟੂ ਦੀ ਸਦੀਵੀ ਯਾਦ ਨੂੰ ਸਮਰਪਿਤ 17ਵਾਂ ਸਵੈਂ ਇੱਛੁਕ ਖ਼ੂਨਦਾਨ ਕੈਂਪ ਡਾਕਟਰ ਅਜੈ ਬੱਗਾ ਦੀ ਅਗਵਾਈ ਹੇਠ ਬੀ ਡੀ ਸੀ ਬਲੱਡ ਸੈਂਟਰ ਨਵਾਂਸ਼ਹਿਰ ਦੇ ਤਕਨੀਕੀ ਸਹਿਯੋਗ ਨਾਲ ਹੋਟਲ ਪਿੰਕ ਰੋਜ਼ ਗੜ੍ਹਸ਼ੰਕਰ ਵਿਖੇ ਲਗਾਇਆ ਗਿਆ।ਇਸ ਕੈਂਪ ਦਾ ਉਦਘਾਟਨ ਬੀਬੀ ਸੁਭਾਸ਼ ਮੱਟੂ ਅਤੇ ਰਸ਼ਪਾਲ ਕੌਰ ਸਮੇਤ 6 ਬੀਬੀਆਂ ਵਲੋਂ ਸਾਂਝੇ ਤੌਰ 'ਤੇ ਕੀਤਾ।ਇਸ ਕੈਂਪ ਵਿੱਚ ਜਿਥੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਤੇ ਮੋਟੀਵੇਟਰਾ ਨੇ ਪਹੁੰਚ ਕੇ ਖ਼ੂਨਦਾਨ ਕੀਤਾ ਅਤੇ 76 ਯੂਨਿਟ ਖ਼ੂਨ ਇਕੱਤਰ ਹੋਏ।ਇਸ ਮੌਕੇ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਤੇ ਮੋਹਤਬਰਾਂ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਜਿੰਦਰ ਸਿੰਘ ਸੂਕਾ, ਡਾ. ਹਰਿੰਦਰ ਸਿੰਘ ਬਾਠ, ਗੁਰਨੇਕ ਸਿੰਘ ਭੱਜਲ, ਹਰਭਜਨ ਸਿੰਘ ਅਟਵਾਲ, ਚਰਨਜੀਤ ਸਿੰਘ ਚੰਨੀ ਓਐਸਡੀ ਡਿਪਟੀ ਸਪੀਕਰ ਪੰਜਾਬ, ਡਾ.ਦੀਪਕ ਕੁਮਾਰ, ਡਾ. ਤਰਸੇਮ ਸਿੰਘ, ਰਾਕੇਸ਼ ਕਪੂਰ, ਗੋਲਡੀ ਸਿੰਘ ਬੀਹੜਾ, ਕੌਂਸਲਰ ਹਰਪ੍ਰੀਤ ਸਿੰਘ, ਚਰਨਪ੍ਰੀਤ ਸਿੰਘ ਲਾਡੀ, ਮੋਟੀਵੇਟਰ ਸੰਦੀਪ ਸ਼ਰਮਾ, ਡਾ.ਅਵਤਾਰ ਸਿੰਘ, ਡਾ. ਲਖਵਿੰਦਰ ਕੁਮਾਰ ਹਾਜ਼ਰ ਸਨ।

# 27ਵੇਂ ਦੁਸਹਿਰਾ ਤਿਉਹਾਰ ਦਾ ਉਦਘਾਟਨ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਦੁਸਹਿਰਾ ਉਤਸਵ ਕਮੇਟੀ ਨਵਾਂਸ਼ਹਿਰ ਵੱਲੋਂ 27ਵਾਂ ਦੁਸਹਿਰਾ ਤਿਉਹਾਰ ਦਾ ਉਦਘਾਟਨ ਕੀਤਾ ਗਿਆ। ਦੁਸਹਿਰਾ ਉਤਸਵ ਕਮੇਟੀ ਦੇ ਪ੍ਰਧਾਨ ਹਰਮੇਸ਼ ਪੁਰੀ ਅਤੇ ਸੀਨੀਅਰ ਡਿਪਟੀ ਉਪ ਪ੍ਰਧਾਨ ਮੁਕੰਦ ਹਰੀ ਜੁਲਕਾ ਨੇ ਦੱਸਿਆ ਕਿ ਇਸ ਵਾਰ ਵੀ ਦੁਸਹਿਰਾ ਉਤਸਵ ਚੰਡੀਗੜ੍ਹ ਰੋਡ ਸਥਿਤ ਆਈ ਟੀ ਆਈ ਗਰਾਊਂਡ ਵਿਖੇ ਬੜੀ ਧੂਮਧਾਮ ਸ਼ਰਦਾ ਪੂਰਵਕ ਮਨਾਇਆ ਜਾਵੇਗਾ। ਝੂਲੀਆ ਦੇ ਠੇਕੇਦਾਰ ਸੁਖਵਿੰਦਰ ਸਿੰਘ, ਸੇਵਾ ਸਿੰਘ ਨੇ ਦੱਸਿਆ ਕਿ ਆਈ ਟੀ ਆਈ ਗਰਾਊਂਡ ਵਿੱਚ ਬੱਚਿਆਂ ਲਈ ਵੱਖ-ਵੱਖ ਤਰ੍ਹਾਂ ਦੇ ਝੂਲੇ ਵੀ ਲਗਾਏ ਗਏ ਹਨ। ਦੁਸਹਿਰੇ ਵਾਲੇ ਦਿਨ ਸ਼ਾਮ ਨੂੰ ਕਬੱਡੀ ਅਤੇ ਜਿਮਨਾਸਟਿਕ ਦੇ ਮੈਚ ਵੀ ਕਰਵਾਏ ਜਾਣਗੇ। 2 ਅਕਤੂਬਰ ਦਿਨ ਵੀਰਵਾਰ ਨੂੰ ਦੁਸਹਿਰੇ ਦਾ ਤਿਉਹਾਰ ਮਨਾਇਆ ਜਾਵੇਗਾ।



# ਐੱਲ ਪੀ ਯੂ ਨੇ 36 ਘੰਟੇ ਦਾ ਇਨੋਵੇਸ਼ਨ ਮੈਰਾਥਨ ਕੀਤਾ ਆਯੋਜਿਤ




**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨਿਵਰਸਿਟੀ (ਐੱਲ ਪੀ ਯੂ) ਦੇ ਸਟੂਡੈਂਟ ਰਿਸਰਚ ਡਿਪਾਰਟਮੈਂਟ ਨੇ 36 ਘੰਟੇ ਦੀ ਪ੍ਰਮੁੱਖ ਇਨੋਵੇਸ਼ਨ ਚੁਣੌਤੀ, ਗੀਅਰ ਅਪ ਸੀਜ਼ਨ 4: ਗੇਟਵੇ ਟੂ ਸਮਾਰਟ ਇੰਡੀਆ ਹੈਕਾਥੌਨ 2025 ਦਾ ਆਯੋਜਨ ਕੀਤਾ। ਇਹ ਈਵੈਂਟ ਇਨੋਵੇਟਰਸ ਦੀ ਪਛਾਣ ਅਤੇ ਉਹਨਾਂ ਨੂੰ ਵਿਕਸਤ ਕਰਨ ਲਈ ਇੱਕ ਗਤੀਸ਼ੀਲ ਮੰਚ ਦੇ ਰੂਪ ਵਿੱਚ ਸਾਬਤ ਹੋਇਆ। ਇਸ ਈਵੈਂਟ ਵਿੱਚ ਰਿਕਾਰਡ ਤੋੜ ਕੰਪੀਟੀਸ਼ਨ ਵੇਖਿਆ ਗਿਆ, ਜਿਸ ਵਿੱਚ ਵੱਖ ਵੱਖ 900 ਟੀਮਾਂ ਨੇ ਰਜਿਸਟਰਡ ਕੀਤਾ। ਇੱਕ ਸਖਤ ਆਈਡੀਆ ਸਕ੍ਰੀਨਿੰਗ ਪੜਾਅ ਤੋਂ ਬਾਅਦ, 2,600 ਤੋਂ ਵੱਧ ਵਿਦਿਆਰਥੀ ਇਨੋਵੇਟਰਸ ਵਾਲੀ 450 ਟੀਮਾਂ ਨੇ ਇੰਟਰਨੈੱਲ ਹੈਕਾਥਨ ਲਈ ਕੁਆਲੀਫਾਈ ਕੀਤਾ। ਇਨਾਂ ਟੀਮਾਂ ਨੇ ਸਭ ਤੋਂ ਗੰਭੀਰ ਰਾਸ਼ਟਰੀ ਪ੍ਰੌਬਲਮ ਲਈ ਠੋਸ ਹੱਲ ਤਿਆਰ ਕੀਤੇ ਜੋ ਕਿ ਕੁਝ ਮੁੱਖ ਪ੍ਰੋਜੈਕਟ ਹਨ ਖੇਤੀਬਾੜੀ ਅਤੇ ਵਿਕਾਸ, ਸਿਹਤ ਸੇਵਾਵਾਂ ਤੇ ਸਾਫ਼ ਟੈਕਨੋਲੋਜ, ਸਮਾਰਟ ਆਟੋਮੇਸ਼ਨ, ਰਿਨਿਊਏਬਲ ਐਨਰਜੀ ਅਤੇ ਸਿੱਖਿਆ ਆਦਿ। ਐਲਪੀਯੂ ਦੇ ਵਾਇਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ, ਪ੍ਰੋਵਾਇਸ ਚਾਂਸਲਰ ਡਾ. ਲਵੀਰਾਜ ਗੁਪਤ ਅਤੇ ਬਿਜ਼ਨੇਸ ਮੇਂਟਰ ਡਾ. ਮਨੀਸ਼ ਗਰੋਵਰ ਨੇ ਇਸ ਪ੍ਰੋਗਰਾਮ ਦੀ ਸ਼ੋਭਾ ਵਧਾਈ ਅਤੇ ਵਿਦਿਆਰਥੀਆਂ ਨੂੰ ਉਦੇਸ਼ਪੂਰਨ ਅਤੇ ਰਾਸ਼ਟਰੀ ਜਿੰਮੇਦਾਰੀ ਦੇ ਨਾਲ ਇਨੋਵੇਸ਼ਨ ਲਈ ਉਤਸ਼ਾਹਿਤ ਕੀਤਾ।

# ਸੰਤ ਨਿਰੰਕਾਰੀ ਮਿਸ਼ਨ ਵੱਲੋਂ ਭੋਗਪੁਰ ਵਿਖੇ ਲਗਾਇਆ ਖ਼ੂਨਦਾਨ ਕੈਂਪ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੰਤ ਨਿਰੰਕਾਰੀ ਮਿਸ਼ਨ ਵੱਲੋਂ ਸੰਤ ਨਿਰੰਕਾਰੀ ਸਤਿਸੰਗ ਭਵਨ ਭੋਗਪੁਰ ਜ਼ੋਨ ਕਪੂਰਥਲਾ ਵਿਖੇ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿੱਥੇ ਮਿਸ਼ਨ ਦੇ ਸ਼ਰਧਾਲੂਆਂ ਦੇ ਨਾਲ-ਨਾਲ ਸ਼ਹਿਰ ਵਾਸੀਆਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਸਾਰਿਆਂ ਨੇ ਪੂਰੇ ਉਤਸ਼ਾਹ ਅਤੇ ਸਮਰਪਣ ਭਾਵਨਾ ਨਾਲ ਸਵੈ-ਇੱਛਾ ਨਾਲ 83 ਯੂਨਿਟ ਖ਼ੂਨਦਾਨ ਕਰਕੇ ਮਨੁੱਖੀ ਭਲਾਈ ਵਿੱਚ ਯੋਗਦਾਨ ਪਾਇਆ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਸੰਤ ਨਿਰੰਕਾਰੀ ਮਿਸ਼ਨ ਚੰਡੀਗੜ੍ਹ ਤੋਂ ਆਏ ਸਤਿਕਾਰਯੋਗ ਮਹਾਤਮਾ ਪਵਨ ਕੁਮਾਰ ਗਿਆਨ ਪ੍ਰਚਾਰਕ ਚੰਡੀਗੜ੍ਹ ਨੇ ਕੀਤਾ। ਉਹਨਾਂ ਕਿਹਾ ਕਿ ਬਾਬਾ ਹਰਦੇਵ ਸਿੰਘ ਨੇ ਖ਼ੂਨਦਾਨ ਨੂੰ ਮਿਸ਼ਨ ਦੀ ਅਧਿਆਤਮਕ ਸੇਵਾ ਦਾ ਇੱਕ ਅਨਿੱਖੜਵਾਂ ਅੰਗ ਬਣਾਇਆ, ਖ਼ੂਨ ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ , ਨਾਲੀਆਂ ਵਿੱਚ ਨਹੀਂ ਦਾ ਅਮਰ ਸੰਦੇਸ਼ ਦਿੱਤਾ।ਇਸ ਖ਼ੂਨਦਾਨ ਕੈਂਪ ਵਿੱਚ ਸਿਵਲ ਹਸਪਤਾਲ ਜਲੰਧਰ ਦੀ ਮਾਹਿਰ ਟੀਮ ਨੇ 83 ਯੂਨਿਟ ਖ਼ੂਨ ਇਕੱਠਾ ਕੀਤਾ।ਇਹ ਮੈਗਾ ਮੁਹਿੰਮ ਸਿਰਫ਼ ਖ਼ੂਨਦਾਨ ਹੀ ਨਹੀਂ, ਸਗੋਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਦਇਆ, ਸੇਵਾ ਅਤੇ ਏਕਤਾ ਦੇ ਸੰਦੇਸ਼ ਨੂੰ ਜੀਵਨ ਵਿੱਚ ਅਮਲੀ ਤੌਰ 'ਤੇ ਲਿਆਉਣ ਦਾ ਇੱਕ ਜੀਵੰਤ ਮਾਧਿਅਮ ਹੈ ਜੋ ਸਾਨੂੰ ਸਿਖਾਉਂਦਾ ਹੈ ਕਿ ਮਨੁੱਖਤਾ ਸਭ ਤੋਂ ਵੱਡਾ ਧਰਮ ਹੈ। ਅੰਤ ਵਿੱਚ ਭੋਗਪੁਰ ਬ੍ਰਾਂਚ ਦੇ ਮੁਖੀ ਡਾਕਟਰ ਮਹਿੰਗਾ ਸਿੰਘ ਨੇ ਸਾਰੇ ਮਹਿਮਾਨਾਂ ਖ਼ੂਨਦਾਨੀਆਂ, ਸੇਵਾਦਾਰਾਂ ਅਤੇ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



# ਮਹਿਲਾਵਾਂ ਨੂੰ ਸਰਪੰਚੀ ਦੇ ਪੂਰੇ ਅਧਿਕਾਰ ਦਿੱਤੇ ਜਾਣ : ਜਤਿੰਦਰ ਸਿੰਘ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਇਲਾਕੇ ਦੇ ਪ੍ਰਸਿੱਧ ਸਮਾਜ ਸੇਵੀ ਜਤਿੰਦਰ ਸਿੰਘ ਪਿੰਕਾ ਨੇ ਮਹਿਲਾਵਾਂ ਦੀ ਪੰਚਾਇਤੀ ਚੋਣਾਂ ਵਿੱਚ ਭੂਮਿਕਾ ਅਤੇ ਅਸਲੀ ਅਧਿਕਾਰਾਂ ਬਾਰੇ ਚਿੰਤਾ ਜਤਾਈ। ਉਹਨਾਂ ਨੇ ਕਿਹਾ ਕਿ ਭਾਵੇਂ ਪੰਚਾਂ ਅਤੇ ਸਰਪੰਚਾਂ ਦੀਆਂ ਚੋਣਾਂ ਵਿੱਚ ਮਹਿਲਾਵਾਂ ਲਈ ਰਿਜ਼ਰਵ ਕੋਟਾ ਹੁੰਦਾ ਹੈ, ਪਰ ਜਦੋਂ ਇਹ ਮਹਿਲਾਵਾਂ ਜਿੱਤ ਕੇ ਸਰਪੰਚ ਬਣਦੀਆਂ ਹਨ, ਤਾਂ ਅਕਸਰ ਉਹਨਾਂ ਦੇ ਘਰ ਵਾਲੇ ਹੀ ਅਸਲੀ ਕਾਰਜ ਨਿਭਾਉਂਦੇ ਹਨ। ਇਸ ਕਾਰਨ ਜਿੱਤਣ ਵਾਲੀ ਮਹਿਲਾ ਆਪਣੇ ਅਸਲੀ ਅਧਿਕਾਰਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਨਹੀਂ ਕਰ ਪਾਉਂਦੀ।ਪਿੰਕਾ ਨੇ ਜ਼ੋਰ ਦੇ ਕੇ ਕਿਹਾ ਕਿ ਜਿੱਤਣ ਵਾਲੀ ਮਹਿਲਾ ਹੀ ਸਾਰੇ ਸਰਪੰਚ ਕਾਰਜ ਕਰਨ ਦੀ ਅਧਿਕਾਰਪੂਰਨ ਹੱਕਦਾਰ ਹੈ ਅਤੇ ਘਰਵਾਲਿਆਂ ਦੀ ਭੂਮਿਕਾ ਸਿਰਫ ਸਹਾਇਤਾ ਤੱਕ ਸੀਮਿਤ ਹੋਣੀ ਚਾਹੀਦੀ ਹੈ। ਉਹਨਾਂ ਨੇ ਜੋਰ ਦਿੱਤਾ ਕਿ ਇਸ ਤਰ੍ਹਾਂ ਮਹਿਲਾਵਾਂ ਦੀ ਭਾਗੀਦਾਰੀ ਪ੍ਰਭਾਵੀ ਬਣੇਗੀ ਅਤੇ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਜਵਾਬਦੇਹੀ ਅਤੇ ਸੁਚਾਰੂ ਪ੍ਰਬੰਧ ਯਕੀਨੀ ਬਣ ਸਕੇਗਾ।



# ਸ਼ੇਖੜੀ ਵੱਲੋਂ ਸੁਰੇਸ਼ ਕੁਮਾਰ ਦੀ ਮਾਤਾ ਦੇ ਗਰੁੜ ਪੁਰਾਣ ਮੌਕੇ ਕੀਤੇ ਸ਼ਰਧਾ ਦੇ ਫੁੱਲ ਭੇਟ

**ਨੰਗਲ (ਸੁਰਜੀਤ ਢੇਰ)** ਕਾਰਜ ਸਾਧਕ ਅਫ਼ਸਰ ਅਵਤਾਰ ਸ਼ੇਖੜੀ, ਸ਼ਹਿਰ ਦੇ ਪ੍ਰਸਿੱਧ ਕਾਰੋਬਾਰੀ ਸੁਰੇਸ਼ ਕੁਮਾਰ ਉਰਫ਼ ਭੋਲਾ ਦੀ ਮਾਤਾ ਰਾਮ ਦੁਲਾਰੀ 92 ਪਤਨੀ ਸਵਰਗੀ ਰਾਮ ਆਸਰਾ ਵਾਸੀ ਨੰਗਲ ਦਾ ਗਰੁੜ ਪੁਰਾਣ ਦਾ ਭੋਗ ਅਤੇ ਰਸਮ ਪਗੜੀ ਲਛਮੀ ਨਰਾਇਣ ਮੰਦਰ ਵਿਖੇ ਹੋਈ।ਮਾਤਾ ਜੀ ਲੰਘੀ 14 ਸਤੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ।ਇਸ ਮੌਕੇ ਰਿਸ਼ਤੇਦਾਰ, ਮਿੱਤਰ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਲਵਿਸ਼ ਮਿੱਤਲ, ਰਮੇਸ਼ ਪਹੂਜਾ ਪ੍ਰਧਾਨ ਵਪਾਰ ਮੰਡਲ ਰਾਜਪੁਰਾ, ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਦਿਨੇਸ਼ ਨੱਡਾ ਅਗੰਮਪੁਰ, ਸਾਬਕਾ ਕੌਂਸਲ ਪ੍ਰਧਾਨ ਰਾਜੇਸ਼ ਚੌਧਰੀ, ਨਰਿੰਦਰ ਸ਼ਾਸਤਰੀ ਪ੍ਰਧਾਨ ਨਗਰ ਕੌਂਸਲ ਰਾਜਪੁਰਾ, ਜਗਤਾਰ ਸਿੰਘ ਪ੍ਰਧਾਨ ਨਗਰ ਕੌਂਸਲ ਬਨੂੜ, ਕੌਂਸਲਰ ਸ਼ਾਂਤੀ ਸੱਪਰਾ ਰਾਜਪੁਰਾ, ਕੌਂਸਲਰ ਮਨਦੀਪ ਰਾਣਾ, ਕੌਂਸਲਰ ਅਮਰ ਸਿੰਘ ਪਾਸੀ, ਰਾਜੀ ਖੰਨਾ, ਸੁਖਵੰਤ ਸਿੰਘ ਸੈਣੀ,ਤਿਲਕ ਰਾਜ ਲੱਕੀ, ਭਾਜਪਾ ਆਗੂ ਰਕੇਸ਼ ਸ਼ਰਮਾ ਪਿੰਕੀ, ਸਤਪਾਲ ਗੌਤਮ, ਜਗਦੀਸ਼ ਚੰਦਰ ਚੋਪੜਾ, ਸੁਸ਼ੀਲ ਕੁਮਾਰ ਚੋਪੜਾ, ਵਿਸ਼ਵਨਾਥ ਸੈਨੇਟਰੀ ਇੰਸਪੈਕਟਰ, ਕੌਂਸਲਰ ਵਿਦਿਆ ਸਾਗਰ,ਬਰਜਿੰਦਰ ਸਿੰਘ ਡੋਡ,ਅਲੀ ਰਾਜਪੁਰਾ,ਪੰਮੀ ਸੈਣੀ, ਅਸ਼ੋਕ ਚੋਪੜਾ, ਸਤਪਾਲ ਨਨਹੇੜੀ, ਵਿਸ਼ਾਲ ਸ਼ੇਖੜੀ, ਦਵਿੰਦਰ ਸ਼ੇਖੜੀ, ਕਰਨ ਸ਼ੇਖੜੀ, ਅਬਿਨਾਸ਼ ਸ਼ੇਖੜੀ ਨੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।



1-OCT-PAGE-10.qxd 9/30/2025 8:34 PM Page 1



## ਵਿਸ਼ਵ ਦਿਲ ਦਿਵਸ 'ਤੇ ਜਾਗਰੂਕਤਾ ਬੈਨਰ ਤੇ ਪੋਸਟਰ ਜਾਰੀ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਵੱਲੋਂ ਵਿਸ਼ਵ ਦਿਲ ਦਿਵਸ 'ਤੇ ਜਾਗਰੂਕਤਾ ਬੈਨਰ ਤੇ ਪੋਸਟਰ ਜਾਰੀ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਅੱਜ ਦੇ ਦਿਨ ਸਿਹਤ ਵਿਭਾਗ ਵੱਲੋਂ ਆਮ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਇਨ੍ਹਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ, ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਦਿਲ ਸਾਡੇ ਸਰੀਰ ਦਾ ਅਹਿਮ ਅੰਗ ਹੈ, ਇਸ ਲਈ ਇਸ ਨੂੰ ਸਿਹਤਮੰਦ ਰੱਖਣਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਦਿਲ ਦੀਆਂ ਬਿਮਾਰੀਆਂ ਤੋਂ ਬਚਣ ਲਈ ਹਰ ਰੋਜ਼ ਸੈਰ, ਸਾਈਕਲਿੰਗ ਤੇ ਯੋਗਾ ਆਦਿ ਕਰਨ ਨਾਲ ਗੈਰ ਸੰਚਾਰੀ ਰੋਗ ਬਲੱਡ ਪ੍ਰੈਸ਼ਰ ਤੇ ਸ਼ੂਗਰ ਤੋਂ ਬਚਿਆ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਘੱਟ ਚਿਕਨਾਈ ਵਾਲਾ ਭੋਜਨ ਖਾਣ ਨਾਲ, ਸ਼ਰਾਬ, ਸਿਗਰਟਨੋਸ਼ੀ ਦੀ ਆਦਤ, ਪ੍ਰਦੂਸ਼ਤ ਵਾਤਾਵਰਣ, ਖਾਣ-ਪੀਣ ਦੀਆਂ ਗਲਤ ਆਦਤਾਂ, ਫਾਸਟ ਫੂਡ, ਦਿਮਾਗੀ ਪ੍ਰੇਸ਼ਾਨੀ, ਮੋਟਾਪੇ ਕਾਰਨ ਦਿਲ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ।ਇਸ ਲਈ ਸਾਨੂੰ ਇਨ੍ਹਾਂ ਚੀਜ਼ਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।ਸਾਨੂੰ 35 ਸਾਲ ਦੀ ਉਮਰ ਤੋਂ ਬਾਅਦ ਰੁਟੀਨ ਵਿੱਚ ਬਲੱਡ ਪ੍ਰੈਸ਼ਰ ਚੈੱਕ ਕਰਾਉਂਦੇ ਰਹਿਣਾ ਚਾਹੀਦਾ ਹੈ ਤੇ ਸਾਲ ਵਿੱਚ ਘੱਟੋ ਘੱਟ ਇੱਕ ਵਾਰ ਸ਼ੂਗਰ ਤੇ ਦਿਲ ਸਬੰਧੀ ਹੋਰ ਟੈਸਟ ਕਰਾਉਂਦੇ ਰਹਿਣਾ ਚਾਹੀਦਾ ਹੈ।ਜੇਕਰ ਸ਼ੂਗਰ, ਬਲੱਡ ਪ੍ਰੈਸ਼ਰ ਜਾਂ ਦਿਲ ਦੀ ਕੋਈ ਹੋਰ ਬਿਮਾਰੀ ਹੋ ਜਾਵੇ ਤਾਂ ਦਿਲ ਦੇ ਮਾਹਿਰ ਡਾਕਟਰ ਨਾਲ ਸੰਪਰਕ ਕਰਕੇ ਇਲਾਜ ਸ਼ੁਰੂ ਕੀਤਾ ਜਾਵੇ, ਬਲੱਡ ਪ੍ਰੈਸ਼ਰ ਤੋਂ ਪੀੜਤ ਵਿਅਕਤੀ ਵੱਲੋਂ ਆਪਣੀ ਮਰਜ਼ੀ ਨਾਲ ਦਵਾਈ ਬੰਦ ਕਰਨਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ।ਉਨ੍ਹਾਂ ਦੱਸਿਆ ਕਿ ਆਮ ਪਬਲਿਕ ਦੀ ਸਹੂਲਤ ਲਈ ਸਮੂਹ ਸਿਹਤ ਸੰਸਥਾਵਾਂ ਵਿਖੇ ਬਲੱਡ ਪ੍ਰੈਸ਼ਰ ਦੀ ਦਵਾਈ ਮਿਲਦੀ ਹੈ ਤੇ ਸਕ੍ਰੀਨਿੰਗ ਵੀ ਕੀਤੀ ਜਾਂਦੀ ਹੈ।ਉਨ੍ਹਾਂ ਅਪੀਲ ਕੀਤੀ ਕਿ ਇਸ ਮੌਕੇ ਆਪਣੇ ਪਰਿਵਾਰ, ਮੁਹੱਲੇ ਤੇ ਪਿੰਡਾਂ ਸ਼ਹਿਰਾਂ ਵਿੱਚ ਪ੍ਰਚਾਰਿਆ ਜਾਵੇ, ਤਾਂ ਜੁ ਵੱਧ ਤੋਂ ਵੱਧ ਲੋਕ ਦਿਲ ਦੀਆਂ ਬਿਮਾਰੀਆਂ ਪ੍ਰਤੀ ਸੁਚੇਤ ਹੋ ਜਾਣ।

## ਭਗਵਾਨ ਵਾਲਮੀਕ ਮੰਦਰ ਵਿਖੇ ਮੰਦਰ ਕਮੇਟੀ ਤੇ ਸਮਾਜ ਦੇ ਅਹੁਦੇਦਾਰਾਂ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**-ਫ਼ੈਂਟਾ ਟਿਵਾਣਾ ਰੋਡ 'ਤੇ ਸਥਿਤ ਭਗਵਾਨ ਵਾਲਮੀਕਿ ਮੰਦਰ ਵਿਖੇ ਮੰਦਰ ਕਮੇਟੀ ਅਤੇ ਸਮਾਜ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਹੋਈ। ਜਿਸ ਵਿੱਚ ਸ੍ਰਿਸ਼ਟੀ ਕਰਤਾ ਭਗਵਾਨ ਸ੍ਰੀ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸ਼ਰਧਾ ਪੂਰਵਕ ਤੇ ਬੜੀ ਧੂਮਧਾਮ ਮਨਾਉਣ ਅਤੇ ਗੁਰੂ ਦਾ ਲੰਗਰ ਪ੍ਰਸ਼ਾਦਿ ਵਰਤਾਉਣ ਲਈ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਸ਼ਾਮਲ ਮੰਦਰ ਕਮੇਟੀ ਦੇ ਪ੍ਰਧਾਨ ਰਜੀਵ ਤਮੋਲੀਆ, ਵਾਈਸ ਪ੍ਰਧਾਨ ਰਮੇਸ਼ ਨੰਦਾ, ਸੈਕਟਰੀ ਰਕੇਸ਼ ਠੇਨਜ਼ਿਆ, ਕੈਸ਼ੀਅਰ ਸਤੀਸ਼ ਨੰਦਾ, ਕੈਸ਼ੀਅਰ ਵਿਨੋਦ ਨੰਦਾ, ਪ੍ਰੈਸ ਸਕੱਤਰ ਵਿੱਕੀ ਸਾਰਵਾਨ, ਪ੍ਰੈਸ ਸਕੱਤਰ ਸੰਨ੍ਹੀ ਚਾਵਰੀਆ, ਸਾਬਕਾ ਪ੍ਰਧਾਨ ਪ੍ਰਿਥੂ ਸਾਰਵਾਨ, ਮਹੰਤ ਗੁਰਬਖ਼ਸ਼ ਲਾਲ, ਮਹੰਤ ਇਤਬਾਰੀ ਲਾਲ, ਮਹੰਤ ਅਸ਼ਵਨੀ ਡੁੱਲਗੋਚਿਰ, ਸਫ਼ਾਈ ਯੂਨੀਅਨ ਦੇ ਪ੍ਰਧਾਨ ਰਾਜਾ ਰਾਮ ਅਵਤਾਰ (ਬਿੱਟੂ), ਰਮੇਸ਼ ਤਮੋਲੀਆ, ਭਜਨ ਲਾਲ, ਮੁੱਖ ਸੇਵਾਦਾਰ ਬਾਬਾ ਮਾਛੂ, ਸੁਸ਼ੀਲ ਕਤੋਤੀਆ, ਸੁਰੇਸ਼ ਮਹਾਜਨ, ਰਤੀ ਰਾਮ, ਪ੍ਰਕਾਸ਼ ਉਜੀਨਵਾਲ, ਸਾਹਿਲ ਉਜੀਨਿਵਾਲ, ਜੁਗਰਾਜ (ਜੱਗੀ) ਰੋਹਤਸ, ਵਿਜੇ ਪੰਚਨ, ਸਾਜਨ ਚਾਵਲਾ, ਪਵਨ, ਸੋਕੀ ਟੁੰਡਲਾਟ, ਮਨੂ ਉਜੀਨਵਾਲ, ਰਮੇਸ਼ ਸਾਰਵਾਨ, ਮਹਿੰਦਰ ਸਾਰਵਾਨ ਆਦਿ ਮੌਜੂਦ ਸਨ।

## ਪੱਤਰਕਾਰ ਰਾਜੀਵ ਦਾਵੜਾ ਦਾ ਜਨਮ ਦਿਨ ਮਨਾਇਆ



**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਜ਼ਿਲ੍ਹਾ ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਫਾਜ਼ਿਲਕਾ ਵੱਲੋਂ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਤੇ ਨਿਰਭੀਕ ਪੱਤਰਕਾਰ ਰਾਜੀਵ ਦਾਵੜਾ ਦਾ ਜਨਮ ਦਿਨ ਕੱਲ੍ਹੀ ਕਲੱਬ ਵਿਖੇ ਕੇਕ ਕੱਟ ਕੇ ਮਨਾਇਆ ਗਿਆ।ਇਸ ਮੌਕੇ ਐਸੋਸੀਏਸ਼ਨ ਦੇ ਮੈਂਬਰਾਂ ਤੇ ਸੀਨੀਅਰ ਪੱਤਰਕਾਰਾਂ ਨੇ ਰਾਜੀਵ ਦਾਵੜਾ ਨੂੰ ਉਨ੍ਹਾਂ ਦੀ ਸੇਵਾਵਾਂ ਤੇ ਪੱਤਰਕਾਰੀ ਦੇ ਖੇਤਰ ਵਿੱਚ ਯੋਗਦਾਨ ਲਈ ਸਨਮਾਨਤ ਕੀਤਾ।ਇਸ ਮੌਕੇ ਐਸੋਸੀਏਸ਼ਨ ਦੇ ਚੇਅਰਮੈਨ ਲੀਲਾਧਰ ਸ਼ਰਮਾ, ਪ੍ਰਧਾਨ ਬਖ਼ਸ਼ੀਸ਼ ਸਿੰਘ (ਹੈਪੀ), ਉਪ ਪ੍ਰਧਾਨ ਵਨੀਤ ਅਰੋੜਾ, ਸਕੱਤਰ ਸੁਨੀਲ ਨਾਗਪਾਲ, ਸੰਜੂ ਗਿਲਹੋਤਰਾ, ਪੀ.ਆਰ.ਓ. ਸਾਜਨ ਗੁਗਲਾਨੀ, ਪਾਰਸ ਡੋਡਾ, ਸੁਖਵਿੰਦਰ ਥਿੰਦ, ਜਸਪ੍ਰੀਤ ਦੁਰੇਜਾ, ਧੀਰਜ ਕੁਮਾਰ (ਸੰਨੀ ਦੁਜਾ), ਸੁਖਵਿੰਦਰ ਸਿੰਘ ਪਰਦੇਸੀ ਤੋਂ ਇਲਾਵਾ ਸੰਜੀਵ ਦਾਵੜਾ ਮੌਜੂਦ ਸਨ।ਸਮਾਗਮ ਦੌਰਾਨ ਸਾਰੇ ਮੈਂਬਰਾਂ ਨੇ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਐਸੋਸੀਏਸ਼ਨ ਦੀ ਮਜ਼ਬੂਤੀ ਤੇ ਪੱਤਰਕਾਰੀ ਦੇ ਮਿਆਰ ਨੂੰ ਉੱਚਾ ਚੁੱਕਣ ਦਾ ਸੰਕਲਪ ਲਿਆ।

## ਟੇਬਲ ਟੈਨਿਸ ਮੁਕਾਬਲੇ 'ਚ ਐੱਸ ਆਰ ਐੱਸ ਵਿੱਦਿਆਪੀਠ ਨੇ ਚਾਂਦੀ ਤਮਗਾ ਜਿੱਤਿਆ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸੀ ਬੀ ਐੱਸ ਈ ਸਹੋਦਿਆ ਟੇਬਲ ਟੈਨਿਸ (ਅੰਡਰ-14 ਮੁੰਡਿਆਂ) ਮੁਕਾਬਲਾ ਦਾ ਇੰਡੋ ਬ੍ਰਿਟਿਸ਼ ਸਕੂਲ ਨਾਭਾ ਵਿਖੇ ਆਯੋਜਿਤ ਕੀਤਾ ਗਿਆ।ਇਸ ਮੁਕਾਬਲੇ ਵਿੱਚ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਵਿਦਿਆਰਥੀਆਂ ਨੇ ਵੀ ਇਸ ਮੁਕਾਬਲੇ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਟੇਬਲ ਟੈਨਿਸ ਖੇਡ ਮੁਕਾਬਲੇ ਵਿੱਚ ਮੋਹਿਤ, ਲਵਿਸ਼ਾ ਤੇ ਆਦਿਤਿਆ ਨੇ ਭਾਗ ਲਿਆ ਅਤੇ ਆਪਣੇ ਜੋਸ਼ ਤੇ ਦ੍ਰਿੜ੍ਹ ਇਰਾਦੇ ਨਾਲ ਖੇਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 'ਫਸਟ ਰਨਰ ਅਪ' ਦਾ ਸਥਾਨ ਹਾਸਲ ਕੀਤਾ।ਇਨ੍ਹਾਂ ਨੂੰ ਚਾਂਦੀ ਦੇ ਤਮਗਿਆਂ ਤੇ ਟਰਾਫੀ ਨਾਲ ਸਨਮਾਨਤ ਕੀਤਾ ਗਿਆ।ਇਸ ਉਪਲਬਧੀ 'ਤੇ ਸਕੂਲ ਵਿਖੇ ਸਕੂਲ ਦੇ ਚੇਅਰਮੈਨ ਮਿਸ ਸਮਿਧਾ ਸਿੰਗਲਾ ਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਡੇ ਵਿਦਿਆਰਥੀਆਂ ਦੀ ਇਹ ਉਪਲਬਧੀ ਸਿਰਫ਼ ਖੇਡ ਵਿੱਚ ਹੀ ਨਹੀਂ, ਸਗੋਂ ਸਮੁੱਚੇ ਵਿਦਿਆਰਥੀ ਜੀਵਨ ਲਈ ਪ੍ਰੇਰਨਾ ਹੈ।ਅਸੀਂ ਉਨ੍ਹਾਂ ਦੇ ਜੋਸ਼ ਤੇ ਮਿਹਨਤ ਦੀ ਪ੍ਰਸ਼ੰਸਾ ਕਰਦੇ ਹਾਂ।ਉਨ੍ਹਾਂ ਸਾਰੇ ਖਿਡਾਰੀਆਂ ਦਾ ਹੌਸਲਾ ਵਧਾਇਆ ਤੇ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਅਜਿਹੇ ਖੇਡ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਸ਼ਰਨਪ੍ਰੀਤ ਕੌਰ ਨੇ ਜਿੱਤਿਆ ਜੂਡੋ 'ਚ ਗੋਲਡ




**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਦੇ ਫਿਜ਼ੀਕਲ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸੰਸਥਾ ਚੇਅਰਮੈਨ ਡਾ. ਰਵਿੰਦਰ ਕੁਮਾਰ ਬਾਂਸਲ ਦੀ ਰਹਿਨੁਮਾਈ ਹੇਠ ਪ੍ਰਿੰਸੀਪਲ ਡਾ. ਵੀ ਕੇ ਰਾਏ ਦੀ ਦੇਖ-ਰੇਖ ਹੇਠ ਫਿਜ਼ੀਕਲ ਵਿਭਾਗ ਦੇ ਮੁਖੀ ਅਸਿਸਟੈਂਟ ਪ੍ਰੋਫੈਸਰ ਕੁਲਦੀਪ ਸਿੰਘ ਦੀ ਯੋਗ ਅਗਵਾਈ ਹੇਠ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਈਆਂ ਜਾ ਰਹੀਆਂ ਇੰਟਰ ਕਾਲਜ ਗੇਮਜ਼ ਵਿੱਚ ਮਾਡਰਨ ਕਾਲਜ ਬੀਰ ਕਲਾਂ ਦੀ ਹੋਣਹਾਰ ਵਿਦਿਆਰਥਣ ਸ਼ਰਨਪ੍ਰੀਤ ਕੌਰ ਨੇ ਜੂਡੋ ਗੇਮ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ।ਇਸ ਪ੍ਰਾਪਤੀ 'ਤੇ ਸੰਸਥਾ ਚੇਅਰਮੈਨ ਡਾ. ਰਵਿੰਦਰ ਕੁਮਾਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ ਕੇ ਰਾਏ ਨੇ ਖੁਸ਼ੀ ਮਨਾਉਂਦੇ ਕਿਹਾ ਕਿ ਇਹ ਵਿਦਿਆਰਥਣ ਵਧਾਈ ਦੀ ਪਾਤਰ ਹਨ ਤੇ ਨਾਲ ਹੀ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਹੈ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਮਹਿਤਾਬਪਾਲ, ਅੰਤਰਪਾਲ ਕੌਰ, ਅਮਨਦੀਪ ਕੌਰ ਤੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਬਾਬਾ ਫ਼ਰੀਦ ਇੰਸਟੀਚਿਊਸ਼ਨਜ਼ ਵੱਲੋਂ ਇੰਟਰਨਲ ਹੈਕਾਥਨ ਦਾ ਸਫ਼ਲ ਆਯੋਜਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਬੀ.ਐੱਫ.ਜੀ.ਆਈ.) ਦੇ ਸਕੂਲ ਆਫ਼ ਸਕਿੱਲ ਡਿਵੈਲਪਮੈਂਟ (ਸੀਡ ਕਲੱਬ) ਦੁਆਰਾ ਆਯੋਜਿਤ ਸਮਾਰਟ ਇੰਡੀਆ ਹੈਕਾਥਨ 2025 ਲਈ ਇੰਟਰਨਲ ਹੈਕਾਥਨ ਦਾ ਆਯੋਜਨ ਕੀਤਾ।ਇਸ ਪ੍ਰੋਗਰਾਮ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ, ਜਿਸ ਵਿੱਚ ਬੀ.ਟੈਕ, ਬੀ.ਸੀ.ਏ., ਐਮ.ਸੀ.ਏ., ਐਮ.ਬੀ.ਏ., ਬੀ.ਬੀ.ਏ., ਬੀ.ਕਾਮ., ਬੀ.ਐੱਡ., ਖੇਤੀਬਾੜੀ ਤੇ ਹੋਰ ਵਿਸ਼ਿਆਂ ਸਮੇਤ ਕਈ ਵਿਸ਼ਿਆਂ ਵਿੱਚ ਲਗਭਗ 800 ਵਿਦਿਆਰਥੀ ਰਜਿਸਟਰੇਸ਼ਨਾਂ ਹੋਈਆਂ।ਵਿਭਾਗੀ ਪੱਧਰ 'ਤੇ ਇੱਕ ਸਖ਼ਤ ਸਕ੍ਰੀਨਿੰਗ ਪ੍ਰਕਿਰਿਆ ਤੋਂ ਬਾਅਦ 500 ਤੋਂ ਵੱਧ ਵਿਦਿਆਰਥੀਆਂ ਨੂੰ ਸ਼ਾਰਟਲਿਸਟ ਕੀਤਾ ਗਿਆ, ਜਿਸ ਵਿੱਚ 125+ ਟੀਮਾਂ ਬਣਾਈਆਂ ਗਈਆਂ, ਜਿਨ੍ਹਾਂ ਨੇ ਹੈਕਾਥਨ ਦੌਰਾਨ ਆਪਣੀ ਨਵੀਨਤਾ, ਸਮੱਸਿਆ ਹੱਲ ਕਰਨ ਦੇ ਹੁਨਰ ਤੇ ਤਕਨੀਕੀ ਮੁਹਾਰਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਹੈਕਾਥਨ ਦਾ ਮੁਲਾਂਕਣ ਤੇ ਨਿਰਣਾ ਉਦਯੋਗਿਕ ਪੇਸ਼ੇਵਰਾਂ ਦੇ ਇੱਕ ਵਿਸ਼ੇਸ਼ ਪੈਨਲ ਦੁਆਰਾ ਕੀਤਾ ਗਿਆ, ਜਿਸ ਵਿੱਚ [illegible] ਡਿਵੈਲਪਰ ਗਰੁੱਪ, ਜਲੰਧਰ ਦੇ ਕਮਿਊਨਿਟੀ ਆਰਗੇਨਾਈਜ਼ਰ ਸ. ਸਿਮਰਦੀਪ ਸਿੰਘ, [illegible] ਦੇ ਐਸੋਸੀਏਟ ਪ੍ਰੋਡਕਟ ਮੈਨੇਜਰ ਸ੍ਰੀ ਵੇਦਾਂਸ਼ ਤ੍ਰਿਪਾਠੀ, [illegible] ਦੇ ਸਹਿ-ਸੰਸਥਾਪਕ ਤੇ ਸੀਟੀਓ ਸ੍ਰੀ ਗੌਰਵ [illegible] ਤੇ ਡਾਟਾਵੇਵਜ਼ ਇੰਜੀਨੀਅਰ ਸ੍ਰੀ ਆਯੁਸ਼ ਕੁਮਾਰ ਤਿਵਾੜੀ, ਸਾਫਟਕਿੰਗੋ ਟੈਕਨਾਲੋਜੀ ਦੇ ਫਾਉਂਡਰ ਡਿਵੈਲਪਰ ਸ੍ਰੀ ਜੂਹੇਬ ਤੇ ਸਟੇਟ ਬੈਂਕ ਆਫ਼ ਇੰਡੀਆ ਦੇ ਸੀਨੀਅਰ ਐਸੋਸੀਏਟ ਸ੍ਰੀ ਸੁਰਜ ਮਿੱਤਲ ਸ਼ਾਮਲ ਸਨ।ਸਾਰੇ ਮਹਿਮਾਨਾਂ ਤੇ ਭਾਗੀਦਾਰਾਂ ਦਾ ਸਕੂਲ ਆਫ਼ ਸਕਿੱਲ ਡਿਵੈਲਪਮੈਂਟ ਦੀ ਐਸੋਸੀਏਟ ਡੀਨ ਡਾ. ਨਿਸ਼ਿਤਾ ਸਿੰਘ ਨੇ ਨਿੱਘਾ ਸਵਾਗਤ ਕੀਤਾ।ਬਾਬਾ ਫ਼ਰੀਦ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੀ ਪ੍ਰਿੰਸੀਪਲ ਡਾ. ਜਯੋਤੀ ਬਾਂਸਲ ਨੇ [illegible] ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਸਕੂਲ ਆਫ਼ ਸਕਿੱਲ ਡਿਵੈਲਪਮੈਂਟ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਡਾਕਖਾਨੇ ਦੇ ਅਧਿਕਾਰੀ ਤੇ ਕਰਮਚਾਰੀ ਹੋਏ ਲਾਪ੍ਰਵਾਹ, ਨਹੀਂ ਕਰਦੇ ਕਿਸੇ ਦਾ ਕੰਮ !

**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**

ਗੁਰੂ ਹਰਸਹਾਏ ਦਾ ਡਾਕਖਾਨਾ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਹਮੇਸ਼ਾ ਹੀ ਸੁਰਖੀਆਂ ਵਿੱਚ ਰਹਿੰਦਾ ਹੈ। ਜੇਕਰ ਗੱਲ ਕੀਤੀ ਜਾਵੇ ਡਾਕਖਾਨੇ ਵਿੱਚ ਕੰਮ ਕਰਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਤਾਂ ਅਕਸਰ ਹੀ ਦੇਖਣ ਨੂੰ ਮਿਲਦਾ ਹੈ ਕਿ ਡਾਕਖਾਨੇ ਦੇ ਅਧਿਕਾਰੀ ਤੇ ਕਰਮਚਾਰੀ ਕਿਸੇ ਵੀ ਖਾਤਾ ਧਾਰਕ ਦਾ ਜਲਦੀ ਕੰਮ ਕਰਕੇ ਖੁਸ਼ ਨਹੀਂ ਹਨ ਅਤੇ ਹਮੇਸ਼ਾ ਹੀ ਦੇਖਣ ਨੂੰ ਮਿਲਦਾ ਹੈ ਕਿ ਖਾਤਾਧਾਰਕ ਆਪਣਾ ਕੰਮ ਕਰਵਾਉਣ ਲਈ ਅਨੇਕਾਂ ਚੱਕਰ ਡਾਕਖਾਨੇ ਵਿੱਚ ਲਗਾਉਂਦਾ ਹੈ, ਪ੍ਰੰਤੂ ਉਸ ਦੇ ਬਾਵਜੂਦ ਉਸ ਦਾ ਕੰਮ ਨਹੀਂ ਕੀਤਾ ਜਾਂਦਾ ਅਤੇ ਉਸ ਨੂੰ ਖੱਜਲ ਖ਼ੁਆਰ ਹੋਣਾ ਪੈਂਦਾ ਹੈ। ਅੱਜ ਵੀ ਇੱਕ ਖਾਤਾ ਧਾਰਕ ਜਦ ਡਾਕਖਾਨੇ ਵਿੱਚ ਆਪਣੇ ਖਾਤੇ ਵਿੱਚੋਂ ਆਰ ਟੀ ਜੀ ਐੱਸ ਕਰਵਾਉਣ ਲਈ ਗਿਆ ਤਾਂ ਉਥੇ ਬੈਠੇ ਮੈਡਮ, ਜੋਕਿ ਪੋਸਟ ਮਾਸਟਰ ਹਨ, ਨੇ ਪਹਿਲਾਂ ਤਾਂ ਉਸ ਖਾਤਾਧਾਰਕ ਨੂੰ ਇਹ ਕਹਿ ਦਿੱਤਾ ਕਿ ਉਨ੍ਹਾਂ ਕੋਲ 10 ਲੱਖ ਤੋਂ ਉੱਪਰ ਆਰ ਟੀ ਜੀ ਐੱਸ ਕਰਨ ਦੀ ਪਾਵਰ ਨਹੀਂ ਹੈ। ਇਹ ਆਰ ਟੀ ਜੀ ਐੱਸ ਦੋ ਵੱਖ ਵੱਖ ਫਾਰਮ ਭਰ ਕੇ ਹੋਵੇਗੀ, ਤੁਸੀਂ ਵੱਖ ਵੱਖ ਫਾਰਮ ਭਰ ਕੇ ਲਿਆਓ। ਜਦੋਂ ਉਹ ਖਾਤਾਧਾਰਕ ਉਸ ਤੋਂ ਬਾਅਦ ਆਰ ਟੀ ਜੀ ਐੱਸ ਦੇ ਵੱਖ ਵੱਖ ਫਾਰਮ ਭਰ ਕੇ ਮੈਡਮ ਕੋਲ ਚਲਾ ਗਿਆ ਤਾਂ ਮੈਡਮ ਨੇ ਉਸ ਦਾ ਖਾਤਾ ਪਹਿਲਾਂ ਕੰਪਿਊਟਰ ਵਿੱਚ ਚੈੱਕ ਕੀਤਾ ਤੇ ਉਸ ਤੋਂ ਬਾਅਦ ਇਹ ਕਹਿ ਦਿੱਤਾ ਕਿ ਤੁਸੀਂ ਚਲੇ ਜਾਓ, ਤੁਹਾਡੀ ਆਰ ਟੀ ਜੀ ਐੱਸ ਕਰ ਦਿੱਤੀ ਜਾਵੇਗੀ। ਉਸ ਵਿਅਕਤੀ ਨੇ ਦੱਸਿਆ ਕਿ ਉਸ ਵੱਲੋਂ ਕਿਸੇ ਜਗ੍ਹਾ ਤੋਂ ਕੁਝ ਸਾਮਾਨ ਖ਼ੀਦਿਆ ਗਿਆ ਸੀ, ਉਸ ਨੇ ਉਸ ਦੁਕਾਨਦਾਰ ਨੂੰ 12 ਲੱਖ ਦੇ ਕਰੀਬ ਭੁਗਤਾਨ ਕਰਨਾ ਸੀ ਅਤੇ ਜੇਕਰ ਉਹ ਭੁਗਤਾਨ ਅੱਜ ਨਹੀਂ ਹੁੰਦਾ ਸੀ ਤਾਂ ਉਸ ਨੂੰ ਉਹ ਸਾਮਾਨ ਅਗਲੇ ਦਿਨ ਹਜ਼ਾਰਾਂ ਰੁਪਏ ਮਹਿੰਗੇ ਰੇਟ 'ਤੇ ਮਿਲਣਾ ਸੀ। ਉਸ ਖਾਤਾਧਾਰਕ ਨੇ ਦੱਸਿਆ ਕਿ ਉਸ ਨੇ ਤਿੰਨ ਘੰਟੇ ਕਰੀਬ ਇੰਤਜ਼ਾਰ ਕੀਤਾ, ਪ੍ਰੰਤੂ ਉਸ ਦੇ ਬਾਵਜੂਦ ਉਸ ਦੀ ਆਰ ਟੀ ਜੀ ਐੱਸ ਮੈਡਮ ਵੱਲੋਂ ਨਹੀਂ ਕੀਤੀ ਗਈ, ਜਿਸ ਕਰਕੇ ਉਸ ਨੂੰ ਉਹ ਸਾਮਾਨ ਉਸ ਦੁਕਾਨਦਾਰ ਵੱਲੋਂ ਨਹੀਂ ਦਿੱਤਾ ਗਿਆ ਤੇ ਉਸ ਦਾ ਹਜ਼ਾਰਾਂ ਰੁਪਏ ਦਾ ਨੁਕਸਾਨ ਹੋ ਗਿਆ। ਹੁਣ ਉਸ ਨੂੰ ਆਪਣੀ ਉਹ ਚੀਜ਼ ਵੱਧ ਰੇਟ 'ਤੇ ਲੈਣੀ ਪਵੇਗੀ।

ਉਧਰ ਸੂਤਰਾਂ ਦਾ ਕਹਿਣਾ ਹੈ ਕਿ ਹਰੇਕ ਡਾਕਖਾਨੇ ਦੇ ਪੋਸਟ ਮਾਸਟਰ ਕੋਲੋਂ 15 ਲੱਖ ਰੁਪਏ ਦੀ ਆਰ ਟੀ ਜੀ ਐੱਸ ਕਰਨ ਦਾ ਅਧਿਕਾਰ ਹੁੰਦਾ ਹੈ। ਹੋਰ ਵੀ ਖਾਤਾਧਾਰਕਾਂ ਨੇ ਦੱਸਿਆ ਕਿ ਇੱਥੇ ਕੰਮ ਕਰਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਖਾਤਾਧਾਰਕਾਂ ਨਾਲ ਸਹੀ ਵਰਤਾਵ ਨਹੀਂ ਕੀਤਾ ਜਾਂਦਾ। ਖਾਤਾਧਾਰਕਾਂ ਨੇ ਮਹਿਕਮੇ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।

## ਨਰਸਿੰਗ ਸਟਾਫ 'ਤੇ ਐਸਮਾ ਲਗਾਉਣ ਦੀ ਡੀ ਟੀ ਐੱਫ ਵੱਲੋਂ ਸਖ਼ਤ ਨਿੰਦਾ

### ਜਮਹੂਰੀ ਸੰਘਰਸ਼ ਨੂੰ ਡੰਡੇ ਨਾਲ ਦਬਾਉਣ ਦੀ ਥਾਂ ਸਰਕਾਰ ਗੱਲਬਾਤ ਦਾ ਦੌਰ ਚਲਾਵੇ : ਆਗੂ

**ਪਟਿਆਲਾ (ਰਾਜਿੰਦਰ ਥਿੰਦ)**-ਨਰਸਿੰਗ ਕੇਡਰ ਦੀ ਸੂਬਾ ਪੱਧਰੀ ਜਥੇਬੰਦੀ ਯੂਨਾਈਟਡ ਨਰਸਿਜ਼ ਐਸੋਸੀਏਸ਼ਨ ਆਫ ਪੰਜਾਬ ਦੀ ਲੱਗਭਗ ਇੱਕ ਹਫਤੇ ਤੋਂ ਚੱਲ ਰਹੇ ਹੜਤਾਲ ਰੂਪੀ ਸੰਘਰਸ਼ ਨੂੰ ਦਬਾਉਣ ਲਈ ਪੰਜਾਬ ਸਰਕਾਰ ਵੱਲੋਂ ਐਸਮਾ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਸਰਕਾਰ ਦੇ ਇਸ ਤਾਨਾਸ਼ਾਹੀ ਕਦਮ ਦੀ ਸਖ਼ਤ ਨਿਖੇਧੀ ਕਰਦਾ ਹੈ।ਡੀਟੀਐੱਫ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਤੇ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਨੇ ਕਿਹਾ ਕਿ ਜਥੇਬੰਦੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਯੂਨਾਈਟਡ ਨਰਸਿੰਗ ਸਟਾਫ ਐਸੋਸੀਏਸ਼ਨ ਵੱਲੋਂ ਰਜਿੰਦਰਾ ਹਸਪਤਾਲ ਪਟਿਆਲਾ ਸਮੇਤ ਬਾਕੀ ਥਾਵਾਂ 'ਤੇ ਕੀਤੇ ਜਾ ਰਹੇ ਜਮਹੂਰੀ ਸੰਘਰਸ਼ ਨੂੰ ਡੰਡੇ ਨਾਲ ਦਬਾਉਣ ਦੀ ਥਾਂ ਉਨ੍ਹਾਂ ਨਾਲ ਗੱਲਬਾਤ ਦਾ ਦੌਰ ਚਲਾਇਆ ਜਾਵੇ।ਗੌਰਤਲਬ ਹੈ ਕਿ 26 ਸਤੰਬਰ 2025 ਤੋਂ ਉਕਤ ਸਾਰੇ ਮੈਡੀਕਲ ਕਾਲਜਾਂ ਵਿੱਚ ਐਮਰਜੈਂਸੀ ਸੇਵਾਵਾਂ ਤੋਂ ਇਲਾਵਾ ਹੋਰ ਸਾਰੇ ਵਿਭਾਗਾਂ ਦੀਆਂ ਨਰਸਿੰਗ ਸੇਵਾਵਾਂ ਪੂਰੀ ਤਰ੍ਹਾਂ ਠੱਪ ਕੀਤੀਆਂ ਗਈਆਂ ਹਨ।ਅਧਿਆਪਕ ਆਗੂਆਂ ਕਿਹਾ ਕਿ ਨਰਸਿੰਗ ਸਟਾਫ ਨੂੰ ਪੰਜਾਬ ਪੇ ਸਕੇਲਾਂ ਅਧੀਨ ਲੈ ਕੇ ਛੇਵੇਂ ਪੰਜਾਬ ਪੇ ਕਮਿਸ਼ਨ ਸਮੇਤ 15 ਪ੍ਰਤੀਸ਼ਤ ਵਾਧਾ ਦਿੰਦੇ ਹੋਏ 4600 ਤਨਖਾਹ ਗ੍ਰੇਡ ਲਾਗੂ ਕੀਤਾ ਜਾਵੇ ਤੇ ਨਰਸਿੰਗ ਸਟਾਫ਼ ਨੂੰ ਬਣਦਾ ਇਨਸਾਫ ਦਿੱਤਾ ਜਾਵੇ। ਇਸ ਦੇ ਨਾਲ ਹੀ ਜਥੇਬੰਦੀ ਨਰਸਿੰਗ ਸਟਾਫ ਦੇ ਸੰਘਰਸ਼ ਨਾਲ ਪੂਰਨ ਇੱਕਜੁੱਟਤਾ ਜ਼ਾਹਰ ਕਰਦੀ ਹੈ।

## ਗੁਰਦੁਆਰਾ ਪ੍ਰਗਟ ਸਾਹਿਬ ਵਿਖੇ 19 ਨੂੰ ਹੋਵੇਗਾ ਜੱਟ ਮਹਾਂ-ਸੰਮੇਲਨ

**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਗੁਰਦੁਆਰਾ ਸ੍ਰੀ ਗੁਰੂ ਦਰਸ਼ਨ ਪ੍ਰਕਾਸ਼ ਜੰਮੂ ਫੱਤੂ ਦੀਆਂ ਟਾਹਲੀਆਂ ਵਿਖੇ ਜੱਟ ਮਹਾਂਸਭਾ ਦੀ ਜ਼ਿਲ੍ਹਾ ਪੱਧਰੀ ਇੱਕ ਅਹਿਮ ਮੀਟਿੰਗ ਕੀਤੀ ਗਈ। ਸਭ ਤੋਂ ਪਹਿਲਾਂ ਪੰਜਾਬੀ ਗਾਇਕ ਰਾਜਵੀਰ ਜਵੰਧਾ ਦੇ ਹੋਏ ਭਿਆਨਕ ਐਕਸੀਡੈਂਟ ਨਾਲ ਸੰਬੰਧਤ ਉਸ ਦੀ ਤੰਦਰੁਸਤੀ ਦੀ ਕਾਮਨਾ ਲਈ ਅਰਦਾਸ ਬੇਨਤੀ ਕੀਤੀ ਗਈ, ਤਾਂ ਜੁ ਉਹ ਜਲਦੀ ਠੀਕ ਹੋ ਕੇ ਆਪਣੇ ਪਰਵਾਰ ਅਤੇ ਆਪਣੇ ਚਾਹੁਣ ਵਾਲਿਆਂ ਵਿੱਚ ਮੌਜੂਦ ਹੋਵੇ। ਇਸ ਉਪਰੰਤ ਮੀਟਿੰਗ ਕੀਤੀ ਗਈ, ਜਿਸ ਵਿੱਚ ਦੱਸਿਆ ਗਿਆ ਕਿ 19 ਅਕਤੂਬਰ ਨੂੰ ਜੱਟ ਮਹਾ ਸੰਮੇਲਨ ਗੁਰਦੁਆਰਾ ਪ੍ਰਗਟ ਸਾਹਿਬ ਵਿਖੇ ਕਰਾਇਆ ਜਾ ਰਿਹਾ, ਜਿਸ ਵਿੱਚ ਜੱਟਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਵਿੱਚ, ਨੌਕਰੀਆਂ ਵਿੱਚ ਤੇ ਹੋਰ ਆਉਣ ਵਾਲੀਆਂ ਮੁਸ਼ਕਿਲਾਂ ਦੇ ਸੰਬੰਧ ਦੇ ਵਿੱਚ ਵਿਚਾਰਿਆ ਜਾਵੇਗਾ।ਇਕੱਠੇ ਹੋਏ ਆਗੂਆਂ ਨੇ ਕਿਹਾ ਕਿ ਇਹ ਮਹਾਂਸਭਾ ਕੋਈ ਸਿਆਸੀ ਮਹਾਂਸਭਾ ਨਹੀਂ ਹੋਵੇਗੀ ਤੇ ਨਾ ਹੀ ਕਿਸੇ ਨੂੰ ਕਿਸੇ ਪਾਰਟੀ ਨਾਲੋਂ ਤੋੜਿਆ ਜਾਵੇਗਾ, ਜੋ ਵੀ ਵਿਅਕਤੀ ਪਹਿਲਾਂ ਕਿਸੇ ਪਾਰਟੀ ਨਾਲ ਜੁੜਿਆ ਹੈ, ਉਹ ਉੱਥੇ ਹੀ ਵੋਟਾਂ ਪਾ ਸਕਦਾ ਹੈ।ਇਹ ਇੱਕ ਗ਼ੈਰ ਸਿਆਸੀ ਮਹਾਂਸਭਾ ਹੋਵੇਗੀ, ਉਥੇ ਪਹੁੰਚੇ ਜੱਟ ਭਾਈਚਾਰੇ ਦੇ ਲੋਕਾਂ ਨੇ ਕਿਹਾ ਕਿ ਸਾਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਦੇਸ਼ ਅਜ਼ਾਦ ਹੋਣ ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਜਦੋਂ ਕਿਸੇ ਜੱਟ ਭਾਈਚਾਰੇ ਦੀ ਮਹਾਂਸਭਾ ਬਣਨ ਜਾ ਰਹੀ ਹੈ, ਜਿੱਥੇ ਜੱਟ ਭਾਈਚਾਰੇ ਦੇ ਲੋਕ ਆਪਣੀਆਂ ਮੁਸ਼ਕਲਾਂ ਦੱਸ ਸਕਦੇ ਹਨ ਤੇ ਹੱਲ ਕਰਾ ਸਕਦੇ ਹਨ, ਜਿਨ੍ਹਾਂ ਨੂੰ ਲੈ ਕੇ ਪਿੰਡਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਹੋਰ ਲੋਕਾਂ ਨੂੰ ਵੀ ਅਪੀਲ ਕਰਦਿਆਂ ਆਖਿਆ ਕਿ ਜਿਹੜੇ ਪਿੰਡਾਂ 'ਚ ਅਜੇ ਤੱਕ ਕੋਈ ਕਮੇਟੀ ਨਹੀਂ ਬਣੀ ਉਹ ਪਹਿਲ ਦੇ ਆਧਾਰ 'ਤੇ ਕਮੇਟੀਆਂ ਬਣਾ ਕੇ ਇਸ ਸਭਾ ਵਿੱਚ ਪਹੁੰਚ ਸਕਦੇ ਹਨ।

## ਮਹਾਰਾਜਾ ਅਗਰਸੈਨ ਜਯੰਤੀ ਮੌਕੇ ਵਿਜੈ ਸਿੰਗਲਾ ਨੇ ਕੀਤੀ ਸ਼ਿਰਕਤ



**ਬੁਢਲਾਡਾ (ਅਸ਼ੋਕ ਲਾਕੜਾ)**

ਮਹਾਰਾਜਾ ਅਗਰਸੈਨ ਜਯੰਤੀ ਤੇ ਪਰਵਾਰ ਮਿਲਣ ਦਾ ਪ੍ਰੋਗਰਾਮ ਅੱਗਰਵਾਲ ਵੈਲਫੇਅਰ ਸਭਾ ਬੁਢਲਾਡਾ ਵੱਲੋਂ ਸ਼ਿਵ ਸ਼ਕਤੀ ਭਵਨ ਵਿਖੇ ਰੱਖਿਆ ਗਿਆ।ਅਗਰਵਾਲ ਸਮਾਜ ਸਭਾ ਦੇ ਮੈਂਬਰ ਰਕੇਸ਼ ਜੈਨ ਨੇ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਅਗਰਵਾਲ ਸਮਾਜ ਦੇ ਸੀਨੀਅਰ ਲੀਡਰ ਤੇ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਅਸ਼ੋਕ ਗਰਗ, ਮਾਨਸਾ ਜ਼ਿਲ੍ਹੇ ਤੋਂ ਪ੍ਰਧਾਨ ਵਿਨੋਦ ਪੰਮਾ ਤੇ ਹਿਸਾਰ ਤੋਂ ਅਨੰਤ ਰਾਸ਼ਟਰੀ ਯੁਵਾ ਪ੍ਰਧਾਨ ਅਤੇ ਵੱਖ ਵੱਖ ਸੰਸਥਾਵਾਂ ਜਿਵੇਂ ਬੋਹਾ ਤੋਂ ਅਗਰਵਾਲ ਸਭਾ, ਜ਼ਿਲ੍ਹਾ ਮਾਨਸਾ ਤੋਂ ਅਗਰਵਾਲ ਸਭਾ ਅਤੇ ਹੋਰ ਸੰਸਥਾਵਾਂ ਨੇ ਭਾਗ ਲਿਆ, ਜਿਸ ਵਿੱਚ ਸਭ ਵੱਲੋਂ ਵਧੀਆ ਢੰਗ ਨਾਲ ਸੰਸਥਾ ਦਾ ਸਹਿਯੋਗ ਕੀਤਾ ਗਿਆ ਤੇ ਸਮਾਜਿਕ ਗੱਲਬਾਤਾਂ ਰਾਹੀਂ ਭਾਈਚਾਰੇ ਨੂੰ ਮਜ਼ਬੂਤ ਕਰਨ ਤੇ ਜ਼ੋਰ ਦਿੱਤਾ ਗਿਆ, ਜਿਸ ਵਿੱਚ ਜ਼ਿਲ੍ਹਾ ਮਾਨਸਾ ਦੇ ਐਮ ਐਲ ਏ ਸ੍ਰੀ ਵਿਜੇ ਸਿੰਗਲਾ ਜੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਇਸ ਪ੍ਰੋਗਰਾਮ ਵਿਚ ਪਹੁੰਚੇ।ਸਮੂਹ ਅਗਰਵਾਲ ਸਮਾਜ ਵੱਲੋਂ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਤੇ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਅਸ਼ੋਕ ਗਰਗ ਅਗਰਵਾਲ ਸਮਾਜ ਸੀਨੀਅਰ ਮੀਤ ਪ੍ਰਧਾਨ ਪੰਜਾਬ ਵੱਲੋਂ ਕਿਹਾ ਗਿਆ ਕਿ ਮਹਾਰਾਜਾ ਅਗਰਸੈਨ ਜੀ ਦੀਆਂ ਸਿੱਖਿਆਵਾਂ ਨੂੰ ਨਵੀਂ ਪੀੜ੍ਹੀ ਤੱਕ ਜਾਣੂ ਕਰਾਉਣਾ ਅਗਰਵਾਲ ਸਮਾਜ ਦਾ ਇਕ ਸ਼ਾਨਦਾਰ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਹਰ ਸਾਲ ਅਜਿਹੀਆਂ ਜੈਯੰਤੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੁ ਅੱਜ ਦੀ ਨੌਜਵਾਨ ਪੀੜ੍ਹੀ ਮਹਾਰਾਜਾ ਅਗਰਸੈਨ ਜੀ ਦੇ ਦਰਸਾਏ ਮਾਰਗ, ਸਮਾਜਿਕ ਸੇਵਾ, ਏਕਤਾ ਅਤੇ ਨਿਆਂ ਦੇ ਮੂਲ ਮੰਤਰ ਧਾਰ ਕੇ ਇੱਕ ਸਫ਼ਲ ਜੀਵਨ ਜੀਅ ਸਕਣ। ਇਸ ਮੌਕੇ ਛੋਟੇ ਛੋਟੇ ਬੱਚਿਆਂ ਵੱਲੋਂ ਅਗਰਵਾਲ ਸਮਾਜ ਸੰਬੰਧੀ ਇੱਕ ਨਾਟਕ ਵੀ ਖੇਡਿਆ ਗਿਆ। ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਸ਼ਿਵ ਕੁਮਾਰ ਕਾਂਸਲ ਵ.ਲੋਂ ਬਾਖੂਬੀ ਨਿਭਾਈ ਗਈ।

# ਚੇਅਰਮੈਨ ਬਰਸਟ ਵੱਲੋਂ ਵੱਖ-ਵੱਖ ਲਿੰਕ ਸੜਕਾਂ ਦੇ ਨਵੀਨੀਕਰਨ ਦਾ ਉਦਘਾਟਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿੱਚ ਵਿਕਾਸ ਦੀ ਲਹਿਰ ਦੌੜ ਰਹੀ ਹੈ। ਸੂਬਾ ਸਰਕਾਰ ਵੱਲੋਂ ਪਿੰਡਾਂ ਦੀ ਤਰੱਕੀ ਨੂੰ ਤਰਜੀਹ ਦਿੰਦਿਆਂ ਹੋਇਆ ਰੂਰਲ ਇਨਫ੍ਰਾਸਟਰਕਚਰ ਨੂੰ ਮਜ਼ਬੂਤ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਤਹਿਤ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਨਵੀਨੀਕਰਨ ਤੇ ਮੁਰੰਮਤ ਦੇ ਕੰਮ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰ. ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋਂ ਹਲਕਾ ਸਮਾਣਾ ਦੇ ਪਿੰਡਾਂ ਦੀਆਂ ਵੱਖ-ਵੱਖ ਲਿੰਕ ਸੜਕਾਂ ਦੇ ਨਵੀਨੀਕਰਨ ਦੇ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ ਗਿਆ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਬਰਸਟ ਵੱਲੋਂ ਸਮਾਣਾ-ਪਟਿਆਲਾ ਰੋਡ ਤੋਂ ਅਸਰਪੁਰ ਜਾਣ ਵਾਲੀ ਲਿੰਕ ਰੋਡ ਦੀ ਉਸਾਰੀ ਦੇ ਕਾਰਜਾਂ ਦਾ ਉਦਘਾਟਨ ਕੀਤਾ ਗਿਆ।ਇਹ 2.90 ਕਿਲੋਮੀਟਰ ਲੰਬਾਈ ਵਾਲੀ ਲਿੰਕ ਰੋਡ ਕਰੀਬ 79.63 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ।ਇਸੇ ਤਰ੍ਹਾਂ 1.72 ਕਿਲੋਮੀਟਰ ਲੰਬਾਈ ਵਾਲੀ ਪਟਿਆਲਾ-ਸਮਾਣਾ ਰੋਡ ਤੋਂ ਚੁੱਪਕੀ ਵਾਇਆ ਫਿਜ਼ੀਕਲ ਕਾਲਜ ਲਿੰਕ ਰੋਡ ਬਣਾਉਣ ਦਾ ਕੰਮ ਵੀ ਸ਼ੁਰੂ ਕਰਵਾਇਆ ਗਿਆ, ਜੋ ਲਗਭਗ 45.16 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ।ਇਸੇ ਤਰ੍ਹਾਂ 2 ਕਿਲੋਮੀਟਰ ਲੰਬਾਈ ਵਾਲੀ ਪਟਿਆਲਾ-ਸਮਾਣਾ ਰੋਡ ਤੋਂ ਬਹਾਦੁਰਗੜ੍ਹ ਵਾਇਆ ਲਾਲਗੜ੍ਹ ਲਿੰਕ ਰੋਡ ਦੀ ਉਸਾਰੀ ਦੇ ਕਾਰਜਾਂ ਦੀ ਸ਼ੁਰੂਆਤ ਵੀ ਕਰਵਾਈ ਗਈ, ਜਿਸ 'ਤੇ ਕਰੀਬ 36.40 ਲੱਖ ਰੁਪਏ ਖਰਚ ਆਵੇਗਾ। ਫਤਿਹਪੁਰ ਤੋਂ ਮਿਆਲ ਕਲਾਂ ਲਿੰਕ ਰੋਡ, ਜਿਸ ਦੀ ਲੰਬਾਈ 1.70 ਕਿਲੋਮੀਟਰ ਹੈ, ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ ਗਿਆ ਹੈ, ਜਿਸ 'ਤੇ 44.49 ਲੱਖ ਰੁਪਏ ਖਰਚ ਆਵੇਗਾ।

ਇਸ ਤੋਂ ਇਲਾਵਾ ਸ੍ਰ. ਬਰਸਟ ਵੱਲੋਂ ਕਰੀਬ 6.56 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀ 13.30 ਕਿਲੋਮੀਟਰ ਲੰਬਾਈ ਵਾਲੀ ਸਮਾਣਾ ਤੋਂ ਗੱਜੂਮਾਜਰਾ ਤੇ ਕੁਤਬਨਪੁਰ (ਪਿੰਡ ਗੱਜੂਮਾਜਰਾ, ਲਲੌਛੀ, ਦਾਨੀਪੁਰ, ਮਾਜਰੀ ਕੁਤਬਨਪੁਰ) ਲਿੰਕ ਰੋਡ, 5.34 ਕਿਲੋਮੀਟਰ ਲੰਬਾਈ ਵਾਲੀ ਪਟਿਆਲਾ-ਸਮਾਣਾ ਰੋਡ ਤੋਂ ਸਮਾਣਾ ਧਨੌਰੀ ਰੋਡ ਵਾਇਆ ਫਤਿਹਪੁਰ ਕਾਕੜਾ (ਪਿੰਡ ਫਤਿਹਪੁਰ ਕਾਕੜਾ ਤੇ ਜਮਾਲਪੁਰ) ਜਾਣ ਵਾਲੀ ਲਿੰਕ ਸੜਕ, ਜਿਸੇ ਤੇ ਲਗਭਗ 1.32 ਕਰੋੜ ਰੁਪਏ ਖਰਚ ਆਵੇਗਾ ਤੇ ਪਟਿਆਲਾ-ਸੰਗਰੂਰ ਰੋਡ ਤੋਂ ਭੇਡਪੁਰਾ ਜਾਣ ਵਾਲੀ ਲਿੰਕ ਸੜਕ, ਜਿਸ 'ਤੇ ਕਰੀਬ 11.86 ਲੱਖ ਰੁਪਏ ਖਰਚ ਆਵੇਗੀ, ਦੀ ਉਸਾਰੀ ਦੇ ਕੰਮ ਵੀ ਸ਼ੁਰੂ ਕਰਵਾਏ ਗਏ ਹਨ।ਇਸ ਦੌਰਾਨ ਸਮੂੰਹ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਵਿਕਾਸਕਾਰੀ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸ. ਬਰਸਟ ਦਾ ਧੰਨਵਾਦ ਕੀਤਾ।

## ਪੁਰਾਣੀ ਪੈਨਸ਼ਨ ਸਾਡਾ ਜਮਹੂਰੀ ਅਧਿਕਾਰ, ਅੱਜ ਕਰਾਂਗੇ ਭੁੱਖ ਹੜਤਾਲ-ਹੀਰੇਵਾਲਾ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ 'ਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਦਾ ਮਾਮਲਾ ਪਿਛਲੇ ਕਈ ਸਾਲਾਂ ਤੋਂ 'ਊਠ ਦੇ ਬੁੱਲ੍ਹ' ਵਾਂਗ ਲਟਕ ਰਿਹਾ ਹੈ, ਜਿਸ ਦੀ ਬਹਾਲੀ ਲਈ ਸੀ ਪੀ ਐੱਫ ਕਰਮਚਾਰੀ ਯੂਨੀਅਨ ਪੰਜਾਬ ਤੇ ਨੈਸ਼ਨਲ ਮੂਵਮੈਂਟ ਫ਼ਾਰ ਓਲਡ ਪੈਨਸ਼ਨ ਸਕੀਮ ਦੇ ਸੱਦੇ 'ਤੇ 1 ਅਕਤੂਬਰ ਨੂੰ ਪੰਜਾਬ ਵਿੱਚ ਇੱਕ ਰੋਜ਼ਾ ਭੁੱਖ ਹੜਤਾਲ ਕਰਨ ਦਾ ਐਲਾਨ ਕੀਤਾ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਤੇ ਜਨਰਲ ਸਕੱਤਰ ਮਲਕੀਤ ਸਿੰਘ ਖਿਆਲਾ ਨੇ ਦੱਸਿਆ ਕਿ ਸੂਬੇ ਦੇ ਸਮੂਹ ਕਰਮਚਾਰੀ ਜ਼ਿਲ੍ਹਾ ਪੱਧਰ 'ਤੇ ਮੁੱਖ ਦਫ਼ਤਰਾਂ 'ਚ ਭੁੱਖ ਹੜਤਾਲ 'ਤੇ ਬੈਠਣਗੇ ਤੇ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸਰਕਾਰਾਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਲਈ ਲਗਾਤਾਰ ਟਾਲ-ਮਟੋਲ ਕਰ ਰਹੀਆਂ ਹਨ ਤੇ ਪੰਜਾਬ ਸਰਕਾਰ ਨੇ ਇਸ ਸਬੰਧੀ ਜਾਰੀ ਕੀਤਾ ਅਧੂਰਾ ਨੋਟੀਫ਼ਿਕੇਸ਼ਨ ਵੀ ਲਟਕਾ ਕੇ ਰੱਖਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਪੁਰਾਣੀ ਪੈਨਸ਼ਨ ਤੋਂ ਬਿਨਾਂ ਕਰਮਚਾਰੀਆਂ ਦੀ ਸਮਾਜਿਕ ਸੁਰੱਖਿਆ ਸੰਭਵ ਨਹੀਂ ਹੈ, ਜਿਸ ਦੀ ਬਹਾਲੀ ਲਈ ਉਹ ਲਗਾਤਾਰ ਸੰਘਰਸ਼ ਦੇ ਮੈਦਾਨ 'ਚ ਹਨ ਤੇ ਹੁਣ ਉਨ੍ਹਾਂ ਵੱਲੋਂ ਪੰਜਾਬ ਭਰ 'ਚ ਜ਼ਿਲ੍ਹਾ ਮੁੱਖ ਦਫ਼ਤਰਾਂ 'ਤੇ 1 ਅਕਤੂਬਰ ਨੂੰ ਇੱਕ ਰੋਜ਼ਾ ਭੁੱਖ ਹੜਤਾਲ ਕੀਤੀ ਜਾਵੇਗੀ। ਉਨ੍ਹਾਂ ਸਮੂਹ ਕਰਮਚਾਰੀਆਂ ਨੂੰ 1 ਅਕਤੂਬਰ ਨੂੰ ਸਮੇਂ ਸਿਰ ਆਪੋ-ਆਪਣੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਮੂਹਰੇ ਕੀਤੀ ਜਾਣ ਵਾਲੀ ਭੁੱਖ ਹੜਤਾਲ 'ਚ ਵੱਡੀ ਗਿਣਤੀ ਵਿੱਚ ਪੁੱਜਣ ਦਾ ਸੱਦਾ ਵੀ ਦਿੱਤਾ।ਇਸ ਦੇ ਨਾਲ ਹੀ 1 ਅਕਤੂਬਰ ਨੂੰ ਸਵੇਰੇ 11 ਵਜੇ ਤੋਂ ਦੇਸ਼ ਭਰ ਦੇ ਮੁਲਾਜ਼ਮਾਂ ਵੱਲੋਂ ਟਵਿੱਟਰ ਅਭਿਆਨ ਚਲਾਇਆ ਜਾਵੇਗਾ, ਜਿਸ ਵਿੱਚ ਕੇਂਦਰ ਤੇ ਰਾਜ ਸਰਕਾਰਾਂ ਨੂੰ ਯਾਦ ਪੱਤਰ ਭੇਜੇ ਜਾਣਗੇ।

## ਡੀ ਐੱਮ ਕਾਲਜ ਵਿਖੇ ਰੈੱਡ ਰਿਬਨ ਕਲੱਬਾਂ ਦੇ ਪ੍ਰੋਗਰਾਮ ਕੋਆਰਡੀਨੇਟਰਾਂ ਦੀ ਮੀਟਿੰਗ

### 26 ਰੈੱਡ ਰਿਬਨ ਕਲੱਬਾਂ ਨੂੰ ਸਾਲ 2025-26 ਦੀ ਸਾਲਾਨਾ ਗ੍ਰਾਂਟ ਜਾਰੀ




**ਮੋਗਾ (ਇਕਬਾਲ ਸਿੰਘ ਖਹਿਰਾ)**-ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ, ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਚੰਡੀਗੜ੍ਹ ਦੇ ਸਹਿਯੋਗ ਨਾਲ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਮੋਗਾ ਸ੍ਰ. ਦਵਿੰਦਰ ਸਿੰਘ ਲੋਟੇ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਕੰਮ ਕਰ ਰਹੀਆਂ ਰੈੱਡ ਰਿਬਨ ਕਲੱਬਾਂ ਦੇ ਕੋਆਰਡੀਨੇਟਰਾਂ ਦੀ ਜ਼ਿਲ੍ਹਾ ਪੱਧਰੀ ਐਡਵੋਕੇਸੀ ਮੀਟਿੰਗ ਡੀ. ਐੱਮ. ਕਾਲਜ ਆਫ ਐਜੂਕੇਸ਼ਨ ਮੋਗਾ ਵਿਖੇ ਕੀਤੀ ਗਈ।ਇਸ ਮੀਟਿੰਗ ਦੌਰਾਨ ਜ਼ਿਲ੍ਹੇ ਦੀਆਂ 26 ਰੈੱਡ ਰਿਬਨ ਕਲੱਬਾਂ ਨੂੰ ਸਾਲ 2025-26 ਦੀ ਸਾਲਾਨਾ ਗ੍ਰਾਂਟ ਜਾਰੀ ਕੀਤੀ ਗਈ। ਇਸ ਮੌਕੇ ਦਵਿੰਦਰ ਸਿੰਘ ਲੋਟ ਨੇ ਦੱਸਿਆ ਕਿ ਕਾਲਜਾਂ ਵਿੱਚ ਕੰਮ ਕਰ ਰਹੀਆਂ ਰੈੱਡ ਰਿਬਨ ਕਲੱਬਾਂ ਵੱਲੋਂ ਪਿੰਡਾਂ ਵਿੱਚ ਨਸ਼ਿਆਂ, ਐੱਚ ਆਈ ਵੀ/ਏਡਜ਼, ਟੀ ਬੀ ਤੋਂ ਬਚਾਅ ਤੇ ਖ਼ੂਨਦਾਨ ਸਬੰਧੀ ਨੌਜਵਾਨਾਂ ਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।ਮੀਟਿੰਗ ਵਿੱਚ ਸਾਲ 2025-26 ਦੌਰਾਨ ਰੈੱਡ ਰਿਬਨ ਕਲੱਬਾਂ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਵੀ ਸਮੀਖਿਆ ਕੀਤੀ ਗਈ।ਅੰਮ੍ਰਿਤਪਾਲ ਸਿੰਘ, ਡੀ.ਆਈ.ਐੱਸ. ਐੱਚ. ਏ. ਫਿਰੋਜ਼ਪੁਰ ਵੱਲੋਂ ਐੱਚ ਆਈ ਵੀ/ਏਡਜ਼ ਦੇ ਲੱਛਣ ਤੇ ਟੈਸਟਿੰਗ ਸੈਂਟਰਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।ਵਿਭਾਗ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੀਟਿੰਗ ਵਿੱਚ 26 ਕਾਲਜਾਂ ਦੇ ਨੋਡਲ ਇੰਚਾਰਜ/ਨੋਡਲ ਅਫਸਰਾਂ ਤੇ ਰੈੱਡ ਰਿਬਨ ਕਲੱਬਾਂ ਦੇ ਵਲੰਟੀਅਰਾਂ ਨੇ ਭਾਗ ਲਿਆ।ਇਸ ਦੌਰਾਨ ਗੁਰਪ੍ਰੀਤ ਸਿੰਘ ਘਾਲੀ, ਮਨਵੀਨ ਕੌਰ, ਅਨੁਪਮਾ ਸ਼ਰਮਾ, ਡਾ. ਗੁਰਜੀਤ ਕੌਰ, ਹਰਮੇਲ ਸਿੰਘ, ਵਿਸ਼ਾਲਜੀਤ ਕੌਰ, ਡਾ. ਸੋਨੀਆ ਜਿੰਦਲ, ਅੰਜਲੀ, ਹਰਜਿੰਦਰ ਕੌਰ, ਡਾ. ਬਲਜੀਤ ਕੌਰ, ਅਮਨਦੀਪ ਕੌਰ, ਨੀਲਮ, ਤਮੰਨਾ ਸ਼ਰਮਾ, ਮਨਿੰਦਰ ਕੌਰ, ਇੰਤਜ਼ਾਰ ਹੁਸੈਨ, ਸੁਖਪ੍ਰੀਤ ਕੌਰ, ਜੋਸਫ ਆਦਿ ਹਾਜ਼ਰ ਸਨ।

# 2364 ਈ ਟੀ ਟੀ ਅਧਿਆਪਕ ਭਰਤੀ ਨੂੰ ਪੂਰਾ ਕਰਨ 'ਚ ਸਰਕਾਰ ਹੋ ਰਹੀ ਨਾਕਾਮ : ਮਦਨ ਕਚੂਰਾ



**ਮੰਡੀ ਘੁਬਾਇਆ (ਬਲਵਿੰਦਰ ਸਿੰਘ)**

ਈਟੀਟੀ 2364 ਭਰਤੀ ਦੀ ਮੀਟਿੰਗ ਬਠਿੰਡੇ ਵਿਖੇ ਕੀਤੀ ਗਈ, ਜਿਸ ਵਿੱਚ 2364 ਭਰਤੀ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਬੇਸ਼ੱਕ 2364 ਭਰਤੀ 'ਚ 5 ਸਾਲ ਲੰਮੇ ਸੰਘਰਸ਼ ਤੋਂ ਬਾਅਦ ਨਾਮਾਤਰ ਅਧਿਆਪਕਾਂ ਨੂੰ ਸਕੂਲਾਂ ਵਿਚ ਭੇਜ ਦਿੱਤਾ ਗਿਆ ਹੈ, ਉਸ ਦਿਨ ਤੋਂ ਬਾਅਦ ਸਰਕਾਰ ਤੇ ਸਿੱਖਿਆ ਵਿਭਾਗ ਫੇਰ ਕੁੰਭਕਰਨੀ ਨੀਂਦ ਸੌਂ ਚੁੱਕਾ ਹੈ। ਅੱਜ ਵੀ ਪੰਜਾਬ ਦੇ ਸੈਂਕੜੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਹੈ, ਜਿਵੇਂ ਸਰਕਾਰੀ ਪ੍ਰਾਇਮਰੀ ਸਕੂਲ ਭਿੰਡੀਆਂ ਸੈਦਾ ਜ਼ਿਲ੍ਹਾ ਅੰਮ੍ਰਿਤਸਰ ਬੱਚੇ 1200 ਤੇ ਅਧਿਆਪਕ 3। ਪਿਛਲੇ ਦਿਨੀਂ ਆਮ ਆਦਮੀ ਪਾਰਟੀ ਦੇ ਐਮਐਲਏ ਨੂੰ 2364 ਭਰਤੀ ਦੀ ਸੈਕਿੰਡ ਲਿਸਟ ਬਾਰੇ ਮੰਗ ਪੱਤਰ ਦਿੱਤੇ ਗਏ ਤੇ ਅਸੀਂ ਸਰਕਾਰ ਤੇ ਸਿੱਖਿਆ ਵਿਭਾਗ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜਲਦੀ ਭਰਤੀ ਕੰਪਲੀਟ ਨਾ ਕੀਤੀ ਤਾਂ ਮਜਬੂਰਨ ਸਾਨੂੰ ਗੁਪਤ ਐਕਸ਼ਨ ਲੈਣੇ ਪੈਣਗੇ। ਈ.ਟੀ.ਟੀ 2364 ਭਰਤੀ ਦੀ ਸੈਕਿੰਡ ਲਿਸਟ ਤੇ ਪੋਸਟਾਂ ਡੀ ਰਿਜ਼ਰਵ ਨੂੰ ਲੈ ਕੇ ਮੀਟਿੰਗ ਕੀਤੀ। ਮੀਟਿੰਗ 'ਚ ਵੱਡੀ ਗਿਣਤੀ 'ਚ ਦੂਜੀ ਲਿਸਟ ਵਾਲੇ ਸਕਰੂਟਨੀ ਕਰਾ ਚੁੱਕੇ ਬੇਰੁਜ਼ਗਾਰ ਅਧਿਆਪਕ ਹਾਜ਼ਰ ਹੋਏ ਮੀਟਿੰਗ ਦੀ ਅਗਵਾਈ ਮਦਨ ਸਿੰਘ ਕਚੂਰਾ, ਮਲਕੀਤ ਸਿੰਘ ਕਾਠਗੜ੍ਹ, ਸੁਖਦੇਵ ਸਿੰਘ, ਲਖਵਿੰਦਰ ਸਿੰਘ ਚੰਦ ਸਿੰਘ, ਰਣਜੀਤ ਸੰਗਰੂਰ ਲਖਵਿੰਦਰ ਮਾਨਸਾ, ਮਲਕੀਤ ਸਿੰਘ, ਪਰਮਜੀਤ ਫ਼ਾਜ਼ਿਲਕਾ ਨੇ ਕੀਤੀ।ਮੀਟਿੰਗ 'ਚ ਈਟੀਟੀ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਗਸੀਰ ਸਿੰਘ ਸਹੋਤਾ ਜੀ, ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਢਾਬਾਂ, ਰਣਜੀਤ ਸਿੰਘ ਭਲਾਈਆਣਾ ਮਾਲਵਾ ਜੋਨ ਪ੍ਰਧਾਨ ਪੰਜਾਬ ਵਿਸ਼ੇਸ਼ ਤੌਰ 'ਤੇ ਮੀਟਿੰਗ ਹਾਜ਼ਰੀ ਲਗਵਾਈ, ਬੇਰੁਜ਼ਗਾਰ ਅਧਿਆਪਕਾਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਸਰਕਾਰ ਡੰਗ ਟਪਾਊ ਨੀਤੀ ਅਪਣਾ ਕੇ ਸਮਾਂ ਕੱਢ ਰਹੀ ਹੈ।ਈ.ਟੀ.ਟੀ 2364 ਪਹਿਲੀ ਲਿਸਟ ਵਾਲੇ ਅਧਿਆਪਕਾਂ ਨੂੰ ਜੁਆਇਨ ਕੀਤੇ ਲਗਭਗ ਸਾਲ ਦੇ ਕਰੀਬ ਹੋਣ ਵਾਲਾ ਹੈ, ਅਜੇ ਤੱਕ ਦੂਜੀ ਲਿਸਟ ਅਤੇ ਉਸ ਤੋਂ ਬਾਅਦ ਡੀ ਰਿਜਰਵ ਪੋਸਟਾਂ ਕਰਨ ਵਿੱਚ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਨਾਕਾਮ ਰਹੀ ਹੈ, ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵਿੱਚ ਯੂਨੀਅਨ ਨੂੰ ਹਮੇਸ਼ਾ ਲਾਰਾ ਹੀ ਮਿਲਿਆ ਹੈ।ਬੇਰੁਜ਼ਗਾਰ ਅਧਿਆਪਕ ਸਰਕਾਰ ਤੇ ਸਿੱਖਿਆ ਵਿਭਾਗ ਤੋਂ ਖ਼ਫ਼ਾ ਹੁੰਦੇ ਹੋਏ ਕੇਡਰ ਨੂੰ ਲਾਮਬੰਦ ਕਰ ਕੇ ਵੱਡੇ ਪੱਧਰ 'ਤੇ ਆਉਣ ਵਾਲੇ ਦਿਨਾਂ ਵਿੱਚ ਭਰਤੀ ਨੂੰ ਪੂਰਾ ਕਰਾਉਣ ਲਈ ਡੀ.ਪੀ.ਆਈ ਦਫ਼ਤਰ ਧਰਨਾ ਦਿੱਤਾ ਜਾਵੇਗਾ।ਈ.ਟੀ.ਟੀ 2364 ਕੇਡਰ ਨੂੰ ਤਿਆਰ ਬਰ ਤਿਆਰ ਰਹਿਣ ਲਈ ਕਿਹਾ ਗਿਆ।

## ਵਿਆਹੁਤਾ ਨੂੰ ਅੱਗ ਲਾ ਕੇ ਸਾੜਨ ਦੇ ਦੋਸ਼ 'ਚ ਸਹੁਰਾ ਪਰਵਾਰ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਨਜ਼ਦੀਕੀ ਪਿੰਡ ਨੂਰਪੁਰ ਸੇਠਾਂ ਵਿਖੇ ਵਿਆਹੁਤਾ ਨੂੰ ਅੱਗ ਲਾ ਕੇ ਸਾੜਨ ਦੇ ਦੋਸ਼ ਵਿੱਚ ਥਾਣਾ ਕੁੱਲਗੜ੍ਹੀ ਪੁਲਸ ਨੇ ਵਿਆਹੁਤਾ ਦੇ ਸਹੁਰਾ ਪਰਵਾਰ ਦੇ 3 ਮੈਂਬਰਾਂ ਖਿਲਾਫ 109, 85 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਐੱਸਆਈ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੇਸ ਰਾਜ ਪੁੱਤਰ ਵੇਦ ਲਾਲ ਵਾਸੀ ਪਿੰਡ ਰੁਕਨਾ ਮੁੰਗਲਾ ਨੇ ਇਕ ਲਿਖਤੀ ਦਰਖਾਸਤ ਰਾਹੀਂ ਦੱਸਿਆ ਕਿ ਮਨਪ੍ਰੀਤ ਸਿੰਘ ਪੁੱਤਰ ਜਗਜੀਤ ਸਿੰਘ, ਗੁਰਮੀਤ ਕੌਰ ਪਤਨੀ ਜਗੀਤ ਸਿੰਘ, ਜਗਜੀਤ ਸਿੰਘ ਵਾਸੀਅਨ ਨੂਰਪੁਰ ਸੇਠਾਂ ਨੇ ਉਸ ਦੀ ਲੜਕੀ ਕਾਜਲ ਨੂੰ ਅੱਗ ਲਾ ਕੇ ਜਿੰਦਾ ਸਾੜ ਦਿੱਤਾ।

ਇਸ ਮਾਮਲੇ ਦੀ ਜਾਂਚ ਕਰ ਰਹੇ ਐੱਸਆਈ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਪੱਪੂ ਰਾਮੂੰਵਾਲਾ, ਤੀਰਥ ਮਾਹਲਾ, ਨਿਹਾਲ ਭੁੱਲਰ ਤੇ ਸਨੀ ਗਿੱਲ ਦਾ ਸਨਮਾਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਰਾਮੂੰਵਾਲਾ ਕਲਾਂ ਵਿਖੇ ਰਣਵਿੰਦਰ ਸਿੰਘ ਪੱਪੂ ਰਾਮੂਵਾਲਾ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਕੌਮੀ ਮੀਤ ਪ੍ਰਧਾਨ ਬਣਾਏ ਜਾਣ ਦੀ ਖ਼ੁਸ਼ੀ ਵਿੱਚ ਨਗਰ ਨਿਵਾਸੀਆਂ ਵੱਲੋਂ ਇੱਕ ਭਰਵਾਂ ਇਕੱਠ ਗੁਰਦੁਆਰਾ ਸੰਤ ਬਾਬਾ ਚੰਦਾ ਸਿੰਘ ਵਿਖੇ ਹੋਇਆ।ਇਸ ਮੌਕੇ ਸ਼੍ਰੋਮਣੀ ਅਕਾਲੀ ਦੀ ਸੀਨੀਅਰ ਲੀਡਰਸ਼ਿਪ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਈ, ਜਿਨ੍ਹਾਂ 'ਚ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ, ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆ, ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ ਦੇ ਬੇਟੇ ਨੂਰਇੰਦਰ ਸਿੰਘ ਗਿੱਲ, ਸੀਨੀਅਰ ਆਗੂ ਅਜੀਤਪਾਲ ਸਿੰਘ ਰਣੀਆ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਦਲ ਦੇ ਵਰਕਰ ਤੇ ਆਗੂ ਹਾਜ਼ਰ ਸਨ।ਪਿੰਡ ਦੇ ਸਾਬਕਾ ਸਰਪੰਚ ਬਲਵਿੰਦਰ ਸਿੰਘ, ਜਗਸੀਰ ਸਿੰਘ ਆੜ੍ਹਤੀ, ਸਮੁੱਚਾ ਨਗਰ ਤੇ ਗਰਾਮ ਪੰਚਾਇਤ ਦੇ ਸਹਿਯੋਗ ਨਾਲ ਰੱਖੇ ਗਏ ਇਸ ਸਨਮਾਨ ਸਮਾਰੋਹ ਦੌਰਾਨ ਪਿੰਡ ਵਾਸੀਆਂ ਨੇ ਹਿੱਸਾ ਲਿਆ।ਇਸ ਮੌਕੇ ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ, ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹੜ੍ਹ ਪੀੜਤਾਂ ਦੀ ਦਿਨ-ਰਾਤ ਇਕ ਕਰ ਕੇ ਕੀਤੀ ਜਾ ਰਹੀ ਮਦਦ ਦੀ ਸ਼ਲਾਘਾ ਕੀਤੀ।ਇਸ ਮੌਕੇ ਰਣਵਿੰਦਰ ਸਿੰਘ ਪੱਪੂ ਰਾਮੂੰਵਾਲਾ ਨੇ ਨਗਰ ਨਿਵਾਸੀਆਂ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦਾ ਸਨਮਾਨ ਕਰਨ ਲਈ ਧੰਨਵਾਦ ਕੀਤਾ।ਇਸ ਮੌਕੇ ਬਲਵਿੰਦਰ ਸਿੰਘ ਸਾਬਕਾ ਸਰਪੰਚ, ਲਖਵੀਰ ਸਿੰਘ ਰਾਜੂ ਸਰਪੰਚ, ਜਗਸੀਰ ਸਿੰਘ ਆੜ੍ਹਤੀ, ਸੁਖਦੀਪ ਸਿੰਘ ਸੁੱਖਾ, ਦਵਿੰਦਰ ਸਿੰਘ ਕਾਕਾ, ਸਾਬਕਾ ਸਰਪੰਚ ਅਵਿਨਾਸ਼ ਸਿੰਘ, ਹਰਮਿੰਦਰਪਾਲ ਸਿੰਘ, ਸੁਖਮੰਦਰ ਸਿੰਘ ਗੋਕਲ, ਚਰਨਜੀਤ ਕੌਰ, ਟੇਕ ਚੰਦ ਪੰਚ, ਜਗਦੇਵ ਸਿੰਘ ਮੋਟਾ, ਚਰਨਜੀਤ ਕੌਰ ਮੈਂਬਰ, ਕਮਲਜੀਤ ਕੌਰ ਮੈਂਬਰ, ਸ਼ਿੰਦਰਪਾਲ ਕੌਰ ਮੈਂਬਰ, ਸੁਖਮੰਦਰ ਸਿੰਘ ਕਾਲਾ ਮੈਂਬਰ, ਦੇਵ ਸਿੰਘ ਮੈਂਬਰ, ਜਗਰੂਪ ਸਿੰਘ ਖ਼ਾਲਸਾ ਤੇ ਤੇਜੀ ਕੋਚ ਹਾਜ਼ਰ ਸਨ।

## 'ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ : ਜੀਵਨ, ਬਾਣੀ ਤੇ ਵਿਚਾਰਧਾਰਾ' ਵਿਸ਼ੇ 'ਤੇ ਸੈਮੀਨਾਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਤੇ ਵਿਭਾਗੀ ਸਾਹਿਤ ਸਭਾ ਵੱਲੋਂ 'ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ : ਜੀਵਨ, ਬਾਣੀ ਅਤੇ ਵਿਚਾਰਧਾਰਾ' ਵਿਸ਼ੇ ਉੱਤੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।ਇਹ ਸੈਮੀਨਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮਾਂ ਦੀ ਲੜੀ ਤਹਿਤ ਕਰਵਾਇਆ ਗਿਆ।ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਨੇ ਉਦਘਾਟਨੀ ਸੈਸ਼ਨ ਦਾ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਯੂਨੀਵਰਸਿਟੀ ਇਸ ਲੜੀ ਵਿੱਚ ਵੱਖ-ਵੱਖ ਵੰਨਗੀਆਂ ਦੇ ਪ੍ਰੋਗਰਾਮ ਕਰਵਾ ਰਹੀ ਹੈ ਤਾਂ ਕਿ ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਵੱਧ ਤੋਂ ਵੱਧ ਪ੍ਰਚਾਰਿਆ ਜਾ ਸਕੇ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਜੀਵਨ, ਬਾਣੀ ਤੇ ਵਿਚਾਰਧਾਰਾ ਦਾ ਬਹੁਤ ਬਰੀਕੀ ਨਾਲ਼ ਅਧਿਐਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਅੱਜ ਦੀ ਪੀੜ੍ਹੀ ਇਸ ਤੋਂ ਪ੍ਰੇਰਨਾ ਲੈ ਸਕੇ।ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਪੁੱਜੇ ਡਾ. ਜਸਪਾਲ ਕੌਰ ਕਾਂਗ ਨੇ ਸੈਮੀਨਾਰ ਦਾ ਮੁੱਖ ਭਾਸ਼ਣ ਦੌਰਾਨ ਵਿਸਥਾਰ ਨਾਲ ਆਪਣੇ ਵਿਚਾਰ ਰੱਖੇ।ਸੈਮੀਨਾਰ ਵਿੱਚ ਕੇਨੈਡਾ ਤੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਸੁਰਿੰਦਰ ਗੀਤ ਨੇ ਕਿਹਾ ਕਿ ਗੁਰੂ ਸਾਹਿਬ ਦੀ ਸ਼ਹੀਦੀ ਆਪਣੇ ਆਪ ਵਿੱਚ ਇੱਕ ਮਿਸਾਲ ਹੈ, ਕਿਉਂਕਿ ਕਿਸੇ ਹੋਰ ਧਰਮ ਲਈ ਸ਼ਹੀਦ ਹੋਣ ਦੀ ਅਜਿਹੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ।ਉਦਘਾਟਨੀ ਸੈਸ਼ਨ ਦੇ ਸ਼ੁਰੂਆਤ ਵਿੱਚ ਡਾ. ਬਲਵਿੰਦਰ ਕੌਰ ਸਿੱਧੂ, ਡੀਨ ਭਾਸ਼ਾਵਾਂ ਸਵਾਗਤੀ ਭਾਸ਼ਣ ਦਿੱਤਾ।ਵਿਭਾਗ ਮੁਖੀ ਡਾ. ਪਰਮੀਤ ਕੌਰ ਨੇ ਇਸ ਸੈਮੀਨਾਰ ਦੀ ਰੂਪ-ਰੇਖਾ ਸਾਂਝੀ ਕੀਤੀ।ਉਪਰੰਤ ਅਕਾਦਮਿਕ ਸੈਸ਼ਨ ਵਿੱਚ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਆਏ ਅਧਿਆਪਕਾਂ ਤੇ ਖੋਜਾਰਥੀਆਂ ਵੱਲੋਂ ਖੋਜ-ਪੱਤਰ ਪੇਸ਼ ਕੀਤੇ ਗਏ।ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਡਾ. ਪਰਮਵੀਰ ਸਿੰਘ ਨੇ ਕੀਤੀ।ਇਸ ਸੈਸ਼ਨ ਦਾ ਸੰਚਾਲਨ ਡਾ. ਜਸਵੀਰ ਕੌਰ ਵੱਲੋਂ ਕੀਤਾ ਗਿਆ।

## ਐੱਮ.ਏ.ਐੱਮ. ਸਕੂਲ ਮੈਕਸ ਆਰਥਰ ਮੈਕਾਲਿਫ ਦੀ ਜੈਅੰਤੀ ਮਨਾਈ



**ਸਮਰਾਲਾ (ਸੁਰਜੀਤ ਸਿੰਘ)**-ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿੱਚ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਦੀ ਅਗਵਾਈ ਵਿੱਚ ਅੰਗਰੇਜ਼ੀ ਭਾਸ਼ਾ ਦੇ ਮਹਾਨ ਵਿਦਵਾਨ ਤੇ ਸਿੱਖਾਂ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੁਵਾਦਕ ਮੈਕਸ ਆਰਥਰ ਮੈਕਾਲਿਫ ਦੀ 187ਵੀਂ ਜਨਮ ਜੈਅੰਤੀ ਮਨਾਈ ਗਈ।ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ, ਮੈਨੇਜਰ ਰਮਨਦੀਪ ਸਿੰਘ, ਗੁਰਪ੍ਰੀਤ ਸਿੰਘ ਘਲੋਟੀ, ਸਮੂਹ ਸਟਾਫ ਤੇ ਸਕੂਲ ਕੌਂਸਲ ਦੇ ਵਿਦਿਆਰਥੀ ਮੈਂਬਰਾਂ ਨੇ ਸ਼ਿਰਕਤ ਕੀਤੀ। ਸਮਾਰੋਹ ਦੀ ਸ਼ੁਰੂਆਤ ਸ਼ਮ੍ਹਾਂ ਰੋਸ਼ਨ ਕਰਨ ਦੀ ਰਸਮ ਨਾਲ ਹੋਈ।ਇਸ ਤੋਂ ਬਾਅਦ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਭਾਸ਼ਣ, ਕਵਿਤਾਵਾਂ ਤੇ ਪੀ.ਪੀ.ਟੀ. ਰਾਹੀਂ ਮੈਕਾਲਿਫ ਜੀ ਦੀ ਯਾਦ ਨੂੰ ਤਾਜ਼ਾ ਕੀਤਾ।ਇਸ ਮੌਕੇ ਗੁਰਪ੍ਰੀਤ ਸਿੰਘ ਘਲੋਟੀ ਵੱਲੋਂ ਜਿੱਥੇ ਸਕੂਲ ਦੇ ਨਾਮਕਰਨ ਤੇ ਨੀਂਹ ਰੱਖਣ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸ ਨੂੰ ਬੜੇ ਹੀ ਵਿਸਥਾਰ ਪੂਰਵਕ ਢੰਗ ਨਾਲ ਪੇਸ਼ ਕੀਤਾ ਗਿਆ, ਉਥੇ ਹੀ ਤਰਲੋਚਨ ਸਿੰਘ ਤੇ ਰਿਟਾਇਰਡ ਹੈੱਡਮਾਸਟਰ ਤੇ ਸਿੱਖ ਮਿਸ਼ਨਰੀ ਕਾਲਜ ਦੇ ਇੰਚਾਰਜ ਰਣਜੀਤ ਸਿੰਘ ਵੱਲੋਂ ਵੀ ਉਨ੍ਹਾਂ ਦੇ ਜੀਵਨ ਸੰਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਦਿਆਂ ਸ਼ੁੱਭ-ਕਾਮਨਾਵਾਂ ਭਰਿਆ ਸੰਦੇਸ਼ ਭੇਜਿਆ ਗਿਆ। ਸਮਾਰੋਹ ਦੇ ਅੰਤ ਵਿੱਚ ਸਕੂਲ ਪ੍ਰਿੰਸੀਪਲ, ਵਿਦਿਆਰਥੀਆਂ ਤੇ ਵਿਸ਼ੇਸ਼ ਮਹਿਮਾਨਾਂ ਦੁਆਰਾ ਕੇਕ ਕੱਟਣ ਦੀ ਰਸਮ ਕੀਤੀ ਗਈ।ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਇਸ ਸਾਰੇ ਸਮਾਰੋਹ ਨੂੰ ਸਫਲ ਬਣਾਉਣ ਵਿੱਚ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਕੀਤੀ ਸਰਗਰਮ ਸ਼ਮੂਲੀਅਤ ਦੀ ਸ਼ਲਾਘਾ ਕੀਤੀ।

## ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸੰਬੰਧੀ ਕੀਤਾ ਜਾਗਰੂਕ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਬਲਾਕ ਗੁਰੂ ਹਰਸਾਏ ਦੇ ਪਿੰਡ ਨੂਰੇ ਕੇ ਵਿਖੇ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਸਬੰਧੀ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ।ਇਸ ਕੈਂਪ ਵਿੱਚ ਫਿਰੋਜ਼ਪੁਰ ਤੋਂ ਸੰਦੀਪ ਕੁਮਾਰ ਖੇਤੀਬਾੜੀ ਵਿਕਾਸ ਅਫਸਰ (ਟ੍ਰੇਨਿੰਗ) ਤੇ ਵਰਿੰਦਰ ਪਾਲ ਸਿੰਘ ਏਟੀਐੱਮ ਗੁਰੂ ਹਰਸਹਾਏ ਪਹੁੰਚੇ।ਡਾ. ਸੰਦੀਪ ਕੁਮਾਰ ਵੱਲੋਂ ਕਿਸਾਨਾਂ ਨੂੰ ਦੱਸਿਆਂ ਗਿਆ ਕਿ ਝੋਨਾ ਪੰਜਾਬ ਦੀ ਪ੍ਰਮੁੱਖ ਫਸਲ ਹੋਣ ਦੇ ਨਾਲ ਝੋਨੇ ਦੀ ਫਸਲ ਤੋਂ ਬਹੁਤ ਵੱਡੀ ਮਾਤਰਾ ਵਿੱਚ ਰਹਿੰਦ ਖੂੰਹਦ ਪੈਦਾ ਹੁੰਦੀ ਹੈ, ਜੋ ਕਿ ਇੱਕ ਅਨੁਮਾਨ ਮੁਤਾਬਕ ਦੋ ਤੋਂ ਤਿੰਨ ਮੀਟ੍ਰਿਕ ਟਨ ਪ੍ਰਤੀ ਏਕੜ ਹੁੰਦੀ ਹੈ।ਉਨ੍ਹਾਂ ਦੱਸਿਆ ਕਿ ਅਗਲੀ ਫਸਲ ਦੀ ਬਿਜਾਈ ਲਈ ਕਿਸਾਨਾਂ ਕੋਲ ਸਮਾਂ ਬਹੁਤ ਘੱਟ ਬਚਦਾ ਹੈ, ਇਸ ਲਈ ਬਹੁਤੇ ਕਿਸਾਨ ਸੌਖਾ ਤਰੀਕਾ ਅਪਣਾਉਂਦੇ ਹਨ ਤੇ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਅੱਗ ਲਾ ਦਿੰਦੇ ਹਨ, ਜਿਸ ਨਾਲ ਖੇਤ, ਮਨੁੱਖਤਾ ਤੇ ਪਸ਼ੂ ਪੰਛੀਆਂ ਦੀ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ ਤੇ ਅੱਗ ਲਾਉਣ ਨਾਲ ਖੇਤੀ ਲਈ ਚੰਗੇ ਖੁਰਾਕੀ ਤੱਤ ਸੜ ਜਾਂਦੇ ਹਨ ਅਤੇ ਕੁਦਰਤੀ ਸੋਮਿਆਂ ਦਾ ਨੁਕਸਾਨ ਹੁੰਦਾ ਹੈ।ਵਰਿੰਦਰ ਪਾਲ ਸਿੰਘ ਏਟੀਐਮ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਝੋਨੇ ਦੀ ਕਟਾਈ ਸੁਪਰ ਐੱਸਐੱਮਐੱਸ ਵਾਲੀ ਮਸ਼ੀਨ ਨਾਲ ਹੀ ਕਰਵਾਉਣ ਤਾਂ ਜੋ ਪਰਾਲੀ ਨੂੰ ਆਸਾਨੀ ਨਾਲ ਜ਼ਮੀਨ ਵਿੱਚ ਦਬਾਇਆ ਜਾ ਸਕੇ ਤੇ ਕਣਕ ਦੀ ਬਿਜਾਈ ਕੀਤੀ ਜਾ ਸਕੇ।

## ਸਨਮਤੀ ਵਿਮਲ ਜੈਨ ਸਕੂਲ ਵਿਖੇ 'ਉੱਦਮਤਾ' 'ਤੇ ਸੈਮੀਨਾਰ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ 11ਵੀਂ ਜਮਾਤ ਵਿੱਚ ਨਵੇਂ ਲਾਗੂ ਕੀਤੇ ਲਾਜ਼ਮੀ ਵਿਸ਼ੇ 'ਉੱਦਮਤਾ' ਸੰਬੰਧੀ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖ਼ੇ ਇੱਕ ਦਿਨ ਦੀ ਸਿਖਲਾਈ ਦਾ ਆਯੋਜਨ ਕੀਤਾ, ਜਿਸ ਵਿੱਚ ਰਾਏਕੋਟ, ਜਗਰਾਉਂ ਤੇ ਲੁਧਿਆਣਾ ਪੱਛਮੀ ਦੇ ਪ੍ਰਿੰਸੀਪਲ ਤੇ ਅਧਿਆਪਕ ਹਾਜ਼ਰ ਹੋਏ।ਡੀ ਓ ਸੈਕੰਡਰੀ ਡਿੰਪਲ ਮਦਾਨ ਤੇ ਜ਼ਿਲ੍ਹਾ ਨੋਡਲ ਅਫਸਰ, ਗੁਰਕ੍ਰਿਪਾਲ ਸਿੰਘ ਬਰਾੜ ਦੀ ਦੇਖ ਰੇਖ ਵਿੱਚ ਇਹ ਟ੍ਰੇਨਿੰਗ ਸ਼ੁਰੂ ਹੋਈ।ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਸਿਖਲਾਈ ਵਿਦਿਆਰਥੀਆਂ ਲਈ ਕੈਰੀਅਰ ਕਾਉਂਸਲਿੰਗ ਲਈ ਜ਼ਰੂਰੀ ਹੈ।ਇਸ ਮੌਕੇ ਸੁਮਨਪ੍ਰੀਤ ਕੌਰ, ਗੁਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਪ੍ਰਭਜੋਤ ਸਿੰਘ ਸੋਹੀ ਤੇ ਅਮਨਦੀਪ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਉੱਦਮਤਾ ਦਾ ਵਿਸ਼ਾ ਵਿਦਿਆਰਥੀਆਂ ਨੂੰ ਕੈਰੀਅਰ ਦੇ ਵਿਕਾਸ ਲਈ ਸੇਧ ਦੇਣ ਲਈ ਲਾਹੇਵੰਦ ਹੋਵੇਗਾ ਅਤੇ ਤਜਰਬੇ ਨਾਲ ਵਿਦਿਆਰਥੀ ਕਿਸੇ ਵੀ ਕਿੱਤੇ ਵਿੱਚ ਆਪਣਾ ਕਾਰੋਬਾਰ ਸ਼ੁਰੂ ਕਰਕੇ ਆਤਮ ਨਿਰਭਰ ਬਣ ਸਕਦੇ ਹਨ।ਇਸ ਮੌਕੇ ਕਾਮਰਸ ਲੈਕਚਰਾਰ ਸਨੀ ਪਾਸੀ, ਸਰਵਜੀਤ ਸਿੰਘ ਧਾਲੀਵਾਲ, ਬੇਅੰਤ ਸਿੰਘ, ਮਨੀਸ਼ ਸ਼ਰਮਾ, ਮਨੋਜ ਚੱਢਾ, ਅੰਕਿਤਾ ਗੁਪਤਾ, ਸਰਿਤਾ ਅਗਰਵਾਲ, ਸਰਿਤਾ ਠੁਕਰਾਲ, ਰਿਸ਼ੂ ਬਾਂਸਲ, ਹਰਮੀਤ ਕੌਰ, ਜਤਿੰਦਰ ਕੌਰ, ਸ਼ੈਲੀ ਅਰੋੜਾ, ਰਿਪਲ ਰਾਣੀ, ਰਾਜੀਵ ਸ਼ਰਮਾ, ਰਾਮ ਕੁਮਾਰ, ਮਲਕੀਤ ਕੌਰ, ਮੀਨਾਕਸ਼ੀ ਪਰਾਸ਼ਰ, ਰਜਨੀ ਵਰਮਾ, ਮੈਡਮ ਪਲਕ ਤੇ ਹੋਰ ਹਾਜ਼ਰ ਸਨ।

# ਚੇਅਰਮੈਨ ਬਹਿਲ ਨੇ 8.81 ਕਿੱਲੋਮੀਟਰ ਲੰਮੀਆਂ ਸੰਪਰਕ ਸੜਕਾਂ ਦੀ ਮੁਰੰਮਤ ਕਰਨ ਦਾ ਨੀਂਹ ਪੱਥਰ ਰੱਖਿਆ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਵਿਕਾਸ ਕਾਰਜਾਂ ਦੀ ਗਤੀ ਨੂੰ ਅੱਗੇ ਵਧਾਉਂਦੇ ਹੋਏ ਰਮਨ ਬਹਿਲ ਵੱਲੋਂ ਕਾਹਨੂੰਵਾਨ ਰੋਡ ਤੋਂ ਮੁਕੇਰੀਆਂ ਰੋਡ ਤੱਕ ਵਾਇਆ ਪਿੰਡ ਬੱਬੇਹਾਲੀ ਅਤੇ ਪਿੰਡ ਬੱਬੇਹਾਲੀ ਤੋਂ ਨਹਿਰ ਦੇ ਨਵੇਂ ਪੁਲ ਤੱਕ ਅਤੇ ਡੇਰਿਆਂ ਤੱਕ ਸੰਪਰਕ ਸੜਕਾਂ ਦੀ ਮੁਰੰਮਤ ਦਾ ਨੀਂਹ ਪੱਥਰ ਰੱਖਿਆ ਗਿਆ।8.81 ਕਿੱਲੋਮੀਟਰ ਲੰਮੀਆਂ ਇਨ੍ਹਾਂ ਸੰਪਰਕ ਸੜਕਾਂ ਦੀ ਮੁਰੰਮਤ ਉੱਪਰ ਰਾਜ ਸਰਕਾਰ ਵੱਲੋਂ 1.63 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ।ਇਸ ਮੌਕੇ ਪਿੰਡ ਬੱਬੇਹਾਲੀ ਵਿਖੇ ਵੱਡੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਗੁਰਦਾਸਪੁਰ ਦੇ ਇੰਚਾਰਜ ਰਮਨ ਬਹਿਲ ਨੇ ਕਿਹਾ ਕਿ ਆਪਣੇ ਹਲਕੇ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਹੀ ਉਨ੍ਹਾਂ ਦਾ ਮੁੱਖ ਉਦੇਸ਼ ਹੈ ਅਤੇ ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਹ ਪੂਰੀ ਸੇਵਾ ਭਾਵਨਾ ਨਾਲ ਲੱਗੇ ਹੋਏ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਹਮੇਸ਼ਾ ਹੀ ਸੇਵਾ ਦੀ ਰਾਜਨੀਤੀ ਕੀਤੀ ਹੈ ਅਤੇ ਅਵਾਮ ਦੀ ਬਿਹਤਰੀ ਲਈ ਜੋ ਕੁਝ ਵੀ ਕੀਤਾ ਜਾ ਸਕਦਾ ਹੈ ਉਹ ਪੂਰੀ ਇਮਾਨਦਾਰੀ ਤੇ ਨਿਸ਼ਠਾ ਨਾਲ ਕਰਨ ਵਿੱਚ ਲੱਗੇ ਹੋਏ ਹਨ।ਰਿਵਾਇਤੀ ਪਾਰਟੀਆਂ ਦੇ ਆਗੂਆਂ ਨੇ ਹਲਕਾ ਗੁਰਦਾਸਪੁਰ ਦਾ ਵਿਕਾਸ ਕਰਨ ਦੀ ਬਜਾਏ ਕੇਵਲ ਆਪਣਾ ਨਿੱਜੀ ਤੇ ਆਪਣੇ ਪਰਿਵਾਰ ਦਾ ਵਿਕਾਸ ਹੀ ਕੀਤਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੇ ਦੂਸਰੀਆਂ ਪਾਰਟੀਆਂ ਦੇ ਆਗੂਆਂ ਨੂੰ ਕਈ ਮੌਕੇ ਦੇ ਕੇ ਦੇਖ ਲਏ ਹਨ ਪਰ ਉਨ੍ਹਾਂ ਨੇ ਕਦੀ ਵੀ ਲੋਕਾਂ ਦੀ ਸਾਰ ਨਹੀਂ ਲਈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਅਸਲ ਹਿਤੈਸ਼ੀ ਸਰਕਾਰ ਹੈ ਅਤੇ ਮਾਨ ਸਰਕਾਰ ਵੱਲੋਂ ਗੁਰਦਾਸਪੁਰ ਹਲਕੇ ਦੇ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਬੱਬੇਹਾਲੀ ਨਹਿਰ ਦਾ ਪੁਲ ਵੀ ਪਿਛਲੀ ਸਰਕਾਰ ਨੇ ਬਣਾਉਣ ਤੋਂ ਰੋਕ ਛੱਡਿਆ ਸੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਉਸ ਨੂੰ ਨੇਪਰੇ ਚਾੜ੍ਹਿਆ ਗਿਆ ਹੈ।ਇਸੇ ਤਰ੍ਹਾਂ ਪੁਰਾਣਾ ਸਿਵਲ ਹਸਪਤਾਲ ਜੋ ਬੰਦ ਹੋ ਗਿਆ ਸੀ ਲੋਕਾਂ ਦੀ ਸਹੂਲਤ ਲਈ ਉਨ੍ਹਾਂ ਵੱਲੋਂ ਦੁਬਾਰਾ ਸ਼ੁਰੂ ਕਰਵਾਇਆ ਗਿਆ ਹੈ।

ਜ਼ਿਲ੍ਹਾ ਹਸਪਤਾਲ ਬੱਬਰੀ ਵਿੱਚ ਬੁਨਿਆਦੀ ਢਾਂਚਾ ਵਿਕਸਤ ਕਰਨ ਦੇ ਨਾਲ ਮਾਹਿਰ ਡਾਕਟਰਾਂ ਦੀ ਤਾਇਨਾਤੀ ਕੀਤੀ ਗਈ ਹੈ।ਹਲਕੇ ਵਿੱਚ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ।ਸਕੂਲ ਆਫ਼ ਐਮੀਨੈਂਸ ਬਣਾਇਆ ਗਿਆ ਹੈ।ਇਸ ਮੌਕੇ ਉਨ੍ਹਾਂ ਨਾਲ ਲੋਕ ਨਿਰਮਾਣ ਵਿਭਾਗ ਦੇ ਐੱਸਡੀਓ ਲਵਪ੍ਰੀਤ ਸਿੰਘ, ਸੀਨੀਅਰ ਆਪ ਆਗੂ ਸੁੱਚਾ ਸਿੰਘ ਮੁਲਤਾਨੀ, ਨਗਰ ਸੁਧਾਰ ਟਰੱਸਟ ਦੇ ਮੈਂਬਰ ਹਿਤੇਸ਼ ਮਹਾਜਨ, ਹਲਕੇ ਦੇ ਸਿੱਖਿਆ ਕੋਆਰਡੀਨੇਟਰ ਅਸ਼ਵਨੀ ਕੁਮਾਰ, ਮੱਖਣ ਸਿੰਘ ਬੱਬੇਹਾਲੀ ਤੋਂ ਇਲਾਵਾ ਹੋਰ ਮੁਹਤਬਰ ਵੀ ਹਾਜ਼ਰ ਸਨ।

# ਪਿੰਡ ਚਿੱਬ ਦੇ ਕਿਸਾਨਾਂ ਵੱਲੋਂ ਪਰਾਲੀ ਨਾ ਸਾੜਨ ਦਾ ਤਹੱਈਆ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਵਿਧਾਨ ਸਭਾ ਹਲਕਾ ਕਾਦੀਆਂ ਅਤੇ ਬਲਾਕ ਕਾਹਨੂੰਵਾਨ ਦੇ ਅਧੀਨ ਆਉਂਦੇ ਪਿੰਡ ਚਿੱਬ ਵਿੱਚ ਨੋਡਲ ਅਫਸਰ ਅਸ਼ਮਿਤ ਕੁਮਾਰ ਦੇ ਵੱਲੋਂ ਪਿੰਡ ਦੀ ਪੰਚਾਇਤ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਨਾਲ ਇੱਕ ਖਾਸ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦੌਰਾਨ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਪਰਾਲੀ ਨਾ ਸਾੜਨ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪਿੰਡ ਚਿੱਬ ਦੇ ਸਰਪੰਚ ਸੁਰਿੰਦਰ ਪਾਲ ਸਿੰਘ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਦਾ ਪਿੰਡ ਇਲਾਕੇ ਦਾ ਪਹਿਲਾ ਪਿੰਡ ਹੋਵੇਗਾ ਜਿੱਥੇ ਪਰਾਲੀ ਨਹੀਂ ਸਾੜੀ ਜਾਵੇਗੀ ਅਤੇ ਹਰ ਕਿਸਮ ਦੀ ਸਰਕਾਰੀ ਹਦਾਇਤ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ।ਮੀਟਿੰਗ ਵਿੱਚ ਪੰਚਾਇਤ ਮੈਂਬਰ ਬਲਵਿੰਦਰ ਸਿੰਘ, ਰਣਜੀਤ ਸਿੰਘ, ਸੂਬੇਦਾਰ ਪਰਦੀਪ ਸਿੰਘ, ਸੂਬੇਦਾਰ ਜਨਕ ਰਾਜ, ਰਾਜ ਕੁਮਾਰ ਅਤੇ ਹੋਰ ਪਿੰਡ ਵਾਸੀ ਵੀ ਹਾਜ਼ਰ ਸਨ।ਸਭ ਨੇ ਇਕਮੱਤ ਹੋ ਕੇ ਪਰਾਲੀ ਨਾ ਸਾੜਨ ਅਤੇ ਸਾਫ-ਸੁਥਰੇ ਮਾਹੌਲ ਲਈ ਯੋਗਦਾਨ ਪਾਉਣ ਦਾ ਵਚਨ ਦਿੱਤਾ।ਨੋਡਲ ਅਫਸਰ ਨੇ ਪਿੰਡ ਵਾਸੀਆਂ ਦੇ ਇਸ ਕਦਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਉਦਾਹਰਨ ਹੋਰ ਪਿੰਡਾਂ ਲਈ ਵੀ ਪ੍ਰੇਰਨਾਦਾਇਕ ਸਾਬਤ ਹੋਵੇਗੀ ਅਤੇ ਪੰਜਾਬ ਨੂੰ ਪ੍ਰਦੂਸ਼ਣ ਰਹਿਤ ਬਣਾਉਣ ਵੱਲ ਇੱਕ ਵੱਡਾ ਯਤਨ ਹੋਵੇਗਾ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਸਹਿਕਾਰੀ ਖੰਡ ਮਿੱਲ ਸ਼ੇਰੋਂ ਸਾਹਮਣੇ ਜ਼ੋਰਦਾਰ ਰੋਸ ਪ੍ਰਦਰਸ਼ਨ



ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨਤਾਰਨ ਵਿਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਅੱਜ ਸਹਿਕਾਰੀ ਸ਼ੂਗਰ ਮਿੱਲ ਸ਼ੇਰੋਂ ਦੇ ਗੇਟ ਸਾਹਮਣੇ ਮਿੱਲ ਨੂੰ ਵੇਚਣ ਦੇ ਪੰਜਾਬ ਸਰਕਾਰ ਦੇ ਫੈਸਲੇ ਵਿਰੁੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।ਪੰਜਾਬ ਸਰਕਾਰ ਵੱਲੋਂ ਜਿੱਥੇ ਪੰਜਾਬ ਦੀਆਂ ਹੋਰ ਅਹਿਮ ਜਾਇਦਾਦਾਂ ਵੇਚਣ ਦੀਆਂ ਤਜਵੀਜ਼ਾਂ ਬਣਾਈਆਂ ਗਈਆਂ ਹਨ ਉਹਦੇ ਵਿੱਚ ਹੀ ਸ਼ੂਗਰ ਮਿੱਲ ਸ਼ੇਰੋਂ ਦੀ 90 ਏਕੜ ਜ਼ਮੀਨ ਵੇਚਣ ਦੀ ਸਰਕਾਰ ਨੇ ਤਜਵੀਜ਼ ਜ਼ਿਲ੍ਹਾ ਪ੍ਰਸ਼ਾਸਨ ਕੋਲ ਭੇਜੀ ਸੀ।ਇਸ ਬਾਰੇ ਸੰਯੁਕਤ ਕਿਸਾਨ ਮੋਰਚਾ ਤਰਨ ਤਾਰਨ ਵੱਲੋਂ ਤੁਰੰਤ ਵਿਰੋਧ ਪ੍ਰਗਟ ਕਰਦਿਆਂ ਹੋਇਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਪਿਛਲੇ ਦਿਨੀਂ ਕਿਸਾਨਾਂ ਵੱਲੋਂ ਮੰਗ ਪੱਤਰ ਦਿੱਤਾ ਗਿਆ ਸੀ।ਅੱਜ ਦੇ ਰੋਸ ਧਰਨੇ ਵਿੱਚ ਦਲਜੀਤ ਸਿੰਘ ਦਿਆਲਪੁਰ, ਸਤਪਾਲ ਸਿੰਘ ਨੱਥੋਕੇ, ਭਗਵਾਨ ਸਿੰਘ ਗਿੱਲ, ਮਹਾਵੀਰ ਸਿੰਘ ਗਿੱਲ, ਸੁਖਦੇਵ ਸਿੰਘ ਤੁੜ ਦੀ ਪ੍ਰਧਾਨਗੀ ਹੇਠ ਅੱਜ ਦਾ ਰੋਸ ਪ੍ਰਦਰਸ਼ਨ ਹੋਇਆ।ਸ਼ਾਮਿਲ ਜਥੇਬੰਦੀਆਂ ਵਿੱਚ ਜਮਹੂਰੀ ਕਿਸਾਨ ਸਭਾ, ਬੀਕੇਯੂ ਕਾਦੀਆਂ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਟਾਂਡਾ, ਕੁੱਲ ਹਿੰਦ ਕਿਸਾਨ ਸਭਾ, ਕੌਮੀ ਕਿਸਾਨ ਯੂਨੀਅਨ ਅਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਹਾਜ਼ਰੀ ਲਗਵਾਈ ਗਈ।ਇਸ ਮੌਕੇ ਬੁਲਾਰਿਆਂ ਵੱਲੋਂ ਪੰਜਾਬ ਸਰਕਾਰ ਦੀਆਂ ਨੀਤੀਆਂ ਖਾਸ ਕਰਕੇ ਲੈਂਡ ਪੂਲਿੰਗ ਐਕਟ, ਪੰਚਾਇਤੀ ਜ਼ਮੀਨ ਵੇਚਣਾ ਅਤੇ ਹੁਣ ਕੀਮਤੀ ਜ਼ਮੀਨਾਂ ਨੂੰ ਵੇਚਣ ਦੀ ਤਿਆਰੀ ਕਰਨਾ ਸਰਕਾਰ ਦੀ ਬੇਹੱਦ ਘਿਨਾਉਣੀ ਕਾਰਵਾਈ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ।ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਦੀ ਬਾਂਹ ਫੜਨ ਦੀ ਬਜਾਏ ਵੱਖ-ਵੱਖ ਤਰ੍ਹਾਂ ਦੇ ਨਾਟਕ ਕਰਨ ਵਿੱਚ ਰੁੱਝੀ ਹੋਈ ਹੈ।ਸਮਾਂ ਤਾਂ ਲੋਕਾਂ ਦੀ ਤੁਰੰਤ ਮਦਦ ਕਰਨ ਦਾ ਹੈ ਪਰ ਸਰਕਾਰ ਵੱਲੋਂ ਚਾਰ ਦਿਨਾਂ ਦਾ ਅਸੈਂਬਲੀ ਦਾ ਸੈਸ਼ਨ ਸੱਦ ਕੇ ਡਰਾਮੇਬਾਜ਼ੀ ਕੀਤੀ ਜਾ ਰਹੀ ਹੈ।ਸੈਸ਼ਨ ਵਿੱਚ ਕੋਈ ਵੀ ਲੋਕ ਹਿਤਾਂ ਦਾ ਮਤਾ ਨਹੀਂ ਲਿਆਂਦਾ ਗਿਆ, ਸਗੋਂ ਡਰਾਮੇਬਾਜ਼ੀ ਕਰਕੇ ਲੋਕਾਂ ਦਾ ਧਿਆਨ ਹੜ੍ਹ ਵਿੱਚ ਡੁੱਬੇ ਲੋਕਾਂ ਤੋਂ ਹਟਾਇਆ ਜਾ ਰਿਹਾ।ਇਸ ਮੌਕੇ ਬੋਲਦਿਆਂ ਗੁਰਸਾਬ ਸਿੰਘ ਡੱਲ, ਮਨਜੀਤ ਸਿੰਘ ਬੱਗੂ, ਨਛੱਤਰ ਸਿੰਘ ਮੁਗਲ ਚੱਕ, ਗੁਰਚਰਨ ਸਿੰਘ ਸਭਰਾ, ਮਹਾਂਵੀਰ ਸਿੰਘ ਗਿੱਲ, ਪੂਰਨ ਸਿੰਘ ਮਾੜੀਮੇਘਾ, ਜੱਸਾ ਸਿੰਘ ਕੱਦਗਿਲ, ਖਜ਼ਾਨਚੀ ਲਾਲ, ਸਤਪਾਲ ਸਿੰਘ ਨੱਥੋਕੇ, ਰੇਸ਼ਮ ਸਿੰਘ ਫੈਲੋਕੇ, ਭਗਵਾਨ ਸਿੰਘ ਗਿੱਲ, ਤਰਸੇਮ ਸਿੰਘ ਲੁਹਾਰ, ਅਜੈਬ ਸਿੰਘ ਅਲਾਦੀਨਪੁਰ, ਨਾਜਰ ਸਿੰਘ, ਕਾਰਜ ਸਿੰਘ ਕੈਰੋਂ, ਦਵਿੰਦਰ ਸੋਹਲ, ਕੇਵਲ ਸਿੰਘ ਮਾੜੀ ਕੰਬੋਕੇ, ਹਰਵਿੰਦਰ ਸਿੰਘ ਵਲੀਪੁਰ, ਬਲਵੰਤ ਸਿੰਘ ਖਹਿਰਾ, ਕੁਲਵੰਤ ਸਿੰਘ ਤੁੜ ਏਟਕ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਮੁਹਾਜ਼ 'ਤੇ ਫੇਲ ਹੋ ਚੁੱਕੀ ਹੈ।ਜ਼ਿਲ੍ਹਾ ਪ੍ਰਸ਼ਾਸਨ ਤੁਰੰਤ ਸਰਕਾਰ ਨੂੰ ਮਿੱਲ ਬੰਦ ਕਰਨ ਵਾਲੀ ਤਜਵੀਜ਼ ਸਰਕਾਰ ਨੂੰ ਵਾਪਸ ਭੇਜ ਕੇ ਕਿਸਾਨਾਂ ਦੇ ਗ਼ੁੱਸੇ ਤੋਂ ਜਾਣੂ ਕਰਵਾਏ।ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ 'ਚ ਸ਼ਾਮਲ ਜਥੇਬੰਦੀਆਂ ਜਲਦੀ ਮੀਟਿੰਗ ਸੱਦ ਕੇ ਸਹਿਕਾਰੀ ਸ਼ੂਗਰ ਮਿੱਲ ਸ਼ੇਰੋਂ ਚਾਲੂ ਕਰਵਾਉਣ ਲਈ ਪੱਕਾ ਮੋਰਚਾ ਲਗਾਉਣ ਦਾ ਐਲਾਨ ਕਰੇਗੀ।

# ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਘਰਾਂ 'ਚ ਮੱਛਰ ਦਾ ਲਾਰਵਾ ਚੈੱਕ ਕੀਤਾ



ਗੁਰਦਾਸਪੁਰ (ਦਿਨੇਸ਼ ਕੁਮਾਰ)-ਨੈਸ਼ਨਲ ਵੈਕਟਰ ਬੋਰਨ ਡਿਜ਼ੀਜ਼ ਕੰਟਰੋਲ ਪ੍ਰੋਗਰਾਮ ਤਹਿਤ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਗੁਰਦਾਸਪੁਰ ਜ਼ਿਲ੍ਹੇ ਵਿੱਚ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਗਤੀਵਿਧੀਆਂ ਕੀਤੀਆਂ ਗਈਆਂ।ਮੁਹਿੰਮ ਤਹਿਤ ਜ਼ਿਲੇ ਦੇ ਵੱਖ-ਵੱਖ ਪਿੰਡਾਂ ਵਿੱਚ ਮੱਛਰ ਦਾ ਲਾਰਵਾ ਚੈੱਕ ਕੀਤਾ ਗਿਆ।ਮੱਛਰ ਦੇ ਖਾਤਮੇ ਲਈ ਸਪਰੇ ਅਤੇ ਫੌਗਿੰਗ ਕਰਵਾਈ ਗਈ।ਇਸ ਸਬੰਧੀ ਸਿਵਲ ਸਰਜਨ ਡਾਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਸਮੇਂ ਵਿੱਚ ਬਰਸਾਤ ਕਾਰਨ ਜਗ੍ਹਾ ਜਗ੍ਹਾ 'ਤੇ ਜਮ੍ਹਾ ਪਾਣੀ ਵਿੱਚ ਮੱਛਰ ਦਾ ਲਾਰਵਾ ਪੈਦਾ ਹੋਣ ਦਾ ਖਤਰਾ ਬਣਿਆ ਸੀ।ਇਹ ਜ਼ਰੂਰੀ ਹੈ ਕਿ ਮੱਛਰ ਨੂੰ ਪੈਦਾ ਹੋਣ ਤੋਂ ਰੋਕਿਆ ਜਾਵੇ।ਜ਼ਿਲੇ ਵਿੱਚ ਡੇਂਗੂ, ਮਲੇਰੀਆ ਰੋਕਥਾਮ ਅਤੇ ਜਾਗਰੂਕਤਾ ਲਈ ਪਿੰਡ ਪੱਧਰ ਤੇ ਟੀਮਾਂ ਬਣਾਈਆਂ ਗਈਆਂ ਹਨ।ਬ੍ਰੀਡਿੰਗ ਚੈੱਕਰ ਦੀ ਵੀ ਭਰਤੀ ਕੀਤੀ ਗਈ ਹੈ।ਫੀਲਡ ਸਟਾਫ ਵੱਲੋਂ ਡੇਂਗੂ ਅਤੇ ਮਲੇਰੀਆ ਜਾਂਚ ਲਈ ਘਰਾਂ ਅਤੇ ਹੋਰ ਜਗ੍ਹਾ ਤੇ ਮੱਛਰ ਦੇ ਲਾਰਵੇ ਦੀ ਜਾਂਚ ਕੀਤੀ ਜਾ ਰਹੀ ਹੈ।ਮੱਛਰਾਂ ਨਾਲ ਹੋਣ ਵਾਲੇ ਰੋਗਾਂ ਦੀ ਰੋਕਥਾਮ ਲਈ ਹਰੇਕ ਸ਼ੁੱਕਰਵਾਰ ਨੂੰ ਡਰਾਈ ਡੇ ਗਤੀਵਿਧੀਆਂ ਜਾਰੀ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਤੇ ਵੀ ਫਾਲਤੂ ਵਿਚ ਪਾਣੀ ਨਾ ਜਮ੍ਹਾ ਹੋਣ ਦੇਣ।ਜੇ ਕਿਤੇ ਮੱਛਰ ਦਾ ਲਾਰਵਾ ਹੋਵੇ, ਉਸ ਨੂੰ ਨਸ਼ਟ ਕੀਤਾ ਜਾਵੇ।ਮੱਛਰ ਜਨਿਤ ਰੋਗਾਂ ਤੋਂ ਬਚਾਅ ਕੀਤਾ ਜਾਵੇ।ਬੁਖਾਰ ਹੋਣ 'ਤੇ ਤੁਰੰਤ ਨੇੜਲੇ ਸਿਹਤ ਕੇਂਦਰ ਤੋਂ ਜਾਂਚ ਕਰਵਾਈ ਜਾਵੇ। ਡਾਕਟਰ ਦੀ ਸਲਾਹ ਨਾਲ ਹੀ ਦਵਾਈ ਖਾਧੀ ਜਾਵੇ।ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਗੁਰਪ੍ਰੀਤ ਕੌਰ ਅਤੇ ਡਾ. ਵੰਦਨਾ ਨੇ ਕਿਹਾ ਕਿ ਸਮੂਹ ਸਰਕਾਰੀ ਹਸਪਤਲਾਂ ਵਿੱਚ ਡੇਂਗੂ ਦਾ ਟੈਸਟ ਮੁਫ਼ਤ ਹੁੰਦਾ ਹੈ।ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ।

# ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰ ਰਹੇ ਕਿਸਾਨ ਸਨਮਾਨਯੋਗ: ਬਾਬਾ ਸੁਰਜੀਤ ਸਿੰਘ



ਪੱਟੀ (ਬਲਦੇਵ ਸਿੰਘ ਸੰਧੂ)-ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਤੇਜਬੀਰ ਸਿੰਘ ਦੇ ਦਿਸ਼ਾ ਨਿਰਦੇਸ਼ ਅਤੇ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਸੂਚਨਾ ਸਿੱਖਿਆ ਅਤੇ ਪ੍ਰਸਾਰ ਗਤੀਵਿਧੀਆਂ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੁਆਰਾ ਹੋਟ ਸਪਾਟ ਪਿੰਡ ਲਹੁਕਾ ਵਿਖੇ ਸਰਕਲ ਇੰਚਾਰਜ ਗੁਰਬਰਿੰਦਰ ਸਿੰਘ ਏਡੀਓ, ਡਾ. ਜਸਵਿੰਦਰ ਸਿੰਘ ਭਾਟੀਆ ਖੇਤੀਬਾੜੀ ਸੂਚਨਾ ਅਫਸਰ, ਖਾਲਸਾ ਕਾਲਜ ਸਿਖਲਾਈ ਕੇਂਦਰ, ਅੰਮ੍ਰਿਤਸਰ, ਪ੍ਰਮਿੰਦਰ ਕੌਰ ਏਡੀਓ, ਦਇਆਪ੍ਰੀਤ ਸਿੰਘ ਏਈਓ, ਡਾ. ਹਰਪ੍ਰੀਤ ਸਿੰਘ ਵੈਟਰਨਰੀ ਅਫਸਰ ਅਤੇ ਗੁਰਪ੍ਰੀਤ ਸਿੰਘ ਬੀਟੀਐੱਮ ਆਧਾਰਿਤ ਟੀਮ ਨੇ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਬਾਬਾ ਸੁਰਜੀਤ ਸਿੰਘ ਕੈਰੋਂ ਵਾਲੇ ਅਤੇ ਮਾਹਿਰਾਂ ਨੇ ਕਿਹਾ ਕਿ ਧਰਤੀ ਦੀ ਬਨਾਵਟ ਅਤੇ ਇਸ ਵਿੱਚ ਪਾਈ ਜਾਣ ਵਾਲੀ ਜੈਵਿਕ ਸੰਪਤੀ ਦੇ ਮਹੱਤਵ ਬਾਰੇ ਜਾਣਕਾਰੀ ਨਾ ਹੋਣਾ ਸਾਡੀ ਇੱਕ ਬਹੁਤ ਵੱਡੀ ਕਮਜ਼ੋਰੀ ਹੈ।ਇਹ ਇੱਕ ਪ੍ਰਮਾਣਿਕ ਸੱਚ ਹੈ ਕਿ ਧਰਤੀ ਕੇਵਲ ਮਿੱਟੀ ਨਹੀਂ ਸਗੋਂ ਇਹ ਆਪਣੀ ਤਰ੍ਹਾਂ ਹੀ ਸੰਜੀਵ ਜਿਉਂਦੀ ਜਾਗਦੀ ਹੈ ਅਤੇ ਇਸ ਵਿੱਚ ਪਾਇਆ ਜਾਣ ਵਾਲਾ ਜੈਵਿਕ ਧਨ ਭਾਵ ਕਿ ਕਾਰਬਨਿਕ ਮਾਦਾ ਅਤੇ ਬਹੁਤ ਸਾਰੇ ਵੱਖ-ਵੱਖ ਤਰ੍ਹਾਂ ਦੇ ਸੂਖਮ ਜੀਵਾਣੂ ਇਸ ਦੀ ਜ਼ਿੰਦਗੀ ਦਾ ਆਧਾਰ ਹਨ।ਜਿਵੇਂ ਜਿਵੇਂ ਮਿੱਟੀ ਵਿੱਚ ਜੈਵਿਕ ਮਾਦਾ ਅਤੇ ਸੂਖਮ ਜੀਵਾਂ ਦੀ ਗਿਣਤੀ ਘਟਦੀ ਜਾਂਦੀ ਹੈ ਤਿਵੇਂ ਤਿਵੇਂ ਮਿੱਟੀ ਕਮਜ਼ੋਰ ਹੋ ਜਾਂਦੀ ਹੈ।ਨਤੀਜਨ ਧਰਤੀ ਦੀ ਉਪਜਾਊ ਸ਼ਕਤੀ ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਇਹ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ।ਜ਼ਮੀਨ ਨੂੰ ਹਮੇਸ਼ਾ ਲਈ ਉਪਜਾਊ ਬਣਾਏ ਰੱਖਣ ਲਈ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਉੱਦਮ ਕਰਨ ਜਿਸ ਨਾਲ ਜ਼ਮੀਨ ਵਿਚ ਜੈਵਿਕ ਮਾਦੇ ਦਾ ਨਿਰੰਤਰ ਨਿਰਮਾਣ ਹੋਵੇ ਜਾਂ ਇਸ ਕੰਮ ਨੂੰ ਕਰਨ ਲਈ ਅਨੁਕੂਲ ਹਾਲਾਤ ਮੁਹੱਈਆ ਹੋ ਸਕਣ।ਇਸ ਉਦੇਸ਼ ਲਈ ਸਭ ਤੋਂ ਪਹਿਲਾਂ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣਾ ਬੰਦ ਕਰਨਾ ਜ਼ਰੂਰੀ ਹੈ।ਇਸ ਮੌਕੇ ਕਿਸਾਨਾਂ ਨੂੰ ਕਿਹਾ ਗਿਆ ਕਿ ਖੇਤ ਖਾਲੀ ਹੋਣ ਤੇ ਮਿੱਟੀ ਦੀ ਪਰਖ ਕਰਵਾ ਲਈ ਜਾਵੇ। ਇਸ ਮੌਕੇ ਖੁੰਬਾਂ, ਪੋਲਟਰੀ, ਡੇਅਰੀ, ਸ਼ਹਿਦ ਮੱਖੀ ਪਾਲਣ, ਵਰਮੀ ਕੰਪੋਸਟ ਅਤੇ ਮਹਿਕਮੇ ਦੁਆਰਾ ਸਬਸਿਡੀ ਤੇ ਦਿੱਤੀ ਜਾ ਰਹੀ ਜਿਪਸਮ ਅਤੇ ਪੀਐਮ ਕਿਸਾਨ ਸਨਮਾਨ ਨਿਧੀ ਯੋਜਨਾ ਬਾਰੇ ਵੱਖ-ਵੱਖ ਬੁਲਾਰਿਆਂ ਨੇ ਜਾਣਕਾਰੀ ਦਿੱਤੀ।ਵਾਤਾਵਰਨ ਨਾਲ ਸਬੰਧਤ ਕਲਾ ਮੰਚ ਮਜੀਠਾ ਨੇ ਨੁੱਕੜ ਨਾਟਕ ਵੀ ਪੇਸ਼ ਕੀਤਾ।ਇਸ ਮੌਕੇ ਸਰਪੰਚ ਜਗਦੀਸ਼ ਸਿੰਘ, ਸੁਖਬੀਰ ਸਿੰਘ, ਗੁਰਦੇਵ ਸਿੰਘ, ਸਤਵੰਤ ਸਿੰਘ, ਤਰਸੇਮ ਸਿੰਘ, ਬਲਕਾਰ ਸਿੰਘ, ਖੇਤੀ ਉਪ ਨਿਰੀਖਕ ਨਿਸ਼ਾਨ ਸਿੰਘ, ਗੁਰਸਿਮਰਨ ਸਿੰਘ, ਫੀਲਡ ਵਰਕਰ ਗੁਰਲਾਲ ਸਿੰਘ, ਫਤਿਹ ਸਿੰਘ ਅਤੇ ਇਲਾਕੇ ਦੇ ਕਿਸਾਨਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਧਾਰੀਵਾਲ ਭੋਜਾ-ਅਰਜਨਪੁਰ ਲਿੰਕ ਸੜਕ ਦੇ ਭਾਗ ਖੁੱਲ੍ਹੇ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਹਲਕੇ ਦੇ ਵਿਧਾਇਕ ਸ਼ੈਰੀ ਕਲਸੀ ਨੇ ਬਲਾਕ ਧਾਰੀਵਾਲ ਅਧੀਨ ਪੈਂਦੇ ਪਿੰਡ ਧਾਰੀਵਾਲ ਭੋਜਾ ਤੋਂ ਅਰਜਨਪੁਰ ਤੱਕ ਲਿੰਕ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ।

ਵਿਧਾਇਕ ਕਲਸੀ ਨੇ ਕਿਹਾ ਕਿ ਉਹ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਦ੍ਰਿੜ ਸੰਕਲਪ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਵਿਕਾਸ ਕੰਮ ਜਾਰੀ ਹਨ, ਜਿਸ ਲਈ ਵੱਖ-ਵੱਖ ਪਿੰਡਾਂ ਵਿੱਚ ਸੜਕ ਬਣਾਉਣ ਦੇ ਕੰਮ ਚੱਲ ਰਹੇ ਹਨ। ਉਨ੍ਹਾ ਦੱਸਿਆ ਬਟਾਲਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦਾ ਨਵੀਨੀਕਰਨ, ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਖੇਡ ਸਟੇਡੀਅਮ ਬਣਾਉਣ, ਡੇਰਿਆਂ ਦੇ ਰਸਤੇ ਪੱਕੇ ਕਰਨ ਸਮੇਤ ਵੱਖ-ਵੱਖ ਵਿਕਾਸ ਕਾਰਜ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਹਨ। ਹਲਕੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਲੋਕਾਂ ਤੱਕ ਸਰਕਾਰ ਦੀਆਂ ਵੱਖ-ਵੱਖ ਭਲਾਈ ਸਕੀਮਾਂ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿੰਡਾਂ ਵਿੱਚ ਨਵੀਆਂ ਚੁਣੀਆਂ ਪੰਚਾਇਤਾਂ ਰਾਹੀਂ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਪਿੰਡਾਂ ਵਿੱਚ ਬਿਨਾਂ ਪੱਖਪਾਤ ਤੋਂ ਵਿਕਾਸ ਕਾਰਜ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇਗਾ।

# ਬਾਬਾ ਬੁੱਢਾ ਕਾਲਜ ਬੀੜ ਸਾਹਿਬ ਦੀ ਕਬੱਡੀ ਟੀਮ ਨੇ ਮਾਰੀਆਂ ਸ਼ਾਨਦਾਰ ਮੱਲਾਂ




ਝਬਾਲ (ਹਰਜਿੰਦਰ ਸਿੰਘ ਸੋਨੀ)-ਬਾਬਾ ਬੁੱਢਾ ਕਾਲਜ ਬੀੜ ਸਾਹਿਬ ਦੀ ਕਬੱਡੀ ਟੀਮ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅੰਤਰ ਕਾਲਜ ਕਬੱਡੀ ਟੂਰਨਾਮੈਂਟ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਟੀਮ ਨੇ ਸੁਲਤਾਨਪੁਰ ਲੋਧੀ ਕਾਲਜ ਨੂੰ 37 -10 ਅੰਕਾਂ ਨਾਲ ਅਤੇ ਐੱਨ. ਜੇ. ਕਾਲਜ ਪਠਾਨਕੋਟ ਨੂੰ 35-17 ਅੰਕਾਂ ਨਾਲ ਹਰਾਕੇ ਟੂਰਨਾਮੈਂਟ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਟੀਮ ਦੇ ਖਿਡਾਰੀ ਸਾਗਰ, ਮੋਹਿਤ, ਆਰੀਅਨ ਤੇ ਅਕਸ਼ੈ ਦੀ ਚੋਣ ਅੰਤਰ ਯੂਨੀਵਰਸਿਟੀ ਕੈਂਪ ਵਾਸਤੇ ਕੀਤੀ ਗਈ। ਕਾਲਜ ਪ੍ਰਿੰ. ਡਾ. ਕਰਨਜੀਤ ਸਿੰਘ ਬੇਦੀ ਨੇ ਇਸ ਟੀਮ ਦੀ ਜਿੱਤ ਤੇ ਸਮੁੱਚੀ ਟੀਮ, ਕੋਚ ਸੰਦੀਪ ਸਿੰਘ ਅਤੇ ਇੰਚਾਰਜ ਪ੍ਰੋ. ਅਮਰਬੀਰ ਸਿੰਘ ਦੀ ਕੀਤੀ ਮਿਹਨਤ ਦੀ ਸ਼ਲਾਘਾ ਕੀਤੀ।ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਜਗੀਰ ਸਿੰਘ ਢੋਟੀਆਂ ਨੇ ਇਸ ਜਿੱਤ ਦੀ ਖਿਡਾਰੀਆਂ ਤੇ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੱਤੀ ਅਤੇ ਜੇਤੂ ਖਿਡਾਰੀਆਂ ਨੂੰ ਸਾਲਾਨਾ ਸਮਾਗਮ ਵਿੱਚ ਵਿਸ਼ੇਸ਼ ਪੁਰਸਕਾਰ ਦੇਣ ਦਾ ਐਲਾਨ ਕੀਤਾ।ਸ. ਢੋਟੀਆਂ ਨੇ ਕਿਹਾ ਕਿ ਇਹ ਕਾਲਜ ਚੰਗੇ ਖਿਡਾਰੀਆਂ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਮੁਫਤ ਵਿੱਦਿਆ ਪ੍ਰਦਾਨ ਕਰਵਾ ਰਿਹਾ ਹੈ ਅਤੇ ਇਲਾਕੇ ਦੇ ਵਿਦਿਆਰਥੀਆਂ ਲਈ ਹਰ ਪ੍ਰਕਾਰ ਦੀ ਆਧੁਨਿਕ ਸਹੂਲਤ ਮੁਹੱਈਆ ਕਰਵਾ ਰਿਹਾ ਹੈ।ਇਸ ਮੌਕੇ ਤਜਿੰਦਰਜੀਤ ਸਿੰਘ ਸੁਪਰਡੈਂਟ, ਪ੍ਰੋ. ਸੁਰਿੰਦਰ ਸਿੰਘ, ਪ੍ਰੋ. ਇੰਦਰਜੀਤ ਸਿੰਘ, ਪ੍ਰੋ. ਅੰਮ੍ਰਿਤਪਾਲ ਸਿੰਘ, ਪ੍ਰੋ. ਸੁਖਪਾਲ ਕੌਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਅਕਵਿੰਦਰ ਕੌਰ ਅਤੇ ਸੁਖਬੀਰ ਸਿੰਘ ਆਦਿ ਹਾਜ਼ਰ ਸਨ।

# ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦਾ ਕ੍ਰਿਕਟ ਮੁਕਾਬਲਿਆਂ 'ਚ ਲਾਜਵਾਬ ਪ੍ਰਦਰਸ਼ਨ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਦੀ ਨਾਮਵਰ ਸੰਸਥਾ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੇ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਹਮੇਸ਼ਾ ਮੋਹਰੀ ਸਥਾਨ ਬਣਾਉਣ ਵਿੱਚ ਕਾਮਯਾਬੀ ਹਾਸਿਲ ਕਰਦੇ ਆ ਰਹੇ ਹਨ। ਇਸੇ ਲੜੀ ਤਹਿਤ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਕ੍ਰਿਕਟ (ਲੜਕਿਆਂ) ਮੁਕਾਬਲਿਆਂ ਵਿੱਚ ਲਾਜਵਾਬ ਪ੍ਰਦਰਸ਼ਨ ਕਰਕੇ ਸਕੂਲ ਨੂੰ ਜ਼ਿਲ੍ਹੇ ਭਰ ਦੇ ਸਕੂਲਾਂ ਵਿੱਚੋਂ ਮੋਹਰੀ ਬਣਾਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰ. ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੀ ਟੀਮ ਅੰਡਰ-14 (ਲੜਕੇ) ਨੇ ਜ਼ਿਲ੍ਹਾ ਪੱਧਰੀ ਜ਼ੋਨਲ ਕ੍ਰਿਕਟ ਮੁਕਾਬਲਿਆਂ ਵਿੱਚ ਹਿੱਸੇਦਾਰੀ ਲਈ ਸੀ ਜਿਸ ਵਿੱਚ ਤਕਰੀਬਨ ਵੱਖ-ਵੱਖ ਗਰੁੱਪ ਦੀਆਂ 7 ਜ਼ੋਨਾਂ ਦੀਆਂ ਟੀਮਾਂ ਸ਼ਾਮਿਲ ਸਨ ਜਿਨ੍ਹਾਂ ਵਿੱਚੋਂ ਉਨ੍ਹਾਂ ਦੇ ਸਕੂਲ ਦੇ ਕਪਤਾਨ ਸੁਖਰਾਜ ਸਿੰਘ ਦੀ ਅਗਵਾਈ ਹੇਠ ਖੇਡੀ ਅੰਡਰ- 14 ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕਰਕੇ ਵਾਹ-ਵਾਹ ਖੱਟੀ ਹੈ। ਇਸ ਤੋਂ ਇਲਾਵਾ ਟੀਮ ਦੇ ਬਾਕੀ ਖਿਡਾਰੀਆਂ ਗੈਰੀ ਠਾਕੁਰ, ਸਮਰ, ਵੀਰਪ੍ਰਤਾਪ ਸਿੰਘ, ਮਨਰੀਤ ਸਿੰਘ, ਅੰਸ਼ ਠਾਕੁਰ, ਅਰਸ਼ਦੀਪ ਸਿੰਘ ਅਤੇ ਮਿਤੁਲ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਆਸ ਪਾਸ ਇਲਾਕੇ ਵਿੱਚ ਰੌਸ਼ਨ ਕੀਤਾ ਹੈ। ਸਕੂਲ ਪਹੁੰਚਣ 'ਤੇ ਸਾਰੇ ਜੇਤੂ ਖਿਡਾਰੀਆਂ ਅਤੇ ਡੀ. ਪੀ. ਅਧਿਆਪਕਾਂ ਨੂੰ ਪ੍ਰਿੰ. ਐੱਸ. ਬੀ. ਨਾਯਰ ਅਤੇ ਮੈਨੇਜਮੈਂਟ ਮੈਂਬਰਾਂ ਮੈਡਮ ਨਵਦੀਪ ਕੌਰ ਅਤੇ ਕੁਲਦੀਪ ਕੌਰ ਨੇ ਸਨਮਾਨਿਤ ਕਰਦਿਆਂ ਵਧਾਈ ਦਿੱਤੀ। ਵਿਦਿਆਰਥੀਆਂ ਨੂੰ ਹਮੇਸ਼ਾ ਸਰੀਰਕ ਤੰਦਰੁਸਤੀ ਵੱਲ ਧਿਆਨ ਦੇਣ ਅਤੇ ਪੜ੍ਹਾਈ ਨੂੰ ਵੀ ਨਾਲ-ਨਾਲ ਜਾਰੀ ਰੱਖਣ ਦੀ ਪ੍ਰੇਰਨਾ ਦਿੱਤੀ ਗਈ। ਇਸ ਮੌਕੇ ਸਕੂਲ ਦੇ ਡੀ. ਪੀ. ਅਧਿਆਪਕ ਸ਼ਮਸ਼ੇਰ ਸਿੰਘ, ਬੇਅੰਤ ਸਿੰਘ, ਜਤਿੰਦਰ ਕੌਰ, ਦਮਨਬੀਰ ਸਿੰਘ ਸਮੇਤ ਸਮੂਹ ਸਟਾਫ ਮੈਂਬਰ ਹਾਜਰ ਸਨ।

# 2 ਪਿਸਤੌਲਾਂ ਤੇ ਅ.ਫੀਮ ਸਮੇਤ 3 ਕਾਬੂ




ਛੇਹਰਟਾ, (ਮਨੋਜ ਕੁਮਾਰ)-ਪੁਲਸ ਜ਼ਿਲ੍ਹਾ ਅੰਮ੍ਰਿਤਸਰ (ਦਿਹਾਤੀ) ਦੇ ਡੀ. ਐੱਸ. ਪੀ. (ਡੀ) ਗੁਰਿੰਦਰਪਾਲ ਸਿੰਘ ਦੀ ਅਗਵਾਈ ਹੇਠ ਸਪੈਸ਼ਲ ਸੈੱਲ ਅੰਮ੍ਰਿਤਸਰ (ਦਿਹਾਤੀ) ਨੇ ਇਕ ਗਲੌਕ ਪਿਸਤੌਲ, ਇਕ ਜਿਗਾਨਾ ਪਿਸਤੌਲ, 532 ਗ੍ਰਾਮ ਅਫੀਮ ਤੇ ਇਕ ਮੋਟਰ ਸਾਈਕਲ ਸਮੇਤ 3 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਜ਼ਿਲ੍ਹਾ ਅੰਮ੍ਰਿਤਸਰ (ਦਿਹਾਤੀ) ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਪੈਸ਼ਲ ਸੈੱਲ ਅੰਮ੍ਰਿਤਸਰ (ਦਿਹਾਤੀ) ਦੀ ਟੀਮ ਵੱਲੋਂ ਡਰੇਨ ਪਿੰਡ ਮੋਦੇ ਵਿਖੇ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਅਟਲਗੜ੍ਹ ਵਾਲੇ ਪਾਸਿਓਂ ਮੋਟਰ ਸਾਈਕਲ ਸਵਾਰ 3 ਨੌਜਵਾਨ ਆਉਂਦੇ ਦਿਖਾਈ ਦਿੱਤੇ। ਸ਼ੱਕ ਦੇ ਆਧਾਰ ਉਤੇ ਕਾਬੂ ਕਰਕੇ ਪੁੱਛਗਿੱਛ ਕਰਨ ਉੱਤੇ ਉਨ੍ਹਾਂ ਆਪਣੇ ਨਾਂਅ ਕਰਨਬੀਰ ਸਿੰਘ ਵਾਸੀ ਪਿੰਡ ਸਰਾਏ ਅਮਨਾਤ ਖਾਂ ਜ਼ਿਲ੍ਹਾ ਤਰਨ ਤਾਰਨ, ਸਾਹਿਲਪ੍ਰੀਤ ਸਿੰਘ ਵਾਸੀ ਪਿੰਡ ਚੀਮਾ ਕਲਾਂ ਜ਼ਿਲ੍ਹਾ ਤਰਨ ਤਾਰਨ, ਹੁਸਨਦੀਪ ਸਿੰਘ ਵਾਸੀ ਪਿੰਡ ਚੀਮਾ ਕਲਾਂ ਥਾਣਾ ਸਰਾਏ ਅਮਾਨਤ ਖਾਂ ਜ਼ਿਲ੍ਹਾ ਤਰਨ ਤਾਰਨ ਦੱਸਿਆ। ਤਲਾਸ਼ੀ ਲੈਣ 'ਤੇ ਉਨ੍ਹਾਂ ਕੋਲੋਂ 2 ਪਿਸਤੌਲ (ਇਕ ਗਲੌਕ ਤੇ ਇਕ ਜਿਗਾਨਾ) ਅਤੇ 532 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਸਬੰਧੀ ਉਕਤ ਗ੍ਰਿਫ਼ਤਾਰ ਮੁਲਜ਼ਮਾਂ ਖ਼ਿਲਾਫ਼ ਥਾਣਾ ਘਰਿੰਡਾ ਵਿਚ ਮਾਮਲਾ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ।

# ਟੀਸੀ ਇੰਟਰਨੈਸ਼ਨਲ ਸਕੂਲ ਵਿਖੇ ਕਰਵਾਇਆ ਨਵਰਾਤਰੀ ਸਮਾਰੋਹ



ਗੁਰਦਾਸਪੁਰ (ਦਿਨੇਸ਼ ਕੁਮਾਰ)-ਟੀਸੀ ਇੰਟਰਨੈਸ਼ਨਲ ਸਕੂਲ ਨੇ ਨਵਰਾਤਰੀ ਦੇ ਸ਼ੁਭ ਮੌਕੇ ਇੱਕ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ।

ਦੇਵੀ ਅੰਬਾ ਦੀ ਆਰਤੀ ਕੀਤੀ ਗਈ ਅਤੇ ਗਰਬਾ ਅਤੇ ਡਾਂਡੀਆ ਰਾਸ ਦਾ ਆਯੋਜਨ ਕੀਤਾ ਗਿਆ।ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਨਵਰਾਤਰੀ ਦੀ ਮਹੱਤਤਾ ਬਾਰੇ ਦੱਸਦੇ ਹੋਏ ਕਿਹਾ ਕਿ ਇਹ ਤਿਉਹਾਰ ਤਾਕਤ ਅਤੇ ਹਿੰਮਤ ਦੀ ਦੇਵੀ ਦੁਰਗਾ ਦੀ ਪੂਜਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।ਉਨ੍ਹਾਂ ਅੱਗੇ ਕਿਹਾ ਕਿ ਨਵਰਾਤਰੀ ਦਾ ਤਿਉਹਾਰ ਸਾਨੂੰ ਏਕਤਾ ਅਤੇ ਸਦਭਾਵਨਾ ਨਾਲ ਮਨਾਉਣ ਦਾ ਸੰਦੇਸ਼ ਦਿੰਦਾ ਹੈ। ਵਿਦਿਆਰਥੀਆਂ ਨੇ ਡਾਂਡੀਆ ਰਾਸ ਅਤੇ ਦੇਵੀ ਅੰਬਾ ਦੀ ਆਰਤੀ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਮੌਕੇ ਲਈ ਸਕੂਲ ਨੂੰ ਸਜਾਇਆ ਗਿਆ ਸੀ ਅਤੇ ਵਿਦਿਆਰਥੀਆਂ ਨੇ ਰਵਾਇਤੀ ਪਹਿਰਾਵੇ ਵਿੱਚ ਸ਼ਿਰਕਤ ਕੀਤੀ। ਟੀਸੀ ਇੰਟਰਨੈਸ਼ਨਲ ਸਕੂਲ ਦੁਆਰਾ ਇਹ ਪਹਿਲ ਵਿਦਿਆਰਥੀਆਂ ਨੂੰ ਸਾਡੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਲਈ ਇੱਕ ਸ਼ਲਾਘਾਯੋਗ ਕਦਮ ਹੈ।

# ਕੁੱਲ ਹਿੰਦ ਕਿਸਾਨ ਸਭਾ ਦੇ ਵਫ਼ਦ ਵੱਲੋਂ ਮਾਝੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ 8 ਨੂੰ



ਛੇਹਰਟਾ, (ਮਨੋਜ ਕੁਮਾਰ)-ਕੁੱਲ ਹਿੰਦ ਕਿਸਾਨ ਸਭਾ ਮਾਝਾ ਇਕਾਈ ਦੀ ਸਾਂਝੀ ਮੀਟਿੰਗ ਕਾਮਰੇਡ ਰਣਜੀਤ ਸਿੰਘ ਬੱਲ ਦੀ ਪ੍ਰਧਾਨਗੀ ਹੇਠ ਪਾਰਟੀ ਦਫ਼ਤਰ ਪੁਤਲੀਘਰ ਅੰਮ੍ਰਿਤਸਰ ਵਿਚ ਹੋਈ। ਇਸ ਮੌਕੇ ਸਭਾ ਦੇ ਸੂਬਾਈ ਜਨਰਲ ਸਕੱਤਰ ਕਾਮਰੇਡ ਬਲਜੀਤ ਸਿੰਘ ਗਰੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੱਸਿਆ ਕਿ ਕੁੱਲ ਹਿੰਦ ਕਿਸਾਨ ਸਭਾ ਦਾ ਉੱਚ ਪੱਧਰੀ ਵਫ਼ਦ 8 ਅਕਤੂਬਰ ਨੂੰ ਹੜ੍ਹ ਪ੍ਰਭਾਵਿਤ ਖੇਤਰ ਅਜਨਾਲਾ, ਤਰਨ ਤਾਰਨ ਤੇ ਡੇਰਾ ਬਾਬਾ ਨਾਨਕ ਦਾ ਦੌਰਾ ਕਰਨ ਆ ਰਿਹਾ ਹੈ, ਜੋ ਕਿ ਗਰੀਬ ਤੇ ਦਰਮਿਆਨੇ ਕਿਸਾਨਾਂ ਦਾ ਵੇਰਵਾ ਇਕੱਤਰ ਕਰਕੇ ਉਨ੍ਹਾਂ ਨੂੰ ਆਰਥਿਕ ਸਹਾਇਤਾ ਦੇਣ ਦੀ ਕੋਸ਼ਿਸ਼ ਕਰੇਗਾ।

ਉਨ੍ਹਾਂ ਦੱਸਿਆ ਕਿ ਇਸ ਵਫ਼ਦ ਵਿਚ ਕੁੱਲ ਹਿੰਦ ਕਿਸਾਨ ਸਭਾ ਦੇ ਕੌਮੀ ਪ੍ਰਧਾਨ ਅਸ਼ੋਕ ਧਾਵਲੇ, ਜਨਰਲ ਸਕੱਤਰ ਵੀਜੂ ਕ੍ਰਿਸ਼ਨਨ, ਵਿੱਤ ਸਕੱਤਰ ਕ੍ਰਿਸ਼ਨਾ ਪ੍ਰਸ਼ਾਦ, ਮੀਤ ਪ੍ਰਧਾਨ ਇੰਦਰਜੀਤ ਹਰਿਆਣਾ, ਪੇਮਾ ਰਾਮ ਰਾਜਸਥਾਨ ਅਤੇ ਤਿਆਗੀ ਸੂਬਾਈ ਆਗੂ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਜਥੇਬੰਦੀ ਦਾ ਸੂਬਾਈ ਇਜਲਾਸ 15-16 ਨਵੰਬਰ ਨੂੰ ਮੁੱਲਾਂਪੁਰ ਦਾਖਾ ਜ਼ਿਲ੍ਹਾ ਲੁਧਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਜਥੇਬੰਦੀ ਨੂੰ ਮਜ਼ਬੂਤ ਕਰਨ ਦੀ ਰੂਪ ਰੇਖਾ ਵੀ ਉਲੀਕੀ ਜਾਵੇਗੀ।

ਇਸ ਮੌਕੇ ਕਾਮਰੇਡ ਸੁੱਚਾ ਸਿੰਘ ਅਜਨਾਲਾ, ਸੁਵਿੰਦਰ ਸਿੰਘ ਮੀਰਾਂਕੋਟ, ਭੁਪਿੰਦਰਜੀਤ ਸਿੰਘ ਛੀਨਾ, ਨਰਿੰਦਰ ਸਿੰਘ ਡੇਰਾ ਬਾਬਾ ਨਾਨਕ, ਅਜੀਤ ਸਿੰਘ ਗੁਰਦਾਸਪੁਰ, ਇੰਦਰਜੀਤ ਸਿੰਘ ਮਰਹਾਣਾ ਤਰਨ ਤਾਰਨ, ਸੁਵਿੰਦਰ ਸਿੱਧੂ, ਬਖਤਾਵਰ ਸਿੰਘ, ਦਿਆਲ ਸਿੰਘ, ਪਿਆਰਾ ਸਿੰਘ, ਬਲਜਿੰਦਰ ਸਿੰਘ, ਕਵਲਜੀਤ ਕੌਰ, ਮਨਦੀਪ ਕੌਰ, ਪਰਮਜੀਤ ਕੌਰ ਆਦਿ ਆਗੂ ਹਾਜ਼ਰ ਸਨ।

# ਸੰਦੀਪ ਸਿੰਘ ਏ. ਆਰ. ਨੂੰ ਹਲਕਾ ਇੰਚਾਰਜ ਨਿਯੁਕਤ ਕਰਨ 'ਤੇ ਵਰਕਰਾਂ 'ਚ ਖੁਸ਼ੀ ਦੀ ਲਹਿਰ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ.ਸੁਖਬੀਰ ਸਿੰਘ ਬਾਦਲ ਵਲੋ ਸਾਬਕਾ ਵਿਧਇਕ ਸਵਰਗੀ ਮਲਕੀਤ ਸਿੰਘ ਏ ਆਰ ਦੇ ਸਪੁੱਤਰ ਅਤੇ ਮਿਹਨਤੀ ਆਗੂ ਸੰਦੀਪ ਸਿੰਘ ਏ.ਆਰ. ਜੰਡਿਆਲਾ ਗੁਰੂ ਵਿਧਾਨ ਸਭਾ ਹਲਕੇ ਦੇ ਇੰਚਾਰਜ ਨਿਯੁਕਤ ਕੀਤੇ ਜਾਣ ਨਾਲ ਅਕਾਲੀ ਵਰਕਰਾਂ ਵਿੱਚ ਭਾਰੀ ਉਤਸਾਹ ਵੇਖਣ ਨੂੰ ਮਿਲਿਆ ਅਤੇ ਵੱਖ ਵੱਖ ਅਕਾਲੀ ਵਰਕਰਾਂ ਵੱਲੋਂ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਸੰਦੀਪ ਸਿੰਘ ਏ. ਆਰ. ਨੇ ਗੱਲਬਾਤ ਕਰਦਿਆਂ ਬਿਕਰਮ ਸਿੰਘ ਮਜੀਠੀਆ, ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਅਕਾਲੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਬਦੌਲਤ ਉਨ੍ਹਾਂ ਨੂੰ ਆਪਣੇ ਪਿਤਾ ਦੀ ਵਿਰਾਸਤ ਸੰਭਾਲਣ ਦਾ ਮੌਕਾ ਮਿਲਿਆ ਹੈ।ਸੰਦੀਪ ਸਿੰਘ ਏ. ਆਰ. ਨੂੰ ਵਧਾਈ ਦੇਣ ਵਾਲਿਆਂ ਵਿੱਚ ਸਾਬਕਾ ਚੇਅਰਮੈਨ ਗੁਰਜਿੰਦਰ ਸਿੰਘ ਢਪਈਆਂ, ਸਾਬਕਾ ਸਰਪੰਚ ਸਾਹਿਬ ਸਿੰਘ ਖੁਜਾਲਾ, ਮਨਜੀਤ ਸਿੰਘ ਤਰਸਿੱਕਾ, ਜੋਧਾ ਖੁਜਾਲਾ, ਕੰਵਰਦੀਪ ਸਿੰਘ ਮਾਨ, ਹਰਜਿੰਦਰ ਸਿੰਘ ਨੰਗਲੀ, ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਬੰਡਾਲਾ, ਐਡਵੋਕੇਟ ਬਿਕਰਮਜੀਤ ਸਿੰਘ ਬਾਠ, ਸਰਪੰਚ ਰਣਧੀਰ ਸਿੰਘ ਭੋਏ, ਯਾਦ ਤਰਸਿੱਕਾ, ਸਾਬਕਾ ਸਰਪੰਚ ਮਨਜੀਤ ਸਿੰਘ ਪੰਧੇਰ, ਦਲਵੀਰ ਸਿੰਘ ਪ੍ਰਿੰਸ, ਸਲਵਿੰਦਰ ਸਿੰਘ ਰਾਜੂ, ਰਾਜਬੀਰ ਸਿੰਘ ਰੰਧਾਵਾ ਮਹਿਤਾ, ਸਾਬਕਾ ਸਰਪੰਚ ਸਰਨੈਲ ਸਿੰਘ ਸੈਦੋਲੇਹਲ, ਗੁਰਮੁੱਖ ਸਿੰਘ ਸਾਹਿਬਾ ਆਦਿ ਆਗੂ ਵੀ ਸ਼ਾਮਲ ਸਨ, ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਲਕਾ ਜੰਡਿਆਲਾ ਗੁਰੂ ਤੋਂ ਸ਼੍ਰੋਮਣੀ ਅਕਾਲੀ ਦਲ ਵੱਡੀ ਲੀਡ ਨਾਲ ਜਿੱਤ ਦਰਜ ਕਰੇਗਾ।

# ਆਸ਼ਾ ਸਕੂਲ 'ਚ ਡਿਜੀਟਲ ਡੀਟਾਕਸ ਵਿਸ਼ੇ 'ਤੇ ਵਿਸ਼ੇਸ਼ ਸੈਸ਼ਨ



ਪਠਾਨਕੋਟ (ਦਵਿੰਦਰ ਸਿੰਘ)-ਡਿਜੀਟਲ ਆਦਤ ਸਮਾਜ ਦੇ ਹਰ ਵਰਗ ਲਈ ਇੱਕ ਗੰਭੀਰ ਚੁਣੌਤੀ ਬਣ ਚੁੱਕੀ ਹੈ। ਇਸ ਸਮੱਸਿਆ ਬਾਰੇ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਆਸ਼ਾ ਸਕੂਲ, ਪਠਾਨਕੋਟ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਇਸ ਮੌਕੇ ਸਕ੍ਰੀਨਆਊਟ-ਇਨ ਦੇ ਕੋ-ਫਾਊਂਡਰ ਹਿਤੇਸ਼ ਅਬਰੋਲ ਨੇ ਡਿਜੀਟਲ ਡੀਟਾਕਸ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਸਕ੍ਰੀਨਆਊਟ.-ਇਨ ਭਾਰਤ ਦਾ ਪਹਿਲਾ ਸੀਬੀਟੀ ਅਧਾਰਤ ਡਿਜੀਟਲ ਡੀਟਾਕਸ ਸੈਂਟਰ ਹੈ, ਜਿਸ ਦੀ ਸਥਾਪਨਾ ਹਿਤੇਸ਼ ਅਬਰੋਲ ਅਤੇ ਡਾ. ਸੋਨਾ ਸ਼ਰਮਾ ਵੱਲੋਂ ਕੀਤੀ ਗਈ ਹੈ।

ਇਸਦੇ ਆਫਲਾਈਨ ਸੈਂਟਰ ਪਠਾਨਕੋਟ, ਲੁਧਿਆਣਾ, ਜੰਮੂ ਅਤੇ ਕੋਚੀ ਵਿੱਚ ਚੱਲ ਰਹੇ ਹਨ, ਜਦਕਿ ਇਸ ਦੀਆਂ ਆਨਲਾਈਨ ਸੇਵਾਵਾਂ ਸਾਰੇ ਭਾਰਤ ਵਿੱਚ ਉਪਲਬਧ ਹਨ।ਆਪਣੇ ਸੰਬੋਧਨ ਵਿੱਚ ਹਿਤੇਸ਼ ਅਬਰੋਲ ਨੇ ਕਿਹਾ ਕਿ ਅੱਜ ਤਕਨੀਕ ਜ਼ਰੂਰੀ ਹੈ ਪਰ ਇਸਦਾ ਜ਼ਿਆਦਾ ਉਪਯੋਗ ਹੁਣ ਲਤ ਬਣ ਚੁੱਕਾ ਹੈ।ਡਿਜੀਟਲ ਡੀਟਾਕਸ ਸਿਰਫ਼ ਬੱਚਿਆਂ ਲਈ ਨਹੀਂ, ਬਲਕਿ ਮਾਪੇ ਅਤੇ ਵੱਡੇ ਬਜ਼ੁਰਗਾਂ ਲਈ ਵੀ ਲਾਜ਼ਮੀ ਹੈ।ਇਸ ਮੌਕੇ ਮਿਸਿਜ਼ ਸ਼ਿਖਾ (ਪ੍ਰਿੰ. ਆਸ਼ਾ ਸਕੂਲ), ਸ਼ਿਖਾ ਪਠਾਣੀਆ, ਅਮਿਤ ਥਾਪਾ (ਕੋ-ਆਰਡੀਨੇਟਰ), ਸਿਮਰਨਜੋਤ ਸਿੰਘ, ਡਾ. ਮੇਘਾ ਮਹਾਜਨ ਸਮੇਤ ਬਹੁਤ ਸਾਰੇ ਮਾਪੇ, ਦਾਦਾ-ਦਾਦੀ ਅਤੇ ਨਾਨਾ-ਨਾਨੀ ਸ਼ਾਮਿਲ ਹੋਏ।ਇਸ ਮੌਕੇ ਤੇ ਪ੍ਰਿੰਸੀਪਲ ਮਿਸਿਜ਼ ਸ਼ਿਖਾ ਨੇ ਹਿਤੇਸ਼ ਅਬਰੋਲ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਹੋਰ ਸ਼ੈਸ਼ਨ ਕਰਵਾਉਣ ਦੀ ਗੱਲ ਕਹੀ।

# ਕਿਸਾਨਾਂ ਦੇ ਹੱਕਾਂ ਲਈ ਲੜਾਈ ਤਣ ਪੱਤਣ ਲਾਉਣ ਦਾ ਅਹਿਦ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਮਾਝਾ ਜ਼ੋਨ ਦੇ ਕਿਸਾਨ ਵਿੰਗ ਨੇ ਆਪਣੀ ਮਹੱਤਵਪੂਰਨ ਮੀਟਿੰਗ ਪੰਜਾਬ ਪ੍ਰਧਾਨ ਸ. ਮਹਿੰਦਰ ਸਿੰਘ ਸਿੱਧੂ, ਚੇਅਰਮੈਨ ਪਨਸੀਡ ਪੰਜਾਬ ਦੀ ਅਗਵਾਈ ਹੇਠ ਕੀਤੀ।ਮੀਟਿੰਗ ਵਿੱਚ ਸਟੇਟ ਸੈਕਟਰੀ ਕੁਲਦੀਪ ਸਿੰਘ ਮਥਰੇਵਾਲ, ਬਾਨੂ ਪ੍ਰਤਾਪ ਸਿੰਘ, ਜ਼ਿਲ੍ਹਾ ਪ੍ਰਧਾਨ ਬਲਬੀਰ ਸਿੰਘ ਬੋਪਾਰਾਏ, ਸਰਬਜੀਤ ਸਿੰਘ ਬੱਲ, ਗੁਰਦਾਸ ਸਿੰਘ, ਜਸਕਰਨ ਸਿੰਘ, ਬਲਜਿੰਦਰ ਸਿੰਘ, ਤਰਵਿੰਦਰ ਸਿੰਘ ਸਾਧਪੁਰ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਅਤੇ ਹਲਕਾ ਕੋਆਰਡੀਨੇਟਰ ਸਮੇਤ ਵੱਡੀ ਗਿਣਤੀ ਵਿੱਚ ਆਗੂ ਸ਼ਾਮਲ ਰਹੇ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਨੇ ਕਿਹਾ ਕਿ ਇਸ ਮੀਟਿੰਗ ਦਾ ਕੇਂਦਰ ਬਿੰਦੂ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣਾ, ਪਿੰਡਾਂ ਤੱਕ ਪਹੁੰਚ ਵਧਾਉਣਾ ਅਤੇ ਕਿਸਾਨਾਂ ਦੀਆਂ ਮੁੱਖ ਸਮੱਸਿਆਵਾਂ ਨੂੰ ਸਰਕਾਰ ਤੱਕ ਲਿਜਾਣਾ ਹੈ।

ਆਗੂਆਂ ਨੇ ਸਪਸ਼ਟ ਕੀਤਾ ਕਿ ਕਿਸਾਨ ਵਿੰਗ ਹਰ ਪੱਧਰ 'ਤੇ ਡਟ ਕੇ ਕਿਸਾਨਾਂ ਦੇ ਹੱਕਾਂ ਲਈ ਲੜਾਈ ਜਾਰੀ ਰੱਖੇਗਾ।ਚਰਚਾ ਦੌਰਾਨ ਨਵੇਂ ਰਣਨੀਤਿਕ ਕਦਮਾਂ, ਜ਼ਮੀਨੀ ਪੱਧਰ 'ਤੇ ਜਾਗਰੂਕਤਾ ਵਧਾਉਣ ਅਤੇ ਖੇਤੀਬਾੜੀ ਦੇ ਮਸਲਿਆਂ ਨੂੰ ਤੁਰੰਤ ਹੱਲ ਕਰਨ ਦੀ ਯੋਜਨਾ ਬਣਾਈ ਗਈ। ਆਗੂਆਂ ਨੇ ਜ਼ੋਰ ਦਿੱਤਾ ਕਿ ਸੰਗਠਨ ਦੀ ਸਰਗਰਮੀ ਖੇਤਰ ਵਿੱਚ ਕਿਸਾਨਾਂ ਵਿੱਚ ਭਰੋਸਾ ਵਧਾਏਗੀ ਅਤੇ ਆਵਾਜ਼ ਨੂੰ ਮਜ਼ਬੂਤ ਕਰੇਗੀ।ਇਸ ਮੀਟਿੰਗ ਨਾਲ ਮਾਝਾ ਖੇਤਰ ਵਿੱਚ ਕਿਸਾਨ ਵਿੰਗ ਦੇ ਸੰਘਰਸ਼ ਨੂੰ ਨਵੀਂ ਤਾਕਤ ਮਿਲੇਗੀ ਅਤੇ ਖੇਤੀਬਾੜੀ ਦੇ ਹੱਕਾਂ ਲਈ ਲੜਾਈ ਹੋਰ ਪ੍ਰਭਾਵਸ਼ਾਲੀ ਬਣੇਗੀ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਬਹੁਤ ਹੀ ਉਤਸ਼ਾਹ ਅਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ।ਸ਼ਹੀਦ ਭਗਤ ਸਿੰਘ ਜੋ ਕਿ ਸਿਰਫ਼ ਭਾਰਤ ਦੇ ਬਹਾਦਰ ਸਪੂਤ ਹੀ ਨਹੀਂ ਸਨ, ਸਗੋਂ ਬਲੀਦਾਨ ਅਤੇ ਦੇਸ਼ਭਗਤੀ ਦੀ ਇੱਕ ਸੱਚੀ ਮਿਸਾਲ ਸਨ।

ਇਸ ਮੌਕੇ ਵਿਦਿਆਰਥੀਆਂ ਨੇ ਰਚਨਾਤਮਕ ਚਾਰਟ ਬਣਾਏ ਅਤੇ ਪ੍ਰੇਰਣਾਦਾਇਕ ਨਾਅਰੇ ਪੇਸ਼ ਕੀਤੇ।

ਸਕੂਲ ਦੇ ਪ੍ਰਿੰਸੀਪਲ ਅਮਰੀਕ ਸਿੰਘ ਨੇ ਭਗਤ ਸਿੰਘ ਦੇ ਜੀਵਨ 'ਤੇ ਚਾਨਣਾ ਪਾਉਂਦੇ ਹੋਏ ਵਿਦਿਆਰਥੀਆਂ ਨੂੰ ਉਹਨਾਂ ਦੇ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

# ਖੇਤੀਬਾੜੀ ਵਿਭਾਗ ਨੇ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ




ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਅਤੇ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਡਾ: ਜਸਵੰਤ ਸਿੰਘ ਦੇ ਹੁਕਮਾਂ ਤਹਿਤ ਮੁੱਖ ਖੇਤੀਬਾੜੀ ਅਫਸਰ ਡਾ: ਬਲਜਿੰਦਰ ਸਿੰਘ ਭੁੱਲਰ ਅਤੇ ਖੇਤੀਬਾੜੀ ਅਫਸਰ ਬਲਾਕ ਡਾ: ਹਰਪ੍ਰੀਤ ਸਿੰਘ ਦੀ ਯੋਗ ਅਗਵਾਈ ਅਤੇ ਵਿਸਥਾਰ ਅਫਸਰ ਮਨਦੀਪ ਸਿੰਘ ਖੁੱਲਰ ਦੇ ਯਤਨਾਂ ਸਦਕਾ ਸਰਕਲ ਮੂਦਲ ਬਲਾਕ ਵੇਰਕਾ ਪਿੰਡਾਂ ਵਿਖੇ ਆਈਈਸੀ ਸਕੀਮ ਅਧੀਨ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕੈਂਪ ਵਿੱਚ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਵਿਸਥਾਰ ਅਫਸਰ ਮਨਦੀਪ ਸਿੰਘ ਖੁੱਲਰ ਨੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਸੁਚੱਜੀ ਸਾਂਭ ਸੰਭਾਲ ਜਿਵੇਂ ਕਿ ਉਸ ਨੂੰ ਖੇਤ ਵਿੱਚ ਰਲਾ ਕੇ ਜਾਂ ਬੇਲਰ ਨਾਲ ਗੱਠਾਂ ਬਣਵਾ ਕੇ ਪਰਾਲੀ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਵਿਸਥਾਰ ਅਫਸਰ ਪ੍ਰਭਦੀਪ ਸਿੰਘ ਗਿੱਲ ਚੇਤਨਪੁਰਾ ਨੇ ਕਿਸਾਨਾਂ ਨੂੰ ਖੇਤੀਬਾੜੀ ਮਹਿਕਮੇ ਵੱਲੋਂ ਮੁਹੱਈਆ ਕਰਵਾਏ ਜਾ ਰਹੇ ਸੰਦਾਂ ਦੀ ਸਬਸਿਡੀ ਬਾਰੇ ਜਾਣੂ ਕਰਵਾਇਆ ਅਤੇ ਵਿਸਥਾਰ ਅਫਸਰ ਹਰਗੁਰਨਾਦ ਸਿੰਘ ਨੇ ਕਿਸਾਨਾਂ ਨੂੰ ਮਿੱਟੀ ਟੈਸਟ ਕਰਾਉਣ ਬਾਰੇ ਜਾਣਕਾਰੀ ਦਿੱਤੀ। ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਡਾ: ਕੰਵਰਪਾਲ ਸਿੰਘ ਨੇ ਕਿਸਾਨਾਂ ਨੂੰ ਦੁਧਾਰੂ ਪਸ਼ੂਆਂ ਦੀ ਸਾਂਭ ਸੰਭਾਲ ਬਾਰੇ ਜਾਣਕਾਰੀ ਵੀ ਦਿੱਤੀ। ਬਾਗਬਾਨੀ ਵਿਭਾਗ ਤੋਂ ਡਾ: ਹਰਪ੍ਰੀਤ ਸਿੰਘ ਮੱਟੂ ਨੇ ਕਿਸਾਨਾਂ ਨੂੰ ਨਵੇਂ ਬਾਗ ਲਗਾਉਣ ਬਾਰੇ ਅਤੇ ਬਾਗਬਾਨੀ ਵਿਭਾਗ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਬਾਰੇ ਜਾਗਰੂਕ ਕੀਤਾ। ਲੰਗਜ਼ ਕੇਅਰ ਫਾਊਂਡੇਸ਼ਨ ਤੋਂ ਆਏ ਡਾ: ਸੋਨਾਲੀ ਵੋਹਰਾ ਨੇ ਪਰਾਲੀ ਪ੍ਰਦੂਸ਼ਣ ਦੇ ਧੂੰਏਂ ਨਾਲ ਹੋਣ ਵਾਲੇ ਸਿਹਤ ਤੇ ਮਾੜੇ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ। ਕੈਂਪ ਦੌਰਾਨ ਖਾਲਸਾ ਕਾਲਜ ਤੋਂ ਆਏ ਵਿਦਿਆਰਥੀਆਂ ਦੁਆਰਾ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਇਸ ਮੌਕੇ ਖੇਤੀਬਾੜੀ ਮਹਿਕਮੇ ਤੋਂ ਡਾ: ਗੁਰਜੀਤ ਸਿੰਘ (ਏ ਡੀ ਓ), ਵਿਸਥਾਰ ਅਫਸਰ ਪ੍ਰਦੀਪ ਸਿੰਘ ਅਤੇ ਵਿਸਥਾਰ ਅਫਸਰ ਪ੍ਰਭਜੋਤ ਸਿੰਘ, ਏਐੱਸਆਈ ਸੰਦੀਪ ਕੁਮਾਰ, ਸੰਜੀਵ ਕੱਕੜ ਅਤੇ ਹਰਿੰਦਰ ਪਾਲ ਸਿੰਘ ਹਾਜ਼ਰ ਸਨ। ਇਸ ਤੋਂ ਇਲਾਵਾ ਕਿਸਾਨ ਨਵਦੀਪ ਸਿੰਘ, ਲਖਵਿੰਦਰ ਸਿੰਘ, ਹਰਮਨ ਸਿੰਘ ਵਿਰਕ, ਅਨੂਪ ਸਿੰਘ, ਕੰਵਲਜੀਤ ਸਿੰਘ, ਨੰਬਰਦਾਰ ਪ੍ਰੋਜਨ ਸਿੰਘ, ਪਰਮਜੀਤ ਸਿੰਘ ਨੰਗਲੀ, ਰਿੰਕੂ ਨੰਗਲੀ, ਸੰਦੀਪ ਸਿੰਘ ਘਨੂੰਪੁਰ, ਰਾਜਾ ਮਾਹਲ, ਧਰਮਪਾਲ ਸਿੰਘ ਖਾਲਸਾ, ਸੁਖਦੇਵ ਸਿੰਘ ਆਦਿ ਕਿਸਾਨ ਹਾਜ਼ਰ ਸਨ।

# ਦਿਉਲ ਪਰਿਵਾਰ ਨੂੰ ਸਦਮਾ; ਸੰਤੋਖ ਸਿੰਘ ਦਾ ਦਿਹਾਂਤ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਮਾਝੇ ਦੇ ਇਤਿਹਾਸਕ ਕਸਬਾ ਫਤਿਹਾਬਾਦ ਦੇ ਦਿਓਲ ਪਰਿਵਾਰ ਨੂੰ ਉਸ ਸਮੇਂ ਵੱਡਾ ਸਦਮਾ ਲੱਗਾ ਜਦੋਂ ਰਿਟਾਇਰਡ ਪ੍ਰਿੰਸੀਪਲ ਦਲਬੀਰ ਸਿੰਘ ਦਿਓਲ ਦੇ ਛੋਟੇ ਭਰਾਤਾ ਸੰਤੋਖ ਸਿੰਘ ਦਿਓਲ ਭਾਂਡਿਆਂ ਵਾਲੇ ਜੋ ਕਿ ਕਬੱਡੀ ਦੇ ਖੇਡ ਮੈਦਾਨਾਂ ਦੀ ਰੌਣਕ ਸੀ, ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਉਨ੍ਹਾਂ ਦਾ ਅੰਤਿਮ ਸਸਕਾਰ ਧੂੰਦਾ ਰੋਡ ਵਾਲੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ ਜਿਥੇ ਉਨ੍ਹਾਂ ਦੇ ਵੱਡੇ ਭਰਾ ਸਰਦੂਲ ਸਿੰਘ ਦਿਓਲ, ਸੰਤੋਖ ਸਿੰਘ ਦਿਓਲ, ਗੁਰਦਿਆਲ ਸਿੰਘ ਦਿਓਲ, ਸੁਲੱਖਣ ਸਿੰਘ ਦਿਓਲ ਤੇ ਸਮੁੱਚਾ ਦਿਓਲ ਪਰਿਵਾਰ ਹਾਜ਼ਰ ਸੀ।ਇਸ ਮੌਕੇ ਦਿਓਲ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿਚ ਜਗਵਿੰਦਰ ਸਿੰਘ ਮਨਕੂ ਸਰਪੰਚ ਫਤਿਹਾਬਾਦ, ਬੇਅੰਤ ਸਿੰਘ ਪੈਟਰੋਲ ਪੰਪ ਵਾਲੇ, ਪ੍ਰਿੰ. ਸੁਖਵਿੰਦਰ ਸਿੰਘ, ਮਹਿੰਦਰ ਸਿੰਘ ਕੰਬੋਜ, ਗਿਆਨ ਸਿੰਘ ਦਿਓਲ, ਰਤਨ ਸਿੰਘ ਦਿਓਲ, ਚਰਨਜੀਤ ਸਿੰਘ ਬਿੱਟੂ ਆਦਿ ਹਾਜ਼ਰ ਸਨ।ਸੰਤੋਖ ਸਿੰਘ ਦਿਓਲ ਨਮਿਤ ਅੰਤਿਮ ਅਰਦਾਸ 5 ਅਕਤੂਬਰ ਨੂੰ ਗੁਰਦੁਆਰਾ ਕਰਮ ਸ਼ਾਹ ਦਾਤਾ ਫਤਿਹਾਬਾਦ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ।

# ਆਰ ਐੱਮ ਪੀ ਆਈ ਵੱਲੋਂ ਬੇਰੁਜ਼ਗਾਰ ਨੌਜਵਾਨਾਂ ਦੇ ਹੱਕ 'ਚ ਰੋਸ ਪ੍ਰਦਰਸ਼ਨ



ਪਠਾਨਕੋਟ (ਦਵਿੰਦਰ ਸਿੰਘ)-ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਸ਼ਹੀਦ ਭਗਤ ਨੌਜਵਾਨ ਸਭਾ ਪੰਜਾਬ ਦੇ ਆਗੂਆਂ ਨੂੰ ਪਿੰਡ ਖਟਕੜ ਕਲਾਂ ਜਾਣ ਤੋਂ ਰੋਕਣ ਅਤੇ ਨੌਜਵਾਨ ਵਰਗ ਦੀਆਂ ਮੁੱਖ ਮੰਗਾਂ ਰੁਜ਼ਗਾਰ ਦੇਣ ਤੇ ਨਸ਼ਾ ਮਾਫੀਆ ਨੂੰ ਖਤਮ ਕਰਨ ਤੋਂ ਪੰਜਾਬ ਸਰਕਾਰ ਦੇ ਪਾਸਾ ਵੱਟ ਲੈਣ ਦੇ ਵਿਰੁੱਧ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਪਠਾਨਕੋਟ ਵਿਖੇ ਭਗਵੰਤ ਮਾਨ ਸਰਕਾਰ ਦਾ ਪੁਤਲਾ ਫੂਕਿਆ ਤੇ ਨੌਜਵਾਨ ਦੀਆਂ ਮੰਗਾਂ ਦਾ ਸਮਰਥਨ ਕੀਤਾ।

ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਪ੍ਰਧਾਨ ਸਾਥੀ ਮਨਜਿੰਦਰ ਸਿੰਘ ਢੇਸੀ ਦੇ ਘਰ ਗ੍ਰਿਫ਼ਤਾਰੀ ਕਰਨ ਲਈ ਪੁਲਸ ਵੱਲੋਂ ਰੇਡ ਕਰਨ ਦੀ ਨਿਖੇਧੀ ਕੀਤੀ।ਵੱਧ ਤੋਂ ਵੱਧ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਧਰਨੇ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ।

ਆਰਐੱਮਪੀਆਈ ਦੇ ਆਗੂ ਮਾਸਟਰ ਸੁਭਾਸ਼ ਸ਼ਰਮਾ, ਕਾਮਰੇਡ ਬਲਵੰਤ ਸਿੰਘ ਘੋਹ, ਰਘਬੀਰ ਸਿੰਘ ਧਲੌਰੀਆਂ, ਬਲਦੇਵ ਰਾਜ ਭੋਆ, ਬਲਬੀਰ ਸਿੰਘ ਬੇੜੀਆਂ, ਰਾਮ ਬਿਲਾਸ ਠਾਕੁਰ, ਹਰਜਿੰਦਰ ਸਿੰਘ ਲਮੀਣੀ, ਸਕੱਤਰ ਸਿੰਘ ਨਰਿੰਜਣ ਸਿੰਘ ਢਡਵਾਲ, ਕੁਲਦੀਪ ਰਾਜ, ਨਰੋਤਮ ਸਿੰਘ ਅਤੇ ਹੋਰ ਆਗੂਆਂ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।

# ਦੁਸਹਿਰੇ ਮੌਕੇ ਕਰਤਾਰਪੁਰ ਤੋਂ ਵਿਸ਼ੇਸ਼ ਸਪਲੀਮੈਂਟ


ਦੁਸਹਿਰੇ ਮੌਕੇ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

MOHINDRA PUBLIC SENIOR SECONDARY SCHOOL

(A Premier Co-educational Smart School)

NURSERY TO XII

(Affiliated to Punjab School Education Board)

G.T. Road, VPO Dayalpur,Distt. Kapurthala, Punjab-144803

"Nurturing & Inspiring Your Children in Faith & Knowledge"

Key features :

* M-TOP (Mohindra Target OIympiad Programme) * "Mohindra Times Square"

A News Letter * Mohindra Eco Club

*Mohindra Buddy Group, * Activity Room for Kindergarten Students.



Madam Mohinder Kaur
Founder of school

For Admission enquiry reach us at. +91-9501606045

mpsdayalpur@gmail.com



ਧੰਨਵਾਦ

ਮੈਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਦੁਸਹਿਰੇ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਆਪਣਾ ਸਹਿਯੋਗ ਦਿੱਤਾ ਹੈ। ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਮੈਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ।

ਹਰਮੇਸ਼ ਦੱਤ ਪੱਤਰਕਾਰ ਕਰਤਾਰਪੁਰ, ਮੋਬਾ. 8968043255



ਦੁਸਹਿਰੇ ਦੀਆਂ ਇਲਾਕਾ ਨਿਵਾਸੀਆਂ ਨੂੰ ਸ਼ੁੱਭਕਾਮਨਾਵਾਂ

ਜੋ ਆਵੇ ਸੋ ਰਾਜ਼ੀ ਜਾਵੇ

Sukhmani Health Clinic

Dyalpur

Dr. RAJVIR SINGH SIDHU

(M. 94171-98572)



ਦੁਸਹਿਰੇ ਦੀਆਂ ਇਲਾਕਾ ਨਿਵਾਸੀਆਂ ਨੂੰ ਸ਼ੁੱਭਕਾਮਨਾਵਾਂ

SANT BABA NIDHAN SINGH JI PUBLIC SCHOOL

Tahli Sahib Road, Kartarpur, Jalandhar

School No. CHD-20614

Affiliated To C.B.S.E
New Dehli, Code-1630627

Salient Features : -

Newly built, fully ventilated building

* Well qualified Teachers and Spacious playgrounds * Bus facility

ਸੰਤ ਬਾਬਾ ਨਿਧਾਨ ਸਿੰਘ ਜੀ

ਸੰਤ ਬਾਬਾ ਜੋਗਿੰਦਰ ਸਿੰਘ ਜੀ

ਮੈਡਮ ਸੁਰਿੰਦਰ ਕੌਰ
ਚੇਅਰਪਰਸਨ

ਡਾ. ਚਰਨ ਸਿੰਘ
ਪ੍ਰਧਾਨ

ਸ. ਸਤਨਾਮ ਸਿੰਘ
ਕਮੇਟੀ ਮੈਂਬਰ

ਮੈਡਮ ਕੰਵਲਜੀਤ ਕੌਰ
ਪ੍ਰਿੰਸੀਪਲ

E-mail : sbnpschool@rediffmail.com, Website : sbnsjipublicschoolkartarpur.in

Mob. 92572-13172, Landline : 0181-2782350



Our Ventures :

AGGARWAL CARGO CARE

ARIHANT CONSTRUCTION CO.

AGGARWAL CONSTRUCTION CO.

ACCUTECH CONSTRUCTION CONSULTANTS

ACL GROUP

❖ Engineers & Contractors ❖ Ready Mix Concrete Plant

❖ Construction Consultants ❖ TATA Authorised Service Station

Corporate Office : Industrial Area, Kapurthala-144601 (Punjab)

Arihant Aggarwal | Rohit Aggarwal | Shiv Rattan Aggarwal | Vivek Aggarwal | Dikshant Aggarwal | Saksham Aggarwal



ਬਹੁਜਨ ਭੀਮ ਆਰਮੀ ਪੰਜਾਬ ਵੱਲੋਂ

ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਮੁਬਾਰਕਾਂ



ਦੁਸਹਿਰੇ ਦੀਆਂ ਇਲਾਕਾ ਨਿਵਾਸੀਆਂ ਨੂੰ ਸ਼ੁੱਭਕਾਮਨਾਵਾਂ

ਨਵਨੀਤ ਸਿੰਘ ਢੀਨਾ

ਜਨਰਲ ਸਕੱਤਰ ਮੈਂਬਰ ਕੋਰ ਕਮੇਟੀ, ਅਕਾਲੀ ਦਲ

ਮੋਬਾਇਲ : 98781-08787



ਦੁਸਹਿਰੇ ਦੇ ਸ਼ੁੱਭ ਦਿਹਾੜੇ ਮੌਕੇ ਦੇਸ਼-ਵਿਦੇਸ਼ ਬੈਠੇ ਪੰਜਾਬੀਆਂ ਨੂੰ ਲੱਖ-ਲੱਖ ਮੁਬਾਰਕਾਂ

Kundan Lal, Joginder Pal

Paints and Hardware Store

Tushar Aggarwal
98888-74777

Pardeep Aggarwal
98142-24448

Furniture Bazar Kartapur, Jalandhar



ਦੁਸਹਿਰੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਜੋ ਆਵੇ ਸੋ ਰਾਜ਼ੀ ਜਾਵੇ

Brar Nursing Home

Facilities available

ECG, INDOOR LAB

Emergency 24 Hours

Dyalpur, Kapurthla

M : 98765-98665, 98140-98440

Available in 40 Beds

Dr. PERMINDER PAL SINGH BRAR



Om Parkash Memorial Institute of Education

Dyalpur, Near Kartarpur, Distt Kapurthala-144803

Affiliated to Guru Nanak Dev University, Amritsar, Accredited Grade `B` by NAAC

Running Regular B.Ed Course since 2005.

* well qualified staff * Good Infrastructure * 100% Results

* Scholarship scheme for SC/BC and Minority students

* Concession for eligible Siblings. * Special facilities for needy students

Admission Open in Distance Education Program (Under GNDU)

• B.A. • B.Com. • M.A. (Punjabi) • DCA

• Certificate Course in Communication and Professional Skills in English

• Certificate Course in Basics of Health & Fitness

• Certificate Course in School Counseling Essentials

• Certificate / Diploma Course in Digital Marketing

• Certificate Course in Ageing & Elderly Care (Non Clinical)

• Certificate Course in Sustainable Agriculture



Sh. Satish Kumar
(Chairman)

Enquiry: 80548-81500, 98141-24849, 79861-01180

E-mail: opminstitutes@yahoo.com



Raj Kumar Arora 'Raju'

ARORA MILK CHILLING CENTRE

Bholath Road, KARTARPUR, Distt. Jalandhar.

ਸਪੈਸ਼ਲਿਸਟ-ਤਾਜ਼ਾ ਪਨੀਰ, ਦੁੱਧ ਅਤੇ ਕਰੀਮ

ਵਿਆਹ ਸ਼ਾਦੀਆਂ ਵਾਸਤੇ ਆਰਡਰ ਬੁੱਕ ਕਰਵਾਓ, ਹਰ ਚੀਜ਼ ਦੀ 100% ਗਾਰੰਟੀ

ਭੁੱਲਥ ਰੋਡ, ਨੇੜੇ ਮਹਾਰਾਜਾ ਪੈਲਸ ਕਰਤਾਰਪੁਰ (ਜਲੰਧਰ)

Mob.-98550-42278,98726-18278,98148-18278

98158-40014,98151-07825 (e-mail-amcsraj@gamil.com


## ਡੀ ਜੀ ਪੀ ਵੱਲੋਂ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਸਿਸਟਮ ਦੇ ਪਹਿਲੇ ਪੜਾਅ ਦੀ ਸ਼ੁਰੂਆਤ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)**- ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਸ ਗੌਰਵ ਯਾਦਵ ਵਲੋਂ ਸੋਮਵਾਰ ਨੂੰ ਜਲੰਧਰ ਵਿਖੇ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਸਿਸਟਮ (ਆਈ ਟੀ ਐਮ ਐਸ) ਦੇ ਪਹਿਲੇ ਪੜ੍ਹਾਅ ਦੀ ਸ਼ੁਰੂਆਤ ਕੀਤੀ ਗਈ, ਜੋ ਕਿ ਸ਼ਹਿਰ ਦੇ ਟ੍ਰੈਫਿਕ ਰੈਗੂਲੇਸ਼ਨ ਅਤੇ ਨਿਗਰਾਨੀ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਵੱਲ ਇਕ ਮਹੱਤਵਪੂਰਣ ਕਦਮ ਹੈ। ਡੀ ਜੀ ਪੀ ਨੇ ਕਿਹਾ ਕਿ ਐਸ ਏ ਐਸ ਨਗਰ ਤੋਂ ਬਾਅਦ ਜਲੰਧਰ ਇਸ ਅਤਿ ਆਧੁਨਿਕ ਪ੍ਰਣਾਲੀ ਨੂੰ ਲਾਗੂ ਕਰਨ ਵਾਲਾ ਪੰਜਾਬ ਦਾ ਦੂਜਾ ਸ਼ਹਿਰ ਬਣ ਗਿਆ ਹੈ। ਇਸ ਮੌਕੇ ਉਨ੍ਹਾਂ ਨਾਲ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ, ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਅਤੇ ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ ਵੀ ਮੌਜੂਦ ਸਨ। 42 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਿਤ ਸਿਟੀ ਸਰਵੇਲੈਂਸ ਤੇ ਟ੍ਰੈਫਿਕ ਮੈਨੇਜਮੈਂਟ ਸਿਸਟਮ ਦਾ ਪਹਿਲਾ ਪੜਾਅ ਪੁਲਸ ਲਾਈਨ ਵਿਖੇ ਸਥਿਤ ਇੰਟੇਗ੍ਰੇਟਿਡ ਕਮਾਂਡ ਅਤੇ ਕੰਟਰੋਲ ਸੈਂਟਰ (ਆਈ ਸੀ ਸੀ ਸੀ) ਨਾਲ ਜੋੜਿਆ ਗਿਆ ਹੈ। ਇਸ ਵਿੱਚ 13 ਮਹੱਤਵਪੂਰਣ ਜੰਕਸ਼ਨਾਂ 'ਤੇ ਸਥਾਪਿਤ 142 ਹਾਈ-ਰੈਜ਼ੋਲਿਊਸ਼ਨ ਕੈਮਰਿਆਂ ਨੂੰ ਏਕੀਕ੍ਰਿਤ ਕੀਤਾ ਗਿਆ ਹੈ।



ਇਸ ਸਿਸਟਮ ਵਿੱਚ 102 ਆਟੋਮੈਟਿਕ ਨੰਬਰ ਪਲੇਟ ਰਿਕੋਗਨੇਸ਼ਨ (ਏ.ਐਨ.ਪੀ.ਆਰ.) ਕੈਮਰੇ, 40 ਰੈੱਡ ਲਾਈਟ ਵਾਇਲੇਸ਼ਨ ਡਿਟੈਕਸ਼ਨ (ਆਰ.ਐਲ.ਵੀ.ਡੀ.) ਕੈਮਰੇ, 83 ਬੁਲੇਟ ਕੈਮਰੇ, ਚਾਰ ਪੀ ਟੀ ਜ਼ੈਡ ਕੈਮਰੇ, 30 ਵਿਜ਼ੂਅਲ ਮੈਸੇਜ ਡਿਸਪਲੇਅ ਸਕਰੀਨ ਅਤੇ ਦੋ ਸਪੀਡ ਵਾਇਲੇਸ਼ਨ ਡਿਟੈਕਸ਼ਨ ਸਾਈਟਾਂ 'ਤੇ 16 ਕੈਮਰੇ ਸ਼ਾਮਲ ਹਨ। ਸ਼ਹਿਰੀ ਵਿਆਪੀ ਨਿਗਰਾਨੀ ਯੋਜਨਾ ਤਹਿਤ 1003 ਕੈਮਰਿਆਂ ਦੇ ਨਾਲ ਪਬਲਿਕ ਐਡਰੈੱਸ ਸਿਸਟਮ ਅਤੇ ਐਮਰਜੈਂਸੀ ਕਾਲ ਬਾਕਸ ਪ੍ਰਣਾਲੀ ਲਗਾਉਣ ਦੀ ਯੋਜਨਾ ਹੈ। ਇਸ ਦੀ ਪ੍ਰਮੁੱਖ ਵਿਸ਼ੇਸ਼ਤਾ ਈ-ਚਲਾਨ ਪ੍ਰਣਾਲੀ ਹੈ, ਜੋ ਐਨ ਆਈ ਸੀਜ਼ ਦੇ 'ਵਾਹਨ' ਅਤੇ ਸਾਰਥੀ ਡਾਟਾਬੇਸਿਸ ਨਾਲ ਏਕੀਕ੍ਰਿਤ ਹੈ ਅਤੇ ਲਾਲ ਬੱਤੀ ਟੱਪਣ, ਓਵਰਸਪੀਡ ਅਤੇ ਗਲਤ ਸਾਈਡ ਤੋਂ ਡਰਾਈਵਿੰਗ ਕਰਨ 'ਤੇ ਸਵੈ ਚਲਿਤ ਚਲਾਨ ਕੱਟਣ ਦੇ ਸਮਰੱਥ ਹੈ।

## ਸੰਤ ਪ੍ਰੀਤਮ ਦਾਸ ਮੈਮੋਰੀਅਲ ਚੈਰੀਟੇਬਲ ਹਸਪਤਾਲ ਮੁੜ ਚਾਲੂ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਸੰਤ ਬਾਬਾ ਪ੍ਰੀਤਮ ਦਾਸ ਬਾਬੇ ਜੌੜੇ ਵਾਲਿਆਂ ਦੀ ਯਾਦ 'ਚ ਇਲਾਕੇ ਦੀਆਂ ਸੰਗਤਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਲਈ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਬਾਬਾ ਨਿਰਮਲ ਦਾਸ ਜੀ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ) ਪੰਜਾਬ ਵਲੋਂ ਸੰਤ ਪ੍ਰੀਤਮ ਦਾਸ ਮੈਮੋਰੀਅਲ ਚੈਰੀਟੇਬਲ ਹਸਪਤਾਲ ਪਿੰਡ ਰਾਏਪੁਰ ਰਸੂਲਪੁਰ ਵਿਖੇ ਬਣਾਇਆ ਗਿਆ ਹੈ। ਕਰੋਨਾ ਕਾਲ ਦੌਰਾਨ ਕਿਸੇ ਮਜਬੂਰੀ ਕਾਰਨ ਇਨਡੋਰ ਸੇਵਾਵਾਂ ਬੰਦ ਕਰ ਦਿੱਤੀਆਂ ਸਨ। ਜਿਸ ਨੂੰ ਸੰਗਤਾਂ ਲਈ ਸੰਤ ਬਾਬਾ ਨਿਰਮਲ ਦਾਸ ਵਲੋਂ ਮੁੜ ਚਾਲੂ ਕਰ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਤ ਬਾਬਾ ਨਿਰਮਲ ਦਾਸ ਨੇ ਦੱਸਿਆ ਕਿ ਹਸਪਤਾਲ 'ਚ ਸੰਗਤਾਂ ਦੀ ਸੇਵਾ ਲਈ ਡਾਕਟਰ ਬਲਦੇਵ ਸਿੰਘ ਰਿਟਾ. ਡਿਪਟੀ ਡਾਇਰੈਕਟਰ ਨੂੰ ਹਸਪਤਾਲ ਦਾ ਮੈਨੇਜਿੰਗ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ ਜੋ ਹਸਪਤਾਲ ਦਾ ਸਾਰਾ ਪ੍ਰਬੰਧ ਦੇਖਣਗੇ। ਇਸ ਮੌਕੇ ਭੈਣ ਸੰਤੋਸ਼ ਕੁਮਾਰੀ ਨੇ ਦੱਸਿਆ ਕਿ ਸੰਤ ਬਾਬਾ ਨਿਰਮਲ ਦਾਸ ਵਲੋਂ ਜੋ ਮਨੁੱਖਤਾ ਦੀ ਸੇਵਾ ਦਾ ਬੀੜਾ ਚੁੱਕਿਆ ਹੋਇਆ ਹੈ ਜਿਸ 'ਚ ਸੰਤ ਮਹਾਪੁਰਸ਼ਾਂ ਵਲੋਂ ਅੱਖਾਂ ਦੇ ਅਤੇ ਮੈਡੀਕਲ ਕੈਂਪ ਲਗਾਤਾਰ ਲਗਾਏ ਜਾ ਰਹੇ ਹਨ ਅਤੇ ਹਸਪਤਾਲ 'ਚ ਦੰਦਾਂ ਦੇ ਡਾਕਟਰ ਵਲੋਂ ਲਗਾਤਾਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਹੁਣ ਹਸਪਤਾਲ ਰੋਜ਼ਾਨਾ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਖੁੱਲ੍ਹੇਗਾ ਜਿਸ 'ਚ ਵੱਖ ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਵਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਜਾਵੇਗਾ ਅਤੇ ਵਧੀਆ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਸੰਤ ਬਾਬਾ ਪ੍ਰੀਤਮ ਦਾਸ ਜੀ ਮੈਡੀਕਲ ਸੁਸਾਇਟੀ ਦੇ ਸਕੱਤਰ ਰਮੇਸ਼ ਸਿੰਘ ਭੱਟੀ ਨੇ ਡਾਕਟਰ ਬਲਦੇਵ ਸਿੰਘ ਨੂੰ ਕਿਹਾ ਤੁਸੀਂ ਹਸਪਤਾਲ ਦਾ ਪ੍ਰਬੰਧ ਵਧੀਆ ਤਰੀਕੇ ਨਾਲ ਚਲਾਓ ਅਸੀਂ ਤੁਹਾਨੂੰ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਿਆਂਗੇ। ਇਸ ਮੌਕੇ ਡਾਕਟਰ ਬਲਦੇਵ ਸਿੰਘ ਵਲੋਂ ਹਸਪਤਾਲ ਦਾ ਚਾਰਜ ਸੰਭਾਲਣ ਉਪਰੰਤ ਸੰਤ ਬਾਬਾ ਨਿਰਮਲ ਦਾਸ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਸੌਂਪੀ ਜ਼ੁੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਦੇ ਡਾਇਰੈਕਟਰ ਸੁਲਿੰਦਰ ਸਿੰਘ ਨੇ ਇਸ ਮਹਾਨ ਕਾਰਜ ਲਈ ਸੰਤ ਬਾਬਾ ਨਿਰਮਲ ਦਾਸ ਦੀ ਸ਼ਲਾਘਾ ਕੀਤੀ।ਇਸ ਮੌਕੇ ਸੰਨੀ ਕੁਮਾਰ ਰਾਏਪੁਰ, ਡਾ.ਅਨਿਲ ਕੁਮਾਰ, ਮੈਡਮ ਪ੍ਰਿਆ, ਜਸਵਿੰਦਰ ਸਿੰਘ, ਗਗਨਦੀਪ ਸਿੰਘ, ਕਮਲ ਸਿੰਘ ਤੋਂ ਇਲਾਵਾ ਹਸਪਤਾਲ ਦਾ ਸਮੂਹ ਸਟਾਫ਼ ਹਾਜ਼ਰ ਸੀ।



## ਸੁੱਖੋ ਦੇਵਾ ਦਾ ਜਨਮ ਦਿਨ ਮੇਲੇ ਦੇ ਰੂਪ 'ਚ ਮਨਾਇਆ



**ਬੰਗਾ (ਅਵਤਾਰ ਕਲੇਰ)**- ਦਰਬਾਰ ਬਾਪੂ ਬੱਕਰੀਆਂ ਵਾਲਾ ਬਹਿਰਾਮ ਵਿਖੇ ਅਲਮਸਤ ਮਾਸੂਮ ਸੁੱਖੋ ਦੇਵਾ ਦਾ ਜਨਮ ਦਿਨ ਮੇਲੇ ਦੇ ਰੂਪ 'ਚ ਮਨਾਇਆ ਗਿਆ। ਗੱਦੀਨਸ਼ੀਨ ਬਾਪੂ ਚਰਨਦਾਸ ਦੀ ਰਹਿਨੁਮਾਈ ਮਨਾਏ ਇਸ ਮੇਲੇ ਦੌਰਾਨ ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਦਰਬਾਰ 'ਤੇ ਚਿਰਾਗਾਂ ਦੀ ਰਸਮ, ਚਾਦਰ ਦੀ ਰਸਮ ਅਦਾ ਕੀਤੀ ਗਈ। ਸਰਬੱਤ ਦੇ ਭਲੇ ਲਈ ਦੁਆ ਕੀਤੀ ਗਈ। ਕੰਜਕਾਂ ਅਤੇ ਸਾਧੂਆਂ ਨੂੰ ਭੋਜਨ ਛਕਾਇਆ ਗਿਆ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਨਾਮਵਰ ਕਲਾਕਾਰਾਂ, ਕੱਵਾਲ ਅਤੇ ਨੱਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਸਟੇਜ ਸਕੱਤਰ ਦੀ ਭੂਮਿਕਾ ਅਵਤਾਰ ਵਲੋਂ ਨਿਭਾਈ ਗਈ। ਗੱਦੀਨਸ਼ੀਨ ਬਾਪੂ ਚਰਨਦਾਸ ਅਤੇ ਸੇਵਾਦਾਰ ਬਾਬਾ ਜੀਤਾ ਵਲੋਂ ਸੰਤ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਬਾਪੂ ਚਰਨਦਾਸ, ਬਾਬਾ ਜੀਤਾ, ਬਾਬਾ ਧਰਮਪਾਲ, ਬਾਬਾ ਬਿੰਦਰ, ਸੰਤੋਖ ਰਾਮ, ਮੰਗਾ ਰਾਮ, ਨਵੀ, ਨੈਤਿਕ ਆਦਿ ਹਾਜ਼ਰ ਸਨ।

## ਵਿਸ਼ਵ ਫੇਫੜੇ ਦਿਵਸ ਮੌਕੇ ਜਾਗਰੂਕਤਾ ਸੈਮੀਨਾਰ

**ਫਗਵਾੜਾ (ਡਾ ਰਮਨ)** ਵਿਸ਼ਵ ਫੇਫੜੇ ਦਿਵਸ ਮੌਕੇ ਟੀਬੀ ਤੇ ਹੋਰ ਫੇਫੜਿਆਂ ਦੀਆਂ ਬਿਮਾਰੀਆਂ ਬਾਰੇ ਜਾਗਰੂਕਤਾ ਵਧਾਉਣ ਲਈ ਸਿਵਲ ਸਰਜਨ ਕਪੂਰਥਲਾ ਡਾ. ਸੰਜੀਵ ਭਗਤ ਦੇ ਹੁਕਮਾਂ ਅਤੇ ਜ਼ਿਲ੍ਹਾ ਟੀਬੀ ਅਫ਼ਸਰ ਡਾ ਮੀਨਾਕਸ਼ੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਹਸਪਤਾਲ ਫਗਵਾੜਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਿਮਰਦੀਪ ਕੌਰ ਦੀ ਯੋਗ ਰਹਿਨੁਮਾਈ ਹੇਠ ਸਿਵਲ ਹਸਪਤਾਲ ਫਗਵਾੜਾ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ। ਸੈਮੀਨਾਰ ਨੂੰ ਸੰਬੋਧਨ ਕਰਦਿਆ ਸੀਨੀਅਰ ਮੈਡੀਕਲ ਅਫ਼ਸਰ ਡਾ. ਸਿਮਰਦੀਪ ਕੌਰ ਨੇ ਦੱਸਿਆ ਕਿ ਸਰੀਰ ਨੂੰ ਅਕਸਰ ਸਾਹ ਚੜ੍ਹਨਾ, ਪੁਰਾਣੀ ਖੰਘ, ਘਰਘਰਾਹਟ, ਥਕਾਵਟ ਜਾਂ ਘੱਟ ਤਾਕਤ ਵਰਗੇ ਲੱਛਣ ਫੇਫੜਿਆਂ ਦੀ ਸਮੱਸਿਆ ਦਾ ਸੰਕੇਤ ਹਨ। ਸਿਵਲ ਹਸਪਤਾਲ ਦੇ ਮੈਡੀਕਲ ਸਪੈਸ਼ਲਿਸਟ ਡਾ ਦਰਸ਼ਨ ਬੱਧਨ ਨੇ ਕਿਹਾ ਕਿ ਵਿਸ਼ਵ ਫੇਫੜੇ ਦਿਵਸ ਵਿਅਕਤੀ ਦੀ ਸਮੁੱਚੀ ਤੰਦਰੁਸਤੀ 'ਚ ਸਿਹਤਮੰਦ ਫੇਫੜਿਆਂ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਦਾ ਹੈ। ਫੇਫੜਿਆਂ ਦੀਆਂ ਬਿਮਾਰੀਆਂ ਤੋਂ ਸ਼ੁਰੂਆਤੀ ਕਾਰਨ ਦਾ ਪਤਾ ਲਗਾ ਕੇ ਮਾਹਿਰ ਡਾਕਟਰਾਂ ਦੀ ਸਲਾਹ ਨਾਲ ਇਲਾਜ ਰਾਹੀਂ ਬਚਿਆ ਜਾ ਸਕਦਾ ਹੈ। ਇਸ ਮੌਕੇ ਟੀ ਬੀ ਵਿਭਾਗ ਦੇ ਐਸ ਟੀ ਐਲ ਐਸ ਰਾਜੇਸ਼ ਕੁਮਾਰ, ਆਤਮਾ ਰਾਮ ਟੀ ਬੀ ਐਚ ਬੀ, ਰਮਨਦੀਪ ਸਿੰਘ ਐੱਲ ਟੀ, ਹੈਡ ਨਰਸਿੰਗ ਸਿਸਟਰ ਰੀਟਾ ਮਸੀਹ ਤੋਂ ਇਲਾਵਾ ਨਰਸਿੰਗ ਸਟੂਡੈਂਟਸ ਮੋਜੂਦ ਸਨ।



## ਨੰਬਰਦਾਰ ਸੁਖਬੀਰ ਸਿੱਧੂ ਐੱਸ ਸੀ ਵਿੰਗ ਦੇ ਕੋਆਰਡੀਨੇਟਰ ਨਿਯੁਕਤ

**ਅਲਾਵਲਪੁਰ (ਮਦਨ ਬੰਗੜ)**- ਬੀਤੇ ਦਿਨ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਵੱਲੋਂ ਨੰਬਰਦਾਰ ਸੁਖਬੀਰ ਸਿੱਧੂ ਨੂੰ ਐੱਸ. ਸੀ. ਵਿੰਗ ਹਲਕਾ ਆਦਮਪੁਰ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਨੰਬਰਦਾਰ ਸੁਖਬੀਰ ਸਿੱਧੂ ਨੇ ਕੋਆਰਡੀਨੇਟਰ ਨਿਯੁਕਤ ਕਰਨ 'ਤੇ ਵਿਸ਼ੇਸ਼ ਤੌਰ 'ਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਸਰਕਾਰ ਅਤੇ ਹਲਕਾ ਆਦਮਪੁਰ ਦੇ ਇੰਚਾਰਜ ਪਵਨ ਕੁਮਾਰ ਟੀਨੂੰ ਦਾ ਧੰਨਵਾਦ ਕਰਦਿਆਂ ਨੰਬਰਦਾਰ ਸੁਖਬੀਰ ਸਿੱਧੂ ਨੇ ਕਿਹਾ ਪਾਰਟੀ ਨੇ ਜੋ ਜ਼ਿੰਮੇਵਾਰੀ ਮੈਨੂੰ ਸੌਂਪੀ ਹੈ, ਉਸ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ।





'ਆਪ' ਵਲੋਂ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅਧੀਨ ਨਸ਼ਾ ਮੁਕਤੀ ਮੋਰਚਾ ਦੇ ਆਦਮਪੁਰ ਤੋਂ ਕੁਆਰਡੀਨੇਟਰ ਦਲਜੀਤ ਸਿੰਘ ਮਿਨਹਾਸ ਦੀ ਅਗਵਾਈ ਹੇਠ ਪਿੰਡ ਖੋਜਕੀਪੁਰ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਦੌਰਾਨ ਨੌਜਵਾਨਾਂ ਤੇ ਪਿਡ ਵਾਸੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਤੋ ਜਾਣੂ ਕਰਵਾਇਆ ਗਿਆ। ਇਸ ਮੌਕੇ ਪੰਚਾਇਤ ਸੈਕਟਰੀ ਗੁਰਮੁੱਖ ਸਿੰਘ, ਪਰਦੀਪ ਸਿੰਘ ਜਸਪ੍ਰੀਤ ਸਿੰਘ ਸਰਪੰਚ, ਸਾਬਕਾ ਸਰਪੰਚ ਤੁਲਸੀ ਰਾਮ ਹੀਰ, ਗੁਰਦੇਵ ਕੌਰ ਸਾਬਕਾ ਸਰਪੰਚ, ਸਰਪੰਚ ਮਨਪ੍ਰੀਤ ਕੋਰ ਹੀਰ, ਪੰਚ ਪਰਮਜੀਤ ਕੋਰ, ਸੁਰਜੀਤ ਸਿੰਘ ਹੀਰ, ਮਨਜੀਤ ਸਿੰਘ, ਗੁਰਦਿਆਲ ਸਿੰਘ, ਹਰਬੰਸ ਸਿੰਘ, ਬੂਟਾ ਰਾਮ, ਲਖਵੀਰ ਸਿੰਘ, ਅਮਦੀਪ ਸਿੰਘ ਦੀਪਾ, ਅਮਨ ਆਦਿ ਹਾਜ਼ਰ ਸਨ।

( ਫੋਟੋ ਤੇ ਵੇਰਵਾ : ਪਰਮਜੀਤ ਸਿੰਘ, ਆਦਮਪੁਰ)


ਜਨਮ ਦਿਨ ਮੁਬਾਰਕ



ਦੀਪਤੀ ਸਿੰਗਲਾ, ਬਾਘਾ ਪੁਰਾਣਾ

ਵਰ੍ਹੇਗੰਢ ਮੁਬਾਰਕ



ਕੇਵਲ ਸਰੋਏ ਅਤੇ ਸੁਖਵਿੰਦਰ ਕੌਰ ਵਾਸੀ ਜਲੰਧਰ ਨੂੰ ਵਿਆਹ ਦੀ 19ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।


## ਪੰਡਤ ਸ਼ਰਧਾ ਰਾਮ ਫਿਲੌਰੀ ਦਾ ਜਨਮ ਦਿਵਸ ਮਨਾਇਆ

**ਫਿਲੌਰ (ਨਿਰਮਲ)**- ਵਿਸ਼ਵ ਪ੍ਰਸਿੱਧ 'ਓਮ ਜੈ ਜਗਦੀਸ਼ ਹਰੇ' ਆਰਤੀ ਦੇ ਰਚੇਤਾ ਪੰਡਿਤ ਸ਼ਰਧਾ ਰਾਮ ਫਿਲੌਰੀ ਦਾ 188ਵਾਂ ਜਨਮ ਦਿਵਸ ਉਨ੍ਹਾਂ ਦੇ ਜਨਮ ਸਥਾਨ ਪਾਸੀਆਂ ਚੌਂਕ ਫਿਲੌਰ ਵਿਖੇ ਰਾਧਾ ਕ੍ਰਿਸ਼ਨ ਤੇ ਪੰਡਿਤ ਸ਼ਰਧਾ ਰਾਮ ਫਿਲੌਰੀ ਮੰਦਰ ਵਿੱਚ ਇਸਤਰੀ ਸਭਾ, ਜੋ ਪਿਛਲੇ 40 ਸਾਲਾਂ ਤੋਂ ਇਸ ਮੰਦਰ ਦੀ ਸੇਵਾ ਕਰ ਰਹੀ ਹੈ, ਵੱਲੋਂ ਵੱਡੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਦਿਵਸ ਸਮਾਰੋਹ ਵਿੱਚ ਮੋਹਿੰਦਰ ਪਾਲ ਚੁੰਬਰ ਪ੍ਰਧਾਨ ਨਗਰ ਕੌਂਸਲ ਫਿਲੌਰ, ਡਾ. ਅਸ਼ਵਨੀ ਕੁਮਾਰ ਆਸ਼ੂ ਜਨਰਲ ਸੈਕਟਰੀ ਜ਼ਿਲ੍ਹਾ ਕਾਂਗਰਸ ਕਮੇਟੀ ਜਲੰਧਰ ਦਿਹਾਤੀ, ਰਾਜਾ ਅਟਵਾਲ, ਰਾਜੇਸ਼ ਰੌਕਸੀ ਕੌਂਸਲਰ, ਰਾਕੇਸ਼ ਕਾਲੀਆ ਕੌਂਸਲਰ, ਪਰਮਜੀਤ ਭਾਰਤੀ, ਲਖਵਿੰਦਰ ਲੱਖੂ, ਮੁਕੇਸ਼ ਗੋਰੀ ਗਾਬਾ, ਅਮਿਤ ਪ੍ਰੁੰਮਾ, ਹਰਭਜਨ ਲੱਕੀ, ਪੀਯੂਸ਼, ਡਾ. ਯੂਵੀ ਖੋਸਲਾ, ਵਿਨੋਦ ਬੱਸਨ, ਰਾਜੇਸ਼ ਪੰਡਿਤ, ਵਰੁਣ ਸਮੇਤ ਸ਼ਹਿਰ ਦੇ ਪਤਵੰਤੇ ਸਜਣਾਂ ਨੇ ਹਾਜ਼ਰੀ ਭਰੀ। ਇਸਤਰੀ ਸਭਾ ਵੱਲੋਂ ਪ੍ਰਧਾਨ ਸੁਮਨ ਸ਼ਰਮਾ, ਕੁਸੁਮ ਸ਼ਰਮਾ, ਸ਼ੰਕੁਤਲਾ ਦੇਵੀ, ਪ੍ਰਕਾਸ਼ ਪਾਸੀ, ਰਮੇਸ਼ ਸ਼ਰਮਾ, ਦਰਸ਼ਨਾ, ਤ੍ਰਿਪਤਾ ਸ਼ਰਮਾ, ਸੁਸ਼ਮਾ ਪਾਸੀ, ਸੰਗੀਤਾ ਪਾਸੀ, ਰੇਣੁਕਾ ਪਾਸੀ, ਸੋਨੀਆ ਪਾਸੀ ਆਦਿ ਨੇ ਵੀ ਸਮਾਗਮ ਵਿੱਚ ਭਾਗ ਲਿਆ। ਇਸ ਮੌਕੇ ਸਾਰੇ ਆਏ ਹੋਏ ਮਹਿਮਾਨਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਡਾ. ਅਸ਼ਵਨੀ ਕੁਮਾਰ ਆਸ਼ੂ ਨੇ ਕਿਹਾ ਕਿ ਪੰਡਿਤ ਸ਼ਰਧਾ ਰਾਮ ਫਿਲੌਰੀ ਨੇ ਸਿਰਫ 'ਓਮ ਜੈ ਜਗਦੀਸ਼ ਹਰੇ' ਦੀ ਆਰਤੀ ਹੀ ਨਹੀਂ ਲਿਖੀ, ਬਲਕਿ ਕਈ ਧਾਰਮਿਕ ਕਿਤਾਬਾਂ ਅਤੇ ਨਾਵਲ ਵੀ ਲਿਖੇ। ਉਨ੍ਹਾਂ ਦਾ ਰਚਿਆ ਪ੍ਰਸਿੱਧ ਨਾਵਲ 'ਭਾਗਯਵਤੀ' ਉਸ ਸਮੇਂ ਬਹੁਤ ਲੋਕਪ੍ਰਿਯ ਹੋਇਆ ਸੀ। ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਜੋ ਅਸੀਂ ਫਿਲੌਰ ਦੀ ਪਵਿਤਰ ਧਰਤੀ 'ਤੇ ਜਨਮ ਲਿਆ ਹੈ ਅਤੇ ਹਰ ਸਾਲ ਇਸੇ ਤਰ੍ਹਾਂ ਪੰਡਿਤ ਜੀ ਦੀ ਯਾਦ ਨੂੰ ਤਾਜ਼ਾ ਕੀਤਾ ਜਾਵੇਗਾ।



## ਸੀ ਟੀ ਗਰੁੱਪ ਵਿਖੇ ਰਾਸ਼ਟਰੀ ਹੈਕਾਥੌਨ ਸਮਾਗਮ ਦਾ ਆਯੋਜਨ ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)**- ਸੀਟੀ ਗਰੁੱਪ ਆਫ ਇੰਸਟੀਚਿਊਸ਼ਨਜ਼, ਸ਼ਾਹਪੁਰ ਕੈਂਪਸ ਦੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵੱਲੋਂ 24 ਘੰਟਿਆਂ ਦਾ ਪਹਿਲਾ ਰਾਸ਼ਟਰੀ-ਪੱਧਰੀ ਹੈਕਾਥੌਨ ਬਾਈਟਵਰਸ 1.0 ਦਾ ਸਫਲਤਾਪੂਰਕ ਆਯੋਜਿਤ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਦੇਸ਼ ਭਰ ਦੇ ਨੌਜਵਾਨ ਤਕਨੀਕੀ ਉਤਸ਼ਾਹੀ ਵਿਦਿਆਰਥੀਆਂ ਵਿੱਚ ਨਵਾਅਵਲੰਬਣ, ਰਚਨਾਤਮਕਤਾ ਅਤੇ ਤਕਨੀਕੀ ਕੁਸ਼ਲਤਾ ਨੂੰ ਉਤਸ਼ਾਹਿਤ ਕਰਨਾ ਸੀ।ਹੈਕਾਥੌਨ ਵਿੱਚ ਆਈ ਆਈ ਟੀ ਰੁੜਕੀ, ਚੰਡੀਗੜ੍ਹ ਯੂਨੀਵਰਸਿਟੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਸੀ ਜੀ ਸੀ ਯੂਨੀਵਰਸਿਟੀ, ਤੇ ਲਾਇਲਪੁਰ ਖਾਲਸਾ ਟੈਕਨੀਕਲ ਕੈਂਪਸ ਆਦਿ ਦੇ ਵਿਦਿਆਰਥੀਆਂ ਨੇ ਭਰਪੂਰ ਜੋਸ਼ ਨਾਲ ਭਾਗ ਲਿਆ। ਇਸ ਮੁਕਾਬਲੇ ਦੀ ਸ਼ੁਰੂਆਤ ਆਡੀਟੋਰੀਅਮ ਵਿੱਚ ਉਤਸ਼ਾਹ ਨਾਲ ਹੋਈ, ਜਿਸ ਤੋਂ ਬਾਅਦ ਲਗਾਤਾਰ ਕੋਡਿੰਗ, ਮੈਨਟਰਿੰਗ ਅਤੇ ਮੁਲਾਂਕਣ ਕੀਤੇ।ਵਿਦਿਆਰਥੀਆਂ ਨੇ ਸਾਈਬਰ ਸੁਰੱਖਿਆ,ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ, ਓਪਨ ਇਨੋਵੇਸ਼ਨ, ਤੇ ਯੂ ਆਈ /ਯੂ ਏਕਸ ਡਿਜ਼ਾਈਨ ਵਰਗੇ ਖੇਤਰਾਂ ਵਿੱਚ ਨਵੀਨਤਮ ਹੱਲ ਪੇਸ਼ ਕੀਤੇ। ਭਾਗੀਦਾਰਾਂ ਨੇ ਮਜ਼ੇਦਾਰ ਗਤੀਵਿਧੀਆਂ ਵਿੱਚ ਵੀ ਹਿੱਸਾ ਲਿਆ ਅਤੇ ਇੱਕ ਉੱਚ-ਊਰਜਾ ਵਾਲੀ ਡੀਜੇ ਨਾਈਟ ਦਾ ਆਨੰਦ ਮਾਣਿਆ, ਜਿਸ ਨੇ ਰਾਤ ਭਰ ਦੇ ਹੈਕਾਥੌਨ ਵਿੱਚ ਜੀਵੰਤਤਾ ਅਤੇ ਉਤਸ਼ਾਹ ਜੋੜਿਆ। ਪ੍ਰੋਗਰਾਮ ਦੇ ਆਖਿਰ ਵਿੱਚ ਮੁਲਾਂਕਣ ਅਤੇ ਇਨਾਮ ਵੰਡ ਸਮਾਰੋਹ ਹੋਇਆ। ਜਿਸ ਵਿੱਚ ਪਹਿਲਾ ਸਥਾਨ ਚੰਡੀਗੜ੍ਹ ਯੂਨੀਵਰਸਿਟੀ ਦੀ ਟੀਮ ਬਾਈਟਵਰਸ (ਦਿਵਯਾਂਸ਼, ਅਥਰਵਨ, ਦੀਪਾਂਸ਼ੂ, ਆਯੁਸ਼,ਜਯੇਸ਼) ਨੇ ਜਿੱਤਿਆ। ਦੂਜਾ ਸਥਾਨ ਲਾਇਲਪੁਰ ਖਾਲਸਾ ਟੈਕਨੀਕਲ ਕੈਂਪਸ ਦੀ ਟੀਮ ਕੂਕ ਨੂੰ ਮਿਲਿਆ। ਤੀਜਾ ਸਥਾਨ ਸੀਜੀਸੀ ਯੂਨੀਵਰਸਿਟੀ ਦੀ ਟੀਮ ਐਰੋਸਪਾਰਕ ਨੂੰ ਹਾਸਲ ਹੋਇਆ। ਇਸ ਮੁਕਾਬਲੇ ਦੇ ਖਾਸ ਥੀਮ ਇਨਾਮਾਂ ਵਿੱਚ ਟੀਮ ਸ਼ਿੰਚਨ (ਆਈ ਕੇ ਜੀ ਪੀ ਟੀ ਯੂ)—ਵਧੀਆ ਯੂਆਈ/ਯੂਐਕਸ ਡਿਜ਼ਾਈਨ, ਟੀਮ ਔਰਾ (ਚੰਡੀਗੜ੍ਹ ਯੂਨੀਵਰਸਿਟੀ)—ਏ.ਆਈ.ਐਮ.ਐਲ. ਦੇ ਵਧੀਆ ਉਪਯੋਗ ਲਈ, ਟੀਮ ਰੌਕਸ (ਐਲ ਪੀ ਯੂ )— ਸੋਸ਼ਲ ਇੰਪੈਕਟ ਅਵਾਰਡ, ਟੀਮ ਐਸਟਰਾਏਕਸ (ਸੀ ਟੀ ਆਈ ਈ ਐਮ ਟੀ)—ਸਭ ਤੋਂ ਨਵੀਂ ਸੋਚ ਲਈ ਇਨਾਮ ਮਿਲਿਆ।ਹੈਕਾਥੌਨ ਵਿੱਚ ਹਿੱਸਾ ਲੈਣ ਵਾਲੀਆਂ 10 ਟੀਮਾਂ ਨੂੰ ਵੀ ਸਨਮਾਨਤ ਕੀਤਾ ਗਿਆ, ਜਿਨ੍ਹਾਂ ਦੇ ਨਵੀਨਤਮ ਵਿਚਾਰ ਨੇ ਇਸ ਪ੍ਰੋਗਰਾਮ ਦੀ ਪ੍ਰਤੀਸਪਰਧਾ ਅਤੇ ਗਤੀਸ਼ੀਲਤਾ ਨੂੰ ਨਵਾਂ ਰੂਪ ਦਿੱਤਾ।ਸੀਟੀ ਗਰੁੱਪ ਸ਼ਾਹਪੁਰ ਕੈਂਪਸ ਦੇ ਉਪ-ਚੇਅਰਮੈਨ ਹਰਪ੍ਰੀਤ ਸਿੰਘ ਨੇ ਸਾਰੇ ਜੇਤੂਆਂ ਅਤੇ ਆਯੋਜਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਜਿਹੇ ਸਮਾਗਮ ਸੰਸਥਾ ਦੀ ਨਵੀਂ ਸੋਚ, ਹੁਨਰ ਵਿਕਾਸ ਅਤੇ ਅਨੁਭਵੀ ਸਿੱਖਿਆ ਪ੍ਰਤੀ ਪੱਕੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

